# ਇਕ ਪਿੰਡ ਮੇਰਾ ਵੀ

## ਪੇਂਡੂ ਪੰਜਾਬ ਵਿਚ ਸਮਾਜ-ਵਿਗਿਆਨਕ ਖੋਜ

# ਇਕ ਪਿੰਡ ਮੇਰਾ ਵੀ

## ਪੇਂਡੂ ਪੰਜਾਬ ਵਿਚ ਸਮਾਜ-ਵਿਗਿਆਨਕ ਖੋਜ

ਡਾ. ਜਤਿੰਦਰ ਕੌਰ

**Ik Pind Mera Vee**

**Pendu Panjab Vich Samaj-Vigianak Khoj**

*by*

**Dr. Jatinder Kaur**
Mob. No. 9814279663
Gazal12@rediffmail.com

2007
Published by Lokgeet Parkashan
S.C.O. 26-27, Sector 34 A, Chandigarh-160022
Ph.0172-5077427, 5077428
Punjabi Bhawan Ludhiana, 98154-71219
*visit us at : www.unistarbooks.com*
*email:info@unistarbooks.com*
*email:sales@unistarbooks.com*
*email:editorial@unistarbooks.com*
Type Setting & Design PCIS
Printed & bound at Jai Offset Printers, Chandigarh
Ph:0172-2640382

© *2007*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

ਚੰਨ, ਸੂਰਜ ਅਤੇ ਤਾਰਿਆਂ ਭਰੇ

ਆਪਣੇ ਅਸਮਾਨ

ਗੁਰਦੀਪ ਸਿੰਘ ਨੂੰ....

ਤੇ ਪਿੰਡ ਕਰਹਾਲੀ ਵਿਖੇ ਕੀਤੇ ਆਪਣੇ ਫੀਲਡ ਵਰਕ

ਦੇ ਸੂਖਮ ਅਤੇ ਸਥੂਲ ਅਨੁਭਵ ਨੂੰ

# ਬਾਰ੍ਹਾਂ ਵਰ੍ਹੇ

ਬਾਰ੍ਹਾਂ ਵਰ੍ਹੇ ਹਾਂ ਪੂਰੇ ਬਾਰ੍ਹਾਂ ਵਰ੍ਹੇ ਹੋ ਗਏ ਨੇ ਸਮਾਜ ਸ਼ਾਸਤਰ ਨਾਲ ਜਾਣ ਪਛਾਣ ਹੋਇਆਂ। ਏਨੇ ਵਰ੍ਹੇ...ਸੋਚ ਕੇ ਧੜਕਣ ਰੁਕ ਜਿਹੀ ਜਾਂਦੀ ਹੈ ਜਦੋਂ ਆਪਣੇ ਆਪ ਨੂੰ ਹਾਰੇ ਜਿਹੇ ਅਨੁਭਵ ਕਰੀਦਾ ਹੈ। 'ਵੇਅਰ ਇਜ਼ ਦ ਨੌਲੇਜ ਵੀ ਹੈਵ ਲੌਸਟ ਇਨ ਇਨਫਰਮੇਸ਼ਨ', ਟੀ. ਐਸ. ਈਲੀਅਟ ਦੇ ਇਨ੍ਹਾਂ ਬੋਲਾਂ ਦੀ ਚੋਟ ਸਿਰ ਨੂੰ ਸੁੰਨ ਜਿਹਾ ਕਰ ਦਿੰਦੀ ਹੈ। ਜਾਣਕਾਰੀ ਅਤੇ ਸਿਰਫ਼ ਜਾਣਕਾਰੀ...। ਹਾਰ ਦਾ ਤੀਖਣ ਜਿਹਾ ਅਹਿਸਾਸ....। ਇਸ ਅਹਿਸਾਸ ਦੇ ਪ੍ਰਗਟਾਵੇ ਲਈ ਕੋਈ ਤਸ਼ਬੀਹ ਵੀ ਨਹੀਂ ਜੁੜਦੀ। ਮੁਸਾਫਿਰ.....ਜਿਸਦੀ ਗੱਠੜੀ ਸਫਰ ਵਿਚ ਗੁਆਚ ਜਾਵੇ...ਨਹੀਂ ਗੱਠੜੀ ਤਾਂ ਸੀ ਹੀ ਨਹੀਂ ਹੱਥ ਵਿਚ। ਘਰੋਂ ਤਾਂ ਖਾਲੀ ਹੀ ਤੁਰੇ ਸਾਂ। ਕਿਹੋ ਜਿਹੀ ਹਾਰ ਹੈ ਇਹ ? ਕਿਸ ਤੋਂ ਹਾਰ ਖਾਧੀ ਹੈ ਅਸੀਂ ? ਗਿੱਧੇ ਵਿਚ ਬੋਲੀ ਪਾਉਂਦਿਆਂ, 'ਬਾਰ੍ਹੀਂ ਬਰਸੀਂ ਖੱਟਣ ਗਿਆ ਸੀ' ਕਹਿਣ ਤੋਂ ਮਗਰੋਂ ਸਮਾਜ ਦੇ ਫਾਡੀ ਤੋਂ ਫਾਡੀ ਪਾਤਰ ਦੀ ਵੀ ਕੋਈ ਨਾ ਕੋਈ ਪ੍ਰਾਪਤੀ ਦਰਸਾਈ ਜਾਂਦੀ ਹੈ, ਚਾਹੇ ਇਹ ਪ੍ਰਾਪਤੀ ਲੂਣ ਦੀ ਡਲੀ ਹੀ ਕਿਉਂ ਨਾ ਹੋਵੇ। ਪਰ ਸਾਡੀ ਪ੍ਰਾਪਤੀ ਕੀ ਹੈ ? ਇਮਪੋਰਟਿਡ ਥਿਊਰੀਆਂ ਦਾ ਮਸਨੂਈ ਜਿਹਾ ਚਾਰਾ। ਇਹ ਚਾਰਾ ਅੱਖਾਂ ਨੂੰ ਬੜਾ ਸੁਖਦ ਲੱਗਦਾ ਹੈ ਪਰ ਮਨ ਨੂੰ ਰੱਜ ਨਹੀਂ ਦੇਂਦਾ। ਇਸ ਚਾਰੇ ਦੀ ਜੁਗਾਲੀ ਕਰਦਿਆਂ ਕਿਹੋ ਜਿਹੀ ਪ੍ਰਾਪਤੀ ਦੀ ਆਸ ਕਰ ਸਕਦੇ ਹਾਂ। ਕਿਵੇਂ ਕਿਵੇਂ ਲੁੱਟੇ ਜਾ ਰਹੇ ਹਾਂ ਅਸੀਂ। ਦੇਸੀਂ ਅਨੁਭਵਾਂ ਤੇ ਵੀ ਲਿਸ਼ਕਵੇਂ ਵਿਦੇਸ਼ੀ ਲੇਬਲ ਲਾ ਲਾ ਕੇ ਆਪਣੀ ਖੋਜ ਨੂੰ ਦੁਨੀਆਂ ਦੀ ਮੰਡੀ ਵਿਚ ਵਿਕਣ ਯੋਗ ਬਣਾਉਣ ਦੀ ਹੋੜ ਵਿਚ ਲੱਗੇ ਰਹਿੰਦੇ ਹਾਂ। ਆਪਣੇ ਨਿੱਜੀ ਅਨੁਭਵਾਂ ਤੇ ਸ਼ਾਇਦ ਆਪ ਹੀ ਹੱਕ ਜਤਾਣਾ ਭੁੱਲ ਗਏ ਹਾਂ। ਤਾਂ ਹੀ ਇਨ੍ਹਾਂ ਅਨੁਭਵਾਂ ਨੂੰ ਖਾਦ ਬਣਾਉਣਾ ਗਵਾਰਾ ਕਰ ਲੈਂਦੇ ਹਾਂ। ਅਸੀਂ ਕਿਉਂ ਚੁੱਪ ਹਾਂ ? ਰੌਲਾ ਕਿਉਂ ਨਹੀਂ ਪਾਉਂਦੇ ਅਸੀਂ ? ਕੀ ਕਰ ਰਹੇ ਹਾਂ ਅਸੀਂ ? ਕੌਣ ਹਾਂ ਅਸੀਂ ? ਪਤਾ ਨਹੀਂ ਲਗ ਰਿਹਾ। ਸਿਤਮ ਇਹ ਹੈ ਕਿ ਇਲਮ ਦੀ ਇਸ ਤੇਜ਼ਾਬੀ ਬਾਰਸ਼ ਨੂੰ ਸਹਿ ਸਹਿ ਕੇ ਹੁਣ ਇਸਨੂੰ ਮਾਣਨ ਵੀ ਲੱਗ ਪਹੇ ਹਾਂ।

ਮੈਂ ਅਜੇ ਵੀ ਬੇਆਸ ਨਹੀਂ ਹਾਂ। ਮੈਂ ਜਾਣਦੀ ਹਾਂ ਕਿ ਅਸੀਂ ਅਵੇਸਲੇ ਜ਼ਰੂਰ ਹਾਂ ਪਰ ਉੱਕਾ ਹੀ ਅਣਜਾਣ ਵੀ ਨਹੀਂ। ਇਹ ਠੀਕ ਹੈ ਕਿ ਉਧਾਰੇ ਸੰਕਲਪਾਂ ਦੀ ਇਸ ਤੇਜ਼ਾਬੀ ਫੁਹਾਰ ਵਿਚ ਅਸੀਂ ਪੈਲਾਂ ਵੀ ਪਾਉਂਦੇ ਹਾਂ ਕਦੀ ਕਦੀ। ਪਰ ਅਚੇਤ ਰੂਪ

ਵਿਚ ਅਸੀਂ ਸਮਝ ਚੁਕੇ ਹਾਂ ਕਿ ਸਾਡੇ ਪੈਰ ਕਰੂਪ ਹਨ। ਕਰੂਪ ਹੀ ਨਹੀਂ ਉਧਾਰੇ ਵੀ ਹਨ। ਪਰ ਆਪਣੀ ਇਹ ਤਕਦੀਰ ਅਸੀਂ ਆਪ ਹੀ ਤਾਂ ਬਣਾਈ ਹੈ।

ਸਮਾਜ ਵਿਗਿਆਨ ਦੀ ਪੜ੍ਹਾਈ ਦੇ ਬਾਰ੍ਹਾਂ ਵਰ੍ਹਿਆਂ ਦਾ ਲੇਖਾ ਜੋਖਾ ? ਬਾਰ੍ਹੀਂ ਬਰਸੀਂ ਖੱਟਣ ਗਿਆ ਸੀ, ਖੱਟ ਕੇ ਕੀ ਲਿਆਇਆ......ਖੱਟ ਕੇ ਕੀ ਲਿਆਇਆ...?...? ਸੋਚ ਸੋਚ ਕੇ ਸੋਚ ਵੀ ਹੰਭ ਰਹੀ ਹੈ। ਪ੍ਰਸ਼ਨ ਹਵਾ ਵਿਚ ਲਟਕ ਰਿਹਾ ਹੈ....ਪਰਛਾਵੇਂ ਗੂੜ੍ਹੇ ਹੋ ਰਹੇ ਹਨ......। ਇਸ ਤੋਂ ਪਹਿਲਾਂ ਕਿ ਹਨੇਰੇ ਵਿੱਚ ਲਟਕਦਾ ਇਹ ਪ੍ਰਸ਼ਨ ਇਕ ਸਦੀਵੀ ਸਵਾਲੀਆ ਚਿੰਨ੍ਹ ਬਣ ਜਾਵੇ, ਮੈਂ ਚਾਰ੍ਹੇ ਕੰਨੀਆਂ ਫੋਲ ਕੇ ਲੱਭ ਰਹੀ ਹਾਂ, ਕੁਝ ਤਾਂ ਦੱਸਾਂ। ਮੇਰੀ ਬਾਰ੍ਹਾਂ ਵਰ੍ਹਿਆਂ ਦੀ ਕੁਲ ਪ੍ਰਾਪਤੀ ਖੋਜ ਪ੍ਰਬੰਧ ਲਿਖਣ ਲਈ ਕੀਤੇ ਗਏ ਫੀਲਡ ਵਰਕ ਦੇ ਕੁਝ ਕੁ ਅਨੁਭਵ ਹਨ। ਇਹ ਅਨੁਭਵ ਮੈਂ ਇਥੇ ਲਿਪੀਬੱਧ ਕਰ ਰਹੀ ਹਾਂ।

# ਅਨੁਭਵ ਦਾ ਵਰਦਾਨ

ਸਮਾਜ ਵਿਗਿਆਨ ਅਤੇ ਸਮਾਜਕ ਮਾਨਵ ਵਿਗਿਆਨ ਦੇ ਖੇਤਰ ਵਿਚ 'ਪੇਂਡੂ ਪੰਜਾਬ ਦੇ ਜੱਟ ਕਿਰਸਾਨਾਂ ਦੇ ਰੋਗ ਅਤੇ ਰੋਗ-ਨਿਵਾਰਣ ਸੰਬੰਧੀ ਸੰਕਲਪ' ਵਿਸ਼ੇ ਤੇ ਆਪਣੀ ਖੋਜ ਲਈ ਲੋੜੀਂਦੀ ਖੋਜ ਸਮੱਗਰੀ ਇਕੱਤਰ ਕਰਨ ਲਈ ਮੈਂ ਪੰਜਾਬ ਦੇ ਕੁਝ ਪਿੰਡਾਂ ਵਿਚ ਫੀਲਡ ਵਰਕ ਕੀਤਾ। 1989-1993 ਅਤੇ ਫੇਰ 1999 ਅਤੇ ਇਸ ਤੋਂ ਮਗਰੋਂ ਕੀਤੇ ਫੀਲਡ ਵਰਕ ਨੇ ਮੈਨੂੰ ਮੇਰੇ ਵਿਸ਼ੇ ਨਾਲ ਸੰਬੰਧਤ ਬੜੀ ਅਮੀਰ ਸਮੱਗਰੀ ਦਿੱਤੀ, ਜਿਸ ਵਿਚੋਂ ਮੈਂ ਆਪਣੀ ਖੋਜ, ਕਿ ਰੋਗ ਇਕ ਅਜਿਹਾ ਵਰਤਾਰਾ ਹੈ ਜੋ ਇਕੋ ਸਮੇਂ ਕੁਦਰਤ, ਰੱਬ ਅਤੇ ਸਮਾਜ ਨਾਲ ਸੰਬੰਧਤ ਹੈ, ਦਾ ਮੂੰਹ ਮੱਥਾ ਸਹਿਜੇ ਹੀ ਉਘਾੜ ਲਿਆ।

ਮੈਂ ਬੜੀ ਸ਼ਿਦਤ ਨਾਲ ਬਹੁਤ ਸਮਾਂ ਇਹ ਮਹਿਸੂਸ ਕਰਦੀ ਰਹੀ ਹਾਂ ਕਿ ਇਸ ਫੀਲਡ ਵਰਕ ਵਿਚ ਮੇਰੀ ਸ਼ਮੂਲੀਅਤ ਦੇ ਰੂਪ ਵਿਚ ਮੇਰਾ ਨਿਵੇਸ਼ ਥੀਸਿਸ ਦੀਆਂ ਜ਼ਰੂਰਤਾਂ ਤੋਂ ਕਿਤੇ ਵਧੇਰੇ ਸੀ। ਸ਼ਾਇਦ ਇਹੋ ਕਾਰਨ ਹੈ ਕਿ ਇਸ ਵਾਫ਼ਰ ਨਿਵੇਸ਼ ਨੇ ਮੈਨੂੰ ਅਜਿਹਾ ਠਿੱਗਰ ਅਨੁਭਵ ਪ੍ਰਦਾਨ ਕੀਤਾ ਹੈ ਜਿਸ ਨੂੰ ਮੈਂ ਅੱਜ ਵੀ ਆਪਣੀ ਰੂਹ ਵਿਚ ਰਲਿਆ ਮਹਿਸੂਸ ਕਰਦੀ ਹਾਂ। ਮੈਨੂੰ ਇਹ ਕਹਿਣ ਵਿਚ ਬੜਾ ਮਾਣ ਮਹਿਸੂਸ ਹੋ ਰਿਹਾ ਹੈ ਕਿ ਮੇਰੇ ਤੁੱਛ ਜਿਹੇ ਨਿਵੇਸ਼ ਦੇ ਬਦਲੇ ਮੈਨੂੰ ਬੜਾ ਵੱਡਾ ਵਰਦਾਨ ਮਿਲਿਆ ਹੈ-ਅਨੁਭਵ ਦਾ ਵਰਦਾਨ।

ਇਸ ਅਨੁਭਵ ਦੀ ਅਮੀਰੀ ਦਿਨੋ ਦਿਨ ਮੇਰੀ ਸ਼ਖ਼ਸੀਅਤ ਵਿਚ ਰੱਲਗੱਡ ਹੁੰਦੀ ਜਾ ਰਹੀ ਹੈ। ਇਸ ਤੋਂ ਪਹਿਲਾਂ ਕਿ ਇਹ ਅਨੁਭਵ ਮੇਰੀ ਸ਼ਖ਼ਸੀਅਤ ਵਿਚ ਪੂਰੀ ਤਰ੍ਹਾਂ ਸਮਾ ਜਾਵੇ, ਮੈਂ ਇਸ ਨੂੰ ਨਿਖੇੜ ਕੇ ਇਸ ਦੇ ਕੁਝ ਕੁ ਪਹਿਲੂ ਉਜਾਗਰ ਕਰਨ ਦਾ ਇਹ ਅਵਸਰ ਲੈ ਰਹੀ ਹਾਂ, ਤਾਂ ਕਿ ਸਨਦ ਰਹੇ।

ਹੱਥਲੀ ਪੁਸਤਕ ਸਮਾਜ ਵਿਗਿਆਨ ਅਤੇ ਸਮਾਜਕ ਮਾਨਵ ਵਿਗਿਆਨ ਵਿਚ ਖੋਜ ਕਰ ਰਹੇ ਵਿਦਿਆਰਥੀਆਂ ਨੂੰ ਕੁਝ ਸੇਧ ਦੇ ਸਕੇ, ਇਸ ਲਈ ਮੈਂ ਸੁਚੇਤ ਪੱਧਰ ਤੇ ਕੋਈ ਕੋਸ਼ਿਸ਼ ਨਹੀਂ ਕੀਤੀ। ਇਸ ਸੰਬੰਧੀ ਬਹੁਤ ਸਾਰੀਆਂ ਪਾਠ ਪੁਸਤਕਾਂ ਮੌਜੂਦ ਹਨ। ਪਰ ਮੇਰਾ ਪੂਰਨ ਵਿਸ਼ਵਾਸ ਹੈ ਕਿ ਇਹ ਪੁਸਤਕ ਉਕਤ ਵਿਸ਼ੇ ਵਿਚ ਖੋਜ ਕਰਨ ਵਾਲੇ ਵਿਦਿਆਰਥੀਆਂ ਅਤੇ ਪੰਜਾਬੀ ਸਭਿਆਚਾਰ ਨਾਲ ਕਿਸੇ ਵੀ ਤਰ੍ਹਾਂ ਸੰਬੰਧਤ ਪਾਠਕਾਂ ਲਈ ਰੋਚਕ ਅਤੇ ਲਾਹੇਵੰਦ ਹੋਵੇਗੀ।

ਜਿਵੇਂ ਮੈਂ ਪਹਿਲਾਂ ਦਸ ਆਈ ਹਾਂ ਕਿ ਮੇਰਾ ਥੀਸਿਸ ਰੋਗ ਦੇ ਕੁਦਰਤ, ਰੱਬ ਅਤੇ ਸਮਾਜ ਨਾਲ ਸੰਬੰਧ ਤੇ ਅਧਾਰਿਤ ਹੈ ਤੇ ਹੱਥਲੀ ਪੁਸਤਕ ਇਸ ਵਿਸ਼ੇ ਦੇ ਕੁਝ ਨਾਜ਼ਕ ਪਹਿਲੂਆਂ ਜਿਵੇਂ ਕਿ ਧਰਮ ਅਤੇ ਰੋਗ ਨੂੰ ਛੂੰਹਦੀ ਹੈ।

ਡਾ. ਜਤਿੰਦਰ ਕੌਰ

# ਬੁੱਝ ਮੇਰੀ ਮੁੱਠੀ ਵਿਚ ਕੀ
# ਪੁਸਤਕ ਬਾਰੇ

ਕਿਸੇ ਵਰਤਾਰੇ ਵਿਚ ਡੂੰਘਾ ਡੁੱਬ ਜਾਣ ਦਾ ਅਨੁਭਵ, ਉਦਾਸੀ ਵਰਗਾ ਅਨੁਭਵ ਹੈ, ਸਮਾਧੀ ਦਾ, ਸਫਰ ਦਾ। ਬਿਆਨ ਤੋਂ ਬਾਹਰ ਹੈ ਇਹ ਅਨੁਭਵ। ਮੈਂ ਜਾਣਦੀ ਹਾਂ ਕਿ ਉਦਾਸੀ ਦੀ ਤਰਜਮਾਨੀ ਸਫ਼ਰਨਾਮੇ ਵਿਚ ਨਹੀਂ ਹੋ ਸਕਦੀ। ਵਰਤਾਰੇ ਦੇ ਮੇਰੇ ਤਕ ਅਤੇ ਮੇਰੇ ਤੋਂ ਮੇਰੀ ਕਲਮ ਤੱਕ ਪਹੁੰਚਣ ਦਾ ਸਫ਼ਰ ਲੰਮਾ ਹੈ। ਜੋਖਮ ਭਰਿਆ ਹੈ ਇਹ ਰਸਤਾ। ਅਨੁਭਵ ਵਿਚ ਕਲਪਨਾ ਦੇ ਰਲ ਜਾਣ ਦਾ ਡਰ ਹੈ। ਅਨੁਭਵ ਦੇ ਅੱਖਰਾਂ ਵਿਚ ਅਨੁਵਾਦ ਹੋਣ ਤੋਂ ਇਨਕਾਰੀ ਹੋ ਜਾਣ ਦਾ ਖਤਰਾ ਹੈ। ਇਸ ਪਹਿਲੇ ਖਦਸ਼ੇ ਬਾਰੇ ਗੱਲ ਕਰਦਿਆਂ ਇਕ ਵਿਦਵਾਨ ਪ੍ਰੋਫੈਸਰ ਸਾਹਿਬ ਜਿੰਨ੍ਹਾਂ ਦਾ ਨਾਂ ਮੈਂ ਇਥੇ ਲਿਖਣਾ ਯੋਗ ਨਹੀਂ ਸਮਝਦੀ, ਦੀ ਯਾਦ ਆ ਰਹੀ ਹੈ। ਮੈਂ ਸਮਾਜ ਵਿਗਿਆਨ ਵਿਚ ਐਮ. ਏ. ਇਕ ਪ੍ਰਾਈਵੇਟ ਵਿਦਿਆਰਥੀ ਦੇ ਤੌਰ ਤੇ ਕੀਤੀ ਸੀ। 'ਅੱਗੋਂ ਪੜ੍ਹਨਾ' ਚਾਹੁੰਦੀ ਸਾਂ। ਵਿਭਾਗ ਵਿਚ ਕਿਸੇ ਨਾਲ ਜਾਣ ਪਛਾਣ ਨਹੀਂ ਸੀ। ਸਾਡੇ ਇਕ ਰਿਸ਼ਤੇਦਾਰ ਨੇ ਵਿਭਾਗ ਦੇ ਉਕਤ ਵਿਦਵਾਨ ਪ੍ਰੋਫੈਸਰ ਸਾਹਿਬ ਨਾਲ ਮੇਰੀ ਜਾਣ ਪਛਾਣ ਕਰਵਾਈ। ਉਸਨੇ ਪ੍ਰੋਫੈਸਰ ਸਾਹਿਬ ਨੂੰ ਮੇਰੇ ਐਮ. ਏ. ਦੇ ਨੰਬਰ ਦੱਸਦਿਆਂ ਇਹ ਵੀ ਦੱਸ ਦਿੱਤਾ ਕਿ ਮੈਂ ਕਵਿਤਾਵਾਂ ਲਿਖਦੀ ਹਾਂ। ਮੈਰਿਟ ਤਾਂ ਚਲੋ ਠੀਕ ਸੀ, ਪਰ ਦੂਜੀ ਤਾਰੀਫ਼ ਤੇ ਪ੍ਰੋਫੈਸਰ ਸਾਹਿਬ ਨੂੰ ਇਤਰਾਜ਼ ਹੋਇਆ। ਉਹ ਵਿਅੰਗ ਨਾਲ ਕਹਿਣ ਲੱਗੇ, "ਕਲਪਨਾਸ਼ੀਲ ਬੰਦਿਆਂ ਤੋਂ ਸਮਾਜ ਵਿਗਿਆਨਕ ਖੋਜ ਨੂੰ ਖਤਰਾ ਹੁੰਦਾ ਹੈ।" ਅੱਜ ਇਨ੍ਹਾਂ ਅਨੁਭਵਾਂ ਨੂੰ ਲਿਪੀਬੱਧ ਕਰਦਿਆਂ ਮੈਂ ਤਸਦੀਕ ਕਰਦੀ ਹਾਂ ਕਿ ਮੇਰੇ ਅਨੁਭਵਾਂ ਦੀ ਇਸ ਤਰਜਮਾਨੀ ਵਿਚ ਕਲਪਨਾ ਦੀ ਜ਼ਰਾ ਵੀ ਮਿਲਾਵਟ ਨਹੀਂ। ਜਿੱਥੋਂ ਤੱਕ ਅਨੁਭਵ ਦੇ ਲਫ਼ਜ਼ਾਂ ਵਿਚ ਅਨੁਵਾਦ ਹੋ ਸਕਣ ਦੇ ਇਕਰਾਰ ਜਾਂ ਇਨਕਾਰ ਦਾ ਸਵਾਲ ਹੈ, ਮੈਂ ਇਹੋ ਕਹਿਣਾ ਚਾਹਾਂਗੀ ਕਿ ਇਹ ਅਨੁਭਵ ਧਰਤੀ ਦੇ ਸੀਨੇ ਵਿਚੋਂ ਫੁੱਟੇ ਚਸ਼ਮੇ ਵਰਗਾ ਹੈ। ਕਿੰਨਾ ਹੀ ਚਿਰ ਇਸ ਪਾਣੀ ਦੇ ਵੇਗ ਨੂੰ ਕਾਬੂ ਕਰਨ ਦਾ ਮੈਨੂੰ ਖਿਆਲ ਹੀ ਨਹੀਂ ਆਇਆ। ਇਸਨੂੰ ਮਾਣਦੀ ਹੋਈ ਮੈਂ ਇਸ ਤੋਂ ਉਬਰ ਹੀ ਨਾ ਸਕੀ। ਫੇਰ ਗੁਰਦੀਪ ਜੀ ਨੇ ਮੈਨੂੰ ਯਾਦ ਦਿਵਾਇਆ ਕਿ ਮੈਨੂੰ ਇਸ ਅਨੁਭਵ ਨੂੰ ਆਪਣੇ ਤਕ ਹੀ ਸੀਮਿਤ ਨਹੀਂ ਰੱਖਣਾ ਚਾਹੀਦਾ। ਇਸ ਚਸ਼ਮੇ ਦੇ ਬੇਰੋਕ ਪਾਣੀ 'ਚੋਂ ਮੈਂ ਕਈ ਵੇਰਾਂ ਬੁੱਕ ਭਰਨ ਦੀ ਕੋਸ਼ਿਸ਼ ਕੀਤੀ। ਪਰ ਇਸਦੀ ਤੀਬਰਤਾ ਬਹੁਤ ਸੀ। ਏਨਾ ਸਮਾਂ

ਸ਼ਾਇਦ ਬੁੱਕ ਹੀ ਅੱਡ ਕੇ ਖਲੋਤੀ ਰਹੀ ਹਾਂ ਮੈਂ। ਵਰਤਾਰੇ ਨੂੰ ਲਫ਼ਜ਼ਾਂ ਵਿਚ ਅਤੇ ਤਸਵੀਰਾਂ ਵਿਚ ਕੈਦ ਕਰਨ ਦੀ ਕੋਸ਼ਿਸ਼ ਕੀਤੀ, ਕੈਮਰਾ ਵਰਤਿਆ, ਟੇਪ ਰਿਕਾਰਡਰ ਵਰਤਿਆ, ਕਲਮ ਦਾ ਇਸਤੇਮਾਲ ਕੀਤਾ ਅਤੇ ਅੰਤ ਕਲਮ ਤੋਂ ਬਗੈਰ ਲਿਖਣ ਦੀ ਜਾਚ ਸਿਖੀ। ਵਰਤਾਰੇ ਦੀ ਮਨ ਵਿਚ ਅੰਕਿਤ ਏਸ ਤਸਵੀਰ ਨੂੰ ਪਾਜ਼ੇਟਿਵ ਬਣਨ ਵਿਚ ਲਗਪਗ ਚਾਰ ਸਾਲ ਲਗ ਗਏ। ਅਨੁਭਵ ਦੀ ਇਸ ਪੇਸ਼ਕਾਰੀ ਦਾ ਸਮਾਂ ਬਹੁਤ ਵੱਧ ਹੈ। ਏਨੀ ਲੰਮੀ ਉਡੀਕ ਤਾਂ ਇਨਸਟੈਂਟ ਫੋਟੋਗ੍ਰਾਫੀ ਅਤੇ ਸੈਟੇਲਾਈਟ ਦੇ ਇਸ ਦੌਰ ਦੀ ਗਤੀ ਨਾਲ ਉੱਕਾ ਹੀ ਮੇਲ ਨਹੀਂ ਖਾਂਦੀ। ਪਰ ਮੇਰੇ ਲਈ ਇਸ ਵਰਤਾਰੇ ਤੋਂ ਲੈ ਕੇ ਇਸ ਪੇਸ਼ਕਾਰੀ ਤੱਕ ਦਾ ਸਮਾਂ ਝਰਨੇ ਦੇ ਪਾਣੀ ਦੇ ਕੋਸੀ ਧੁੱਪ ਵਿਚ ਰਲ ਕੇ ਬੱਦਲਾਂ ਦੇ ਰਾਹੀਂ ਵਰਸ ਜਾਣ ਦਾ ਸਮਾਂ ਹੈ। ਇਨ੍ਹਾਂ ਲਫ਼ਜ਼ਾਂ ਰਾਹੀਂ ਮੈਂ ਬੂੰਦ ਬੂੰਦ ਡਿਗਦੀ ਫੂਹਾਰ ਨੂੰ ਬੋਚ ਰਹੀ ਹਾਂ ਤਾਂ ਕਿ ਤੁਹਾਨੂੰ ਦਿਖਾ ਸਕਾਂ ਕਿ ਮੇਰੀ ਮੁੱਠੀ ਵਿਚ ਕੀ ਹੈ। ਮੇਰੀ ਅਜਿਹੀ ਪੇਸ਼ਕਾਰੀ ਵਿਚ ਸ਼ੈਲੀ, ਬੋਲੀ ਦੀ ਕਚਿਆਈ ਹੋ ਸਕਦੀ ਹੈ। ਮੈਂ ਆਪਣੀ ਇਸ ਸੀਮਾ ਤੋਂ ਚੰਗੀ ਤਰ੍ਹਾਂ ਵਾਕਫ਼ ਹਾਂ।

ਉਕਤ ਦੋਹਾਂ ਮੁਸ਼ਕਲਾਂ ਦੇ ਬਾਵਜੂਦ ਵੀ ਮੈਂ ਕਹਿਣਾ ਚਾਹੁੰਦੀ ਹਾਂ ਕਿ ਮੇਰੇ ਬਾਰ੍ਹਾਂ ਵਰ੍ਹਿਆਂ ਦੀ ਪ੍ਰਾਪਤੀ ਇਹੋ ਅਨੁਭਵ ਹੈ। ਅਨੁਭਵ ਦੀ ਇਹ ਪੇਸ਼ਕਾਰੀ ਇਸਦੀ ਇਕ ਅੰਸ਼ਿਕ ਜਿਹੀ ਤਰਜਮਾਨੀ ਹੈ। ਹੋ ਸਕਦਾ ਹੈ ਕਿ ਇਸ ਫੁਹਾਰ ਦੀ ਕੋਈ ਬੂੰਦ ਅਜੇ ਵੀ ਮੇਰੇ ਲਫ਼ਜ਼ਾਂ ਦੀ ਮੁੱਠੀ ਵਿਚ ਕੈਦ ਨਾ ਹੋ ਸਕੀ ਹੋਵੇ। ਹੋ ਸਕਦੈ ਇਸ ਬਚਦੀ ਬੂੰਦ ਤੇ ਕਦੇ ਸੂਰਜ ਦੀ ਕੋਈ ਕਿਰਨ ਪੈ ਜਾਵੇ ਤੇ ਕੋਈ ਹੋਰ ਮੋਤੀ ਉਬਰ ਆਵੇ। ਕੁਦਰਤ ਦੇ ਕਿਸੇ ਕ੍ਰਿਸ਼ਮੇ ਦੀ ਮੈਨੂੰ ਫੇਰ ਤੱਵਕੋ ਹੈ।

ਸੱਚ ਬੋਲਣ ਦੀ ਆਪਣੀ ਸਹੁੰ ਨੂੰ ਦੁਹਰਾਇਆਂ ਮੈਂ ਫਿਰ ਕਹਾਂਗੀ ਕਿ ਇਸ ਪੁਸਤਕ ਵਿਚ ਮੈਂ ਆਪਣੇ ਅਨੁਭਵ ਨੂੰ ਇਸਦੀ ਸੁੱਚਤਾ ਸਮੇਤ ਪੇਸ਼ ਕਰ ਰਹੀ ਹਾਂ। ਜਾਣਦੀ ਹਾਂ ਕਿ ਮੈਂ ਅਨੁਭਵ ਦੇ ਇਸ ਸੁੱਚੇ ਸੋਨੇ ਵਿਚ ਕਲਪਨਾ ਦੀ ਥੋੜ੍ਹੀ ਜਿਹੀ ਖੋਟ ਰਲਾ ਕੇ ਇਕ ਖੂਬਸੂਰਤ ਗਹਿਣੇ ਜਿਹਾ ਨਾਵਲ ਸਿਰਜ ਸਕਦੀ ਸਾਂ, ਪਰ 'ਜੋ ਹੈ' ਦੀ ਤੱਵਕੋ ਕਰਨ ਵਾਲੇ ਸਮਾਜ ਵਿਗਿਆਨ ਦੀ ਨਜ਼ਰ ਮੈਂ ਵਰਤਾਰੇ ਦਾ ਉਹੀ ਰੂਪ ਕਰ ਰਹੀ ਹਾਂ....ਜੋ ਹੈ.....।

ਮੈਂ ਪੰਜਾਬ ਦੀ ਜੰਮਪਲ ਹਾਂ। ਪਰਿਵਾਰਕ ਪਿਛੋਕੜ ਵੀ ਪਾਕਿਸਤਾਨੀ ਪੰਜਾਬ ਨਾਲ ਸਬੰਧਤ ਹੈ। ਫੇਰ ਵੀ ਪੰਜਾਬੀ ਸੱਭਿਆਚਾਰ ਆਪਣਾ ਜਿਹਾ ਵੀ ਲਗਦਾ ਰਿਹਾ ਹੈ ਅਤੇ ਪਰਾਇਆ ਵੀ। ਅਹਿਸਾਸਾਂ ਦੀ ਇਸ ਧੁੰਦ ਵਿਚੋਂ ਹੁਣ ਸਾਫ਼ ਸਾਫ਼ ਦੇਖ ਸਕਦੀ ਹਾਂ ਕਿ ਕਿਉਂ ਪੰਜਾਬ ਦੇ ਇਕ ਕਸਬੇ ਜਿਹੇ ਸ਼ਹਿਰ ਵਿਚ ਰਹਿੰਦਿਆਂ ਪੰਜਾਬ ਦੇ ਸੱਭਿਆਚਾਰ ਨੂੰ ਦੇਖਣ, ਮਾਣਨ ਅਤੇ ਇਸਦਾ ਹਿੱਸਾ ਹੋਣ ਦਾ ਮੇਰਾ ਅਹਿਸਾਸ ਬੜਾ ਅਜੀਬ ਜਿਹਾ ਸੀ। ਜਿਵੇਂ ਐਕੁਏਰੀਅਮ ਨੂੰ ਹੀ ਕੋਈ ਸਮੁੰਦਰ ਕਹਿੰਦਾ ਰਿਹਾ ਹੋਵੇ। ਹੁਣ ਮੈਂ ਸਾਫ਼ ਸਾਫ਼ ਜਾਣਦੀ ਹਾਂ ਕਿ ਸਮੁੰਦਰ ਦਾ ਅਹਿਸਾਸ ਸਿਰਫ ਪਿੰਡ ਜਾ ਕੇ ਹੀ ਹੁੰਦਾ ਹੈ। ਪਿੰਡ ਵਿਚ ਸਭਿਆਚਾਰ ਦਾ ਇਹ ਸਮੁੰਦਰ ਜੀਉਂਦੇ ਦਿਲ ਵਾਂਗ ਧੜਕਦਾ ਹੈ। ਉਥੇ ਇਸ ਦੀਆਂ ਛਲਾਂ ਵਿਚ ਪਾਣੀ ਹੀ ਨਹੀਂ, ਸੁੱਚੇ ਮੋਤੀ ਵੀ ਹੁੰਦੇ ਹਨ। ਇਹ ਸਮੁੰਦਰ ਜਦੋਂ ਪੂਰੇ ਚੰਨ ਦੀ ਆਰਸੀ ਬਣਦਾ ਹੈ ਤਾਂ ਇਸਦੀ ਬਿਹੱਬਲਤਾ ਦਾ ਸਹਿਜ ਜਿਹਾ ਪ੍ਰਗਟਾਵਾ ਜਵਾਰ ਭਾਟੇ ਰਾਹੀਂ ਹੁੰਦਾ ਹੈ। ਇਸਦੀਆਂ ਸੀਮਾਵਾਂ ਵਿਚ ਵੀ ਗਤੀ ਹੁੰਦੀ ਹੈ ਅਤੇ ਇਸਦੀ ਗਤੀ ਵਿਚ ਵੀ ਇਕ ਸਹਿਜ ਜਿਹਾ ਠਹਿਰਾਉ ਹੁੰਦਾ ਹੈ।

ਆਪਣੇ ਸ਼ਹਿਰ ਤੋਂ ਸਿਰਫ਼ 23 ਕਿਲੋਮੀਟਰ ਦੀ ਦੂਰੀ ਤੇ ਵੱਸਦੇ 'ਆਪਣੇ' ਪਿੰਡ ਕਰਹਾਲੀ 'ਚੋਂ ਮੈਂ ਸਭਿਆਚਾਰ ਦੇ ਸਮੁੰਦਰ ਦਾ ਅਹਿਸਾਸ ਪ੍ਰਾਪਤ ਕੀਤਾ ਹੈ, ਪੀ. ਐਚ. ਡੀ. ਲਈ ਕੀਤੇ ਫੀਲਡ ਵਰਕ ਰਾਹੀਂ। ਇਸਦੀ ਪਹਿਲੀ ਪਹਿਲੀ ਸੂਖਮ ਅਤੇ ਸਥੂਲ ਛੂਹ ਨੇ ਮੇਰੇ ਅੰਦਰ ਇਕ ਅਜਿਹਾ ਝੁਣਝੁਣੀ ਪੈਦਾ ਕੀਤੀ ਸੀ, ਜਿਸਨੂੰ ਮੈਂ ਅੱਜ ਵੀ ਮੈਂ ਆਪਣੀ ਰੂਹ ਵਿਚ ਮਹਿਸੂਸ ਕਰਦੀ ਹਾਂ। ਮੈਂ ਇਹ ਸਮਝ ਸਕਦੀ ਹਾਂ ਕਿ ਵਿਕਾਸ, ਆਧੁਨਿਕਤਾ ਤੇ ਸਹੂਲਤਾਂ ਦੇ ਨਾਂ ਹੇਠ ਸਭਿਆਚਾਰ ਦੇ ਇਸ ਸਮੁੰਦਰ ਨਾਲ ਬਹੁਤ ਕੁਝ ਵਾਪਰ ਰਿਹਾ ਹੈ। ਪਿੰਡਾਂ ਵਿਚ ਸ਼ਹਿਰੀਆਂ ਅਤੇ ਸ਼ਹਿਰੀ ਸਭਿਆਚਾਰ ਦੀ ਤੇਜ਼ਾਬੀ ਦਰਾਮਦ ਵਾਜਬ ਜਾਂ ਗੈਰ ਵਾਜਬ ਢੰਗ ਤਰੀਕਿਆਂ ਨਾਲ ਪੇਂਡੂ ਜ਼ਿੰਦਗੀ ਦੀ ਵਿਲੱਖਣਤਾ ਨੂੰ ਆਪਣੇ ਅੰਦਰ ਖੋਰ ਲੈਣ ਦੀ ਸਾਜਿਸ਼ ਕਰ ਰਹੀ ਜਾਪਦੀ ਹੈ। ਇੰਜ ਇਹ ਸਮੁੰਦਰ ਵੀ ਇਕ ਖਾਸ ਪੱਧਰ ਤੇ ਐਕੁਏਰੀਅਮ ਜਿਹਾ ਹੀ ਬਣਦਾ ਜਾ ਰਿਹਾ ਹੈ। ਫੇਰ ਵੀ ਅਜੇ ਕੁਝ ਹੈ ਬਾਕੀ, ਜਿਸਨੂੰ ਸਰੀਰ ਵਿਚ ਗਤੀ ਕਰਦੇ ਲਹੂ ਵਾਂਗ ਮਹਿਸੂਸ ਕੀਤਾ ਜਾ ਸਕਦਾ ਹੈ। ਪਰ ਅਹਿਸਾਸ ਦੇ ਇਸ ਸਫਰ ਲਈ ਮਨ ਦੀ ਚਾਨਣੀ ਲੋੜੀਂਦੀ ਹੈ। ਇਸ ਸਮੁੰਦਰ ਤੱਕ ਅਨੁਭਵ ਰਾਹੀਂ ਹੀ ਪਹੁੰਚਿਆ ਜਾ ਸਕਦਾਹੈ। ਲਿੰਕ ਰੋਡ ਤਾਂ ਪਿੰਡ ਦੀ ਫਿਰਨੀ ਤੱਕ ਜਾਕੇ, ਅੰਕੜਿਆਂ ਦੇ ਜਮ੍ਹਾਂ ਜੋੜ ਕਰਕੇ ਅੱਗੇ ਲੰਘ ਜਾਂਦੀ ਹੈ।

ਮੈਨੂੰ ਪਿੰਡ ਦੇਖਣ ਦੀ ਰੀਝ ਨਿੱਕੇ ਹੁੰਦਿਆਂ ਵੀ ਹੁੰਦੀ ਸੀ। ਪੇਂਡੂ ਰਸਤਿਆਂ ਵਿਚ ਬਣੇ ਗੁਹਾਰਿਆਂ, ਕੁੱਪਾਂ ਅਤੇ ਕੱਚੇ ਪੱਕੇ ਮਕਾਨਾਂ ਨੂੰ ਮੈਂ ਹਮੇਸ਼ਾਂ ਹੀ ਬੜੇ ਗਹੁ ਨਾਲ ਦੇਖਦੀ ਹੁੰਦੀ ਸਾਂ। ਮੈਨੂੰ ਸਭ ਤੋਂ ਵੱਧ ਰਹੱਸਮਈ ਜਾਪਦੇ ਸਨ ਖੇਤਾਂ ਵਿਚ ਬਣੇ ਨਿੱਕੇ ਨਿੱਕੇ ਸਫੇਦ ਗੁੰਬਦ ਜਿਹੇ। ਕੀ ਹੁੰਦੇ ਨੇ ਇਹ? ਕੌਣ ਮੱਥਾ ਟੇਕਣ ਆਉਂਦਾ ਹੈ ਇਥੇ? ਇਹ ਉਤਸੁਕਤਾ ਪਰ ਅਜੇ ਪ੍ਰਸ਼ਨ ਨਹੀਂ ਬਣੀ ਸੀ।

ਪਿਤਾ ਜੀ ਨਾਲ ਉਨ੍ਹਾਂ ਦੇ ਇਕ ਪੁਰਾਣੇ ਜਾਣਕਾਰ 'ਚਾਚਾ ਜੀ' ਦੇ ਪਿੰਡ ਮੈਂ ਨਿੱਕੇ ਹੁੰਦਿਆਂ ਕਈ ਵਾਰੀ ਗਈ ਸਾਂ। ਬੜਾ ਚਾਅ ਹੁੰਦਾ ਸੀ ਉਦੋਂ ਪਿੰਡ ਜਾਣ ਦਾ। ਸੁਨੇਹਾ ਭੇਜ ਕੇ ਅਸੀਂ ਪਿੰਡ ਪਹੁੰਚ ਜਾਣਾ। ਚਾਚਾ ਜੀ ਨੇ ਬੱਸ ਅੱਡੇ ਤੇ ਸਾਨੂੰ ਉਡੀਕਦੇ ਮਿਲਣਾ। ਅਕਸਰ ਚਾਚਾ ਜੀ ਦੇ ਘਰ ਤੱਕ ਜਾਂਦੀ ਸੜਕ ਤੇ ਮੈਂ ਜਾਣ ਬੁੱਝ ਕੇ ਸਾਰਿਆਂ ਤੋਂ ਪਿੱਛੇ ਰਹਿ ਜਾਣਾ ਅਤੇ ਰਹੱਸਮਈ ਗੁੰਬਦਾਂ ਨੂੰ ਦੇਖਦੇ ਰਹਿਣਾ। ਘਰ ਪਹੁੰਚ ਕੇ ਚਾਚੀ ਨੇ ਪਿਆਰ ਦੇਣਾ। ਪਿੰਡ ਵਿਚ ਵਧੀਆ ਸੁਆਦੀ ਲੱਸੀ ਪੀਣੀ। ਗੰਨੇ ਚੂਪਣੇ। ਪਿਤਾ ਜੀ ਨੇ ਚਾਚਾ ਜੀ ਨਾਲ ਗੱਲਾਂ ਬਾਤਾਂ ਕਰਦੇ ਰਹਿਣਾ। ਚਾਚੀ ਨੇ ਮੈਨੂੰ ਰੁਪਏ ਦੇਣੇ ਜਾਂ ਫਿਰ ਸੂਟ ਦਾ ਕੱਪੜਾ। ਸ਼ਾਮ ਨੂੰ ਸਾਗ ਅਤੇ ਗੰਨੇ ਦੇ ਕੇ ਚਾਚਾ ਜੀ ਨੇ ਸਾਨੂੰ ਬੱਸ ਚੜ੍ਹਾ ਜਾਣਾ।

ਮੈਨੂੰ ਕਦੀ ਵੀ ਚਾਚੇ ਦੇ ਪਿੰਡ ਜਾ ਕੇ ਕੋਈ ਸੰਤੁਸ਼ਟੀ ਨਾ ਹੁੰਦੀ। ਚਾਚੇ ਤੇ ਉਸ ਤੋਂ ਛੱਟੇ ਭਰਾ ਦੇ ਬੱਚੇ ਫੱਟੀਆਂ ਬਸਤੇ ਚੁੱਕੀਂ ਸਕੂਲੋਂ ਆਉਂਦੇ। ਉਹ ਮੇਰੇ ਵੱਲ ਓਪਰਾ ਜਿਹਾ ਝਾਕ ਝਾਕ ਕੇ ਇਕ ਦੂਜੇ ਦੇ ਕੰਨਾਂ ਵਿਚ ਗੱਲਾਂ ਕਰਦੇ ਰਹਿੰਦੇ। ਸ਼ਾਇਦ ਮੇਰੇ ਸਾਫ਼ ਸੁਥਰੇ ਕੱਪੜੇ ਜਾਂ ਮੇਰਾ ਸੰਕੋਚੀ ਸਲੀਕਾ ਹੀ ਮੇਰੇ ਅਤੇ ਉਨ੍ਹਾਂ ਵਿਚਕਾਰ ਦੀਵਾਰ ਖੜ੍ਹੀ ਕਰਦਾ ਸੀ। ਉਨ੍ਹਾਂ ਦਾ ਮੇਰੇ ਵੱਲ ਪਿੱਠ ਕਰਕੇ ਰੋਟੀ ਖਾਣਾ ਮੈਨੂੰ ਬੜਾ ਤਕਲੀਫ਼ ਦੇਹ ਲੱਗਦਾ। ਉਨ੍ਹਾਂ ਨਾਲ ਘੁਲਣ ਮਿਲਣ ਦੀ ਮੇਰੀ ਸਾਰੀ ਕੋਸ਼ਿਸ਼ ਬੇਕਾਰ ਜਾਂਦੀ।

ਕੁਝ ਵੱਡੀ ਹੋਏ ਤੋਂ ਵੀ ਮੈਂ ਥੋੜ੍ਹੇ ਥੋੜ੍ਹੇ ਵਕਫ਼ੇ ਬਾਦ ਪਿੰਡ ਜਾਂਦੀ ਰਹੀ। ਚਾਚੇ ਦੇ ਬੱਚੇ ਵੱਡੇ ਹੋ ਗਏ ਅਤੇ ਫੇਰ ਵਿਆਹੇ ਵੀ ਗਏ। ਪਰ ਮੇਰੇ ਅਤੇ ਪਿੰਡ ਵਿਚਕਾਰਲੀ ਇਕ ਸੰਕੋਚੀ ਜਿਹੀ ਦੀਵਾਰ ਅਜੇ ਵੀ ਕਾਇਮ ਸੀ। ਪਿੰਡ ਗਈ ਨੂੰ ਚਾਚੀ ਨੇ ਲਗਪਗ ਹਰ ਵਾਰੀ ਮੈਥੋਂ ਪੁੱਛਣਾ,

"ਤੈਂ ਬੀਬੀ ਮੰਗ ਤੀ ਕਿਧਰੇ?"

ਮੇਰੀ ਹਰ ਵਾਰੀ ਦੀ ਨਾਂਹ ਤੇ ਉਸਨੇ ਵੀ ਝੇਂਪ ਜਾਣਾ ਤੇ ਮੈਂ ਵੀ। ਚਾਚੇ ਦੇ ਵੱਡੇ ਭਰਾ ਦੀਆ ਨੂੰਹਾਂ ਨੇ ਮੈਨੂੰ ਅਕਸਰ ਪੁੱਛਣਾ,

"ਕੈ ਜਮਾਤਾਂ ਪੜ੍ਹ ਲੀ ਬੀਬੀ ?"

"ਤੇਰ੍ਹਵੀਂ 'ਚ ਪੜ੍ਹਦੀ ਆਂ ਮੈਂ"

"ਹਾਲ ਮੰਗਣਾ ਨੀ ਹੋਇਆ ?"

"ਅਜੇ ਤਾਂ ਮੈਂ ਹੋਰ ਪੜ੍ਹਾਂਗੀ"

"ਅਜੇ ਹੋਰ ਪੜ੍ਹੇਂਗੀ ?"

ਕਹਿ ਕੇ ਉਨ੍ਹਾਂ ਨੇ ਹੈਰਾਨ ਜਿਹੇ ਹੋ ਕੇ ਮੇਰੇ ਵੱਲ ਦੇਖਣਾ। ਇਹੋ ਜਹੇ ਸੰਵਾਦ ਮੈਨੂੰ ਹੌਲੀ ਹੌਲੀ ਸਾਹ ਘੁਟਵੇਂ ਲੱਗਣ ਲੱਗ ਪਏ। ਪਿੰਡ ਜਾਣ ਨਾਲੋਂ ਬਹੁਤੀ ਸਿੱਕ ਮੇਰੀ ਪਿੰਡ 'ਦੇਖਣ' ਦੀ ਸੀ। ਪਿੰਡ ਵਿਚ ਜਾ ਕੇ, ਘਰ ਵਿਚ ਬਹਿ ਕੇ, ਰੋਟੀ ਪਾਣੀ ਖਾ ਕੇ, ਸਾਗ ਅਤੇ ਗੰਨਿਆਂ ਜਿਹੇ ਤੋਹਫ਼ੇ ਲੈ ਕੇ ਬੱਸ ਚੜ੍ਹ ਆਉਣਾ, ਤੇ ਬਸ। ਇਹ ਪਿੰਡ ਨਹੀਂ ਹੁੰਦਾ। ਮੈਂ ਤੈਅ ਕਰ ਲਿਆ ਕਿ ਮੈਂ ਇੰਜ ਪਿੰਡ ਕਦੇ ਨਹੀਂ ਜਾਣਾ।

ਮੈਂ ਪਿੰਡ ਦੇਖਣਾ ਚਾਹੁੰਦੀ ਸਾਂ, ਪਰ ਕਿਸਨੂੰ ਕਹਿੰਦੀ।

'ਪੇਂਡੂ ਲੋਕ ਬੜੀ ਸੇਵਾ ਕਰਦੇ ਹੁੰਦੇ ਨੇ'

'ਪੇਂਡੂ ਲੋਕ ਪੜ੍ਹੇ ਲਿਖੇ ਸ਼ਹਿਰੀਆਂ ਦਾ ਖਾਸ ਤੌਰ ਤੇ ਇੱਜ਼ਤ ਮਾਣ ਕਰਦੇ ਨੇ'

'ਪੇਂਡੂ ਲੋਕ ਆਪਣੀ ਮਦਦ ਕਰਨ ਵਾਲੇ ਦੀ ਕਦਰ ਕਰਨਾ ਜਾਣਦੇ ਨੇ'

'ਪੇਂਡੂ ਲੋਕ ਗੁਰਦਆਰਿਆਂ ਦੀ ਬੜੀ ਸੇਵਾ ਕਰਦੇ ਨੇ'

ਇਹੋ ਜਿਹੀਆਂ ਕੁਝ ਘੱਸੀਆਂ ਪਿਟੀਆਂ ਗੱਲਾਂ ਤੋਂ ਇਲਾਵਾ ਮੈਨੂੰ ਨਾ ਪਿੰਡਾਂ ਬਾਰੇ ਕੁਝ ਪਤਾ ਸੀ, ਨਾ ਪੇਂਡੂਆਂ ਬਾਰੇ। ਇੰਜ ਪਿੰਡ ਤੇ ਪੇਂਡੂ ਦੋਵੇਂ ਹੀ ਮੇਰੇ ਲਈ ਰਹੱਸ ਬਣੇ ਰਹੇ। ਪਿੰਡ ਦਾ ਮੇਰਾ ਸਥੂਲ ਅਨੁਭਵ ਵੀ ਪਿੰਡ ਦੇ ਇਕ ਦੋ ਘਰਾਂ ਦੇ ਵਿਹੜੇ ਤੱਕ ਸੀਮਿਤ ਸੀ। ਪਿੰਡ ਦੇ ਗੁੰਬਦਾਂ ਨੂੰ ਮੈਂ ਉਵੇਂ ਹੀ ਹਸਰਤ ਨਾਲ ਦੇਖਦੀ ਰਹੀ, ਬੜੇ ਸਾਲ। ਇਕ ਦੋ ਵਾਰੀ ਘਰ ਵਿਚ ਬੀਜੀ ਤੋਂ ਇਨ੍ਹਾਂ ਬਾਰੇ ਪੁੱਛਣ ਦੀ ਕੋਸ਼ਿਸ਼ ਵੀ ਕੀਤੀ। ਹਰ ਵਾਰੀ ਜੁਆਬ ਮਿਲਿਆ,

'ਪੇਂਡੂਆਂ ਦੇ ਸੌ ਵਹਿਮ ਹੁੰਦੇ ਨੇ।'

ਹਾਂ ਇਨ੍ਹਾਂ ਸੌ ਵਹਿਮਾਂ ਨੂੰ ਜਾਣਨ ਦੀ ਸਿੱਕ ਹੀ ਤਾਂ ਸੀ ਮਨ ਵਿਚ। ਪਰ ਇਹ ਸਿੱਕ ਅਜੇ ਵੀ ਅਕਹਿ ਸੀ। ਇਸਨੂੰ ਲਫ਼ਜ਼ ਮਿਲੇ ਹੁੰਦੇ ਤਾਂ ਉੱਤਰ ਵੀ ਮਿਲ ਜਾਂਦੇ। ਪਰ ਬੜਾ ਚਿਰ ਅਜਿਹਾ ਨਹੀਂ ਹੋ ਸਕਿਆ।

ਸਾਡੇ ਘਰ ਦਾ ਮਾਹੌਲ 'ਸਿੱਖੀ ਵਾਲਾ' ਸੀ। ਸਵੇਰੇ ਬੀਜੀ ਉੱਚੀ ਉੱਚੀ ਨਿਤਨੇਮ ਦਾ ਪਾਠ ਕਰਦੇ। ਇਸੇ ਆਵਾਜ਼ ਨਾਲ ਮੇਰੀ ਜਾਗ ਖੁੱਲਦੀ। ਬਚਪਨ ਵਿਚ ਮਨ ਦੇ ਅਚੇਤ ਪੱਧਰ ਤੇ ਸਾਫ਼ ਸਾਫ਼ ਅੰਕਿਤ ਹੋ ਗਈ ਇਸ ਆਵਾਜ਼ ਦਾ ਸੁਚੇਤ ਪੱਧਰ ਤੇ ਅਜਬ ਜਿਹਾ ਪ੍ਰਗਟਾਅ ਹੋਇਆ। ਮੈਨੂੰ ੳ, ਅ ਪੜ੍ਹਨ ਤੇ ਲਿਖਣ ਦੀ ਜਾਚ ਸਿੱਖਣ ਤੋਂ ਢੇਰ ਚਿਰ ਪਹਿਲਾਂ ਹੀ ਨਿੱਤਨੇਮ ਦਾ ਪਾਠ ਜ਼ਬਾਨੀ ਚੇਤੇ ਹੋ ਗਿਆ। ਉਂਜ ਵੀ ਹਰ ਰੋਜ਼ ਗੁਰਦੁਆਰੇ ਜਾਣਾ ਅਤੇ ਸਵੇਰੇ ਪਾਠ ਕੀਤੇ ਬਗੈਰ ਮੂੰਹ ਜੂਠਾ ਨਾ ਕਰਨਾ ਘਰ ਦੇ ਦੋ ਸੁਨਹਿਰੀ ਅਸੂਲ ਸਨ। ਅੱਜ ਮੈਂ ਸਾਫ਼ ਸਾਫ਼ ਨਿਰਣਾ ਦੇ ਸਕਦੀ ਹਾਂ ਕਿ ਲੋਕ ਧਰਮ ਦੇ ਜਿਹੜੇ ਅੰਸ਼ ਮੈਂ ਆਪਣੇ ਫੀਲਡ ਵਰਕ ਦੌਰਾਨ ਪਿੰਡਾਂ ਦੇ ਲੋਕਾਂ ਵਿੱਚ ਦੇਖੇ, ਉਹ ਸਾਡੇ ਅਖੌਤੀ 'ਸਿੱਖੀ ਮਾਹੌਲ' ਵਾਲੇ ਘਰ ਵਿਚ ਵੀ ਮੌਜੂਦ ਸਨ। ਸਿਰਫ਼ ਪ੍ਰਗਟਾਅ ਦਾ ਹੀ ਫ਼ਰਕ ਸੀ।

ਨਿਰਸੰਦੇਹ ਅਸੀਂ ਸਿਰਫ਼ ਗੁਰਦੁਆਰੇ ਨੂੰ ਮੰਨਣ ਵਾਲੇ ਲੋਕ ਸਾਂ। ਪਰ ਮੇਰੇ ਭਰਾ ਪਰਵਿੰਦਰ ਸਿੰਘ ਦੀਆਂ "ਕੰਜਕਾਂ" ਹਰ ਸਾਲ ਦੁਸਹਿਰੇ ਵਾਲੀ ਨੌਮੀ ਨੂੰ ਬਿਠਾਈਆਂ ਜਾਂਦੀਆਂ ਸਨ। ਘਰ ਦੀ ਇਹ ਪ੍ਰਥਾ ਹਾਲੇ ਵੀ ਚਲ ਰਹੀ ਹੈ। ਬੀਜੀ ਦਸਦੇ ਕਿ ਨਿੱਕੇ ਹੁੰਦਿਆਂ ਪਰਵਿੰਦਰ ਸਿੰਘ ਨੂੰ ਇਕ ਵਾਰੀ 'ਮਹਾਂਮਾਈ' ਨਿਕਲੀ ਸੀ। 'ਛਲ' ਪੈ ਜਾਣ ਦੇ ਕਾਰਨ ਮਹਾਂਮਾਈ ਦਾ ਏਨਾ ਜ਼ੋਰ ਹੋ ਗਿਆ ਸੀ ਕਿ ਦਾਣੇ ਪਰਵਿੰਦਰ ਸਿੰਘ ਦੀਆਂ ਅੱਖਾਂ ਦੇ ਅੰਦਰ ਨਿੱਕਲ ਆਏ ਸਨ। ਪਰਵਿੰਦਰ ਸਿੰਘ ਨੇ ਕਈ ਦਿਨਾਂ ਤੱਕ ਅੱਖਾਂ ਹੀ ਨਹੀਂ ਸਨ ਖੋਲ੍ਹੀਆਂ। ਉਂਜ ਤਾਂ ਮਹਾਂਮਾਈ ਦਾ ਮੱਥਾ ਵੀ ਟੇਕਿਆ ਗਿਆ ਸੀ ਅਤੇ ਬਾਕੀ ਲੋੜੀਂਦੇ ਸੰਸਕਾਰ ਵੀ ਕੀਤੇ ਗਏ ਸਨ ਪਰ ਪਰਵਿੰਦਰ ਸਿੰਘ ਦੀਆਂ ਅੱਖਾਂ ਦੀ ਜੋਤ ਦਾ ਸਭ ਨੂੰ ਖਤਰਾ ਪੈ ਗਿਆ ਸੀ। ਮੇਰੇ ਦਾਦੀ ਜੀ ਨੇ ਮਹਾਂਮਾਈ ਤੋਂ 'ਭੁੱਲ-ਚੁੱਕ' ਬਖਸ਼ਾਉਣ ਲਈ ਉਚੇਚੀ ਮੰਨਤ ਮੰਨੀ ਸੀ ਕਿ 'ਹੇ ਮਹਾਂਮਾਈ ਪਰਵਿੰਦਰ ਸਿੰਘ ਦੀਆਂ ਅੱਖਾਂ ਦੀ ਜੋਤ ਸਲਾਮਤ ਰਹੇ ਤਾਂ ਅਸੀਂ ਤੇਰੀਆਂ ਕੰਜਕਾਂ ਹਰ ਸਾਲ ਬਿਠਾਇਆ ਕਰਾਂਗੇ।' ਦਿਨਾਂ ਵਿਚ ਹੀ ਪਰਵਿੰਦਰ ਸਿੰਘ ਠੀਕ ਹੋ ਗਿਆ। ਦਾਦੀ ਦੁਆਰਾ ਸੁਖੀਆਂ ਗਈਆਂ ਕੰਜਕਾਂ ਅਸੀਂ ਹਮੇਸ਼ਾਂ ਬਿਠਾਉਂਦੇ ਹਾਂ। ਪਰਵਿੰਦਰ ਸਿੰਘ ਤੇ ਉਂਜ ਵੀ ਕੋਈ ਔਖ ਆ ਜਾਵੇ, ਬੁਖਾਰ ਹੀ ਇੱਕ ਦੋ ਦਿਨ ਤੋਂ ਵੱਧ ਜਾਵੇ ਤਾਂ ਬੀਜੀ ਹੁਣ ਵੀ ਮਹਾਂਮਾਈ ਤੋਂ 'ਭੁੱਲ-ਚੁੱਕ' ਬਖਸ਼ਾਉਂਦੇ ਹਨ। ਘਰ ਵਿਚ ਕਿਸੇ ਨੂੰ ਨਜ਼ਰ ਟਪਾਰ ਲੱਗ ਜਾਣ ਤੇ ਮੈਂ ਬਚਪਨ ਵਿਚ ਦਾਦੀ ਨੂੰ, ਫੇਰ ਬੀਜੀ ਨੂੰ ਅਤੇ ਹੁਣ ਆਪਣੀ ਭਾਬੀ ਨੂੰ ਮਿਰਚਾਂ ਵਾਰ ਕੇ ਸਾੜਦਿਆਂ ਅਨੇਕਾਂ ਵਾਰੀ ਦੇਖਿਆ ਹੈ।

ਬਚਪਨ ਤੋਂ ਹੀ ਮੈਂ ਬੀਜੀ ਨਾਲ ਕਾਲੀ ਦੇਵੀ ਦੇ ਮੰਦਰ ਵਿਚ 'ਗੁੱਗਾ ਪਾਉਣ' ਜਾਂਦੀ ਰਹੀ ਹਾਂ। ਨਿੱਕੀ ਜਿਹੀ ਗੜਵੀ ਵਿਚ ਕੱਚਾ ਦੁੱਧ ਪਾ ਕੇ ਅਤੇ ਗੜਵੀ ਉੱਤੇ ਰੱਖੀ ਕੌਲੀ ਵਿਚ ਆਟੇ ਅਤੇ ਗੁੜ ਦੇ ਪੂੜੇ ਲੈ ਕੇ ਅਸੀਂ ਮੰਦਰ ਜਾਂਦੇ। ਉੱਥੇ ਅਸੀਂ ਦੁੱਧ ਵਿਚ ਪਾਣੀ ਰਲਾ ਕੇ ਕੱਚੀ ਲੱਸੀ ਬਣਾ ਲੈਂਦੇ। ਗੌਰੀ ਦੇਵੀ ਦੇ ਮੰਦਰ ਦੇ ਬਾਹਰ ਉੱਗੇ ਪਿੱਪਲ ਦੀਆਂ ਜੜ੍ਹਾਂ ਵਿਚ ਕੱਚੀ ਲੱਸੀ ਪਾ ਦੇਂਦੇ। ਪਿੱਪਲ ਦੇ ਆਲੇ ਦੁਆਲੇ ਉੱਸਰੇ ਚਬੂਤਰੇ ਤੇ ਫਿਰਦੇ ਕੀੜੇ ਮਕੌੜਿਆਂ ਨੂੰ ਮੈਂ ਭੋਰ ਭੋਰ ਕੇ ਪੂੜੇ ਪਾਉਂਦੀ। ਹੁਣ ਵੀ ਅਸੀਂ ਅਜਿਹਾ ਹੀ ਕਰਦੇ ਹਾਂ। ਮੰਦਰ ਤੋਂ ਥੋੜ੍ਹੀ ਜਿਹੀ ਕੱਚੀ ਲੱਸੀ ਬਚਾ ਕੇ ਘਰ ਲੈ ਆਉਂਦੇ ਹਾਂ। ਇਸ ਲੱਸੀ ਦਾ ਛਿੱਟਾ ਘਰ ਦੇ ਇਕ ਇੱਕ ਕੋਨੇ ਵਿਚ ਦੇਂਦੇ ਹਾਂ।

'ਹੱਲਿਆਂ' ਵੇਲੇ ਮੇਰੇ ਵੱਡੇ ਤਾਇਆ ਜੀ ਅਤੇ ਤਾਈ ਜੀ ਗੁਜ਼ਰ ਜਾਣ ਕਾਰਨ ਉਨ੍ਹਾਂ ਦੇ ਬੱਚੇ ਸਾਡੇ ਘਰ ਹੀ ਰਹਿੰਦੇ ਰਹੇ ਸਨ। ਮੇਰੇ ਚੌਥੀ ਜਮਾਤ ਵਿਚ ਪੜ੍ਹਦਿਆਂ ਭੈਣ ਜੀ, ਮੇਰੇ ਤਾਇਆ ਜੀ ਦੀ ਵੱਡੀ ਧੀ ਤਾਰੀ ਭੈਣ ਜੀ ਦਾ ਵਿਆਹ ਹੋ ਗਿਆ ਸੀ। ਵਿਆਹ ਤੋਂ ਕੁਝ ਚਿਰ ਪਹਿਲਾਂ ਤਾਰੀ ਭੈਣ ਜੀ ਬੜੇ ਬਿਮਾਰ ਹੋ ਗਏ ਸਨ। ਘਰ ਵਿਚ ਗੱਲਾਂ ਹੁੰਦੀਆਂ ਸਨ ਕਿ ਸਾਡੇ ਮੁੱਹਲੇ ਦੀ ਇਕ ਔਰਤ ਨੇ ਤਾਰੀ ਭੈਣ ਜੀ ਨੂੰ ਕੁਝ 'ਖੁਆ' ਦਿੱਤਾ ਸੀ, ਮਤਲਬ ਉਨ੍ਹਾਂ ਤੇ 'ਟੂਣਾ ਕਰ' ਦਿੱਤਾ ਸੀ। ਇਸਦਾ ਕਾਰਨ ਗੁੱਝਾ ਸੀ।

'ਟੂਣਾ ਕਰਨ' ਵਾਲੇ ਸਾਡੇ ਗੁਆਂਢੀਆਂ ਦਾ ਟੱਬਰ ਪਾਕਿਸਤਾਨ ਵਿੱਚ ਵੀ ਸਾਡੇ ਟੱਬਰ ਦੇ ਗੁਆਂਢ ਰਹਿੰਦਾ ਸੀ। ਸਾਡੀ ਉਸੇ ਗੁਆਂਢਣ ਨੇ ਆਪਣੇ ਭਣੇਵੇਂ ਲਈ ਤਾਰੀ ਭੈਣ ਜੀ ਦਾ ਸਾਕ ਮੰਗਿਆ ਸੀ। ਪਰ ਮੇਰੇ ਬੀਜੀ ਨੇ ਸਾਫ਼ ਇਨਕਾਰ ਕਰ ਦਿੱਤਾ ਸੀ। ਤਾਰੀ ਭੈਣ ਜੀ ਲਈ ਹਰ ਤਰ੍ਹਾਂ ਨਾਲ ਯੋਗ ਮੁੰਡੇ ਦੇ ਸਾਕ ਲਈ ਬੀਜੀ ਦੁਆਰਾ ਇਨਕਾਰ ਕੀਤੇ ਜਾਣ ਦਾ ਵੀ ਕਾਰਨ ਸੀ। ਹੱਲਿਆਂ ਵੇਲੇ ਸਾਡੇ ਉਹ ਗੁਆਂਢੀ ਮੁਸਲਮਾਨਾਂ ਦੀਆਂ ਗੱਲਾਂ ਵਿਚ ਆ ਗਏ ਸਨ। ਉਨ੍ਹਾਂ ਨੇ 'ਕਲਮਾ ਪੜ੍ਹ ਕੇ' ਜਾਨਾਂ ਬਚਾ ਲਈਆਂ ਸਨ। 'ਦੀਨ ਗੁਆ ਕੇ' ਉਹ ਪਰਿਵਾਰ ਸਾਰਿਆਂ ਤੋਂ ਪਹਿਲਾਂ ਹਿਦੁੰਸਤਾਨ ਆ ਕੇ ਟਿੱਕ ਗਿਆ ਸੀ।

ਆਪਣੇ ਹਮਸਾਇਆਂ ਨੂੰ ਬਲਦੀ ਅੱਗ ਵਿਚ ਛੱਡਕੇ ਆ ਗਏ ਇਸ ਪਰਿਵਾਰ ਦੀ ਸਾਡੇ ਪਰਿਵਾਰ ਕੋਲ ਕੋਈ ਕਦਰ ਨਹੀਂ ਸੀ। ਪਾਕਿਸਤਾਨ ਬਣਨ ਸਮੇਂ ਤਾਂ ਸਾਡੇ ਪਿਛਲੇ ਪਿੰਡ ਦੇ ਬਹੁਤ ਸਾਰੇ ਲੋਕਾਂ ਨੇ 'ਸ਼ਹੀਦੀਆਂ' ਪਾਈਆਂ ਸਨ। ਉਨ੍ਹਾਂ ਵਿਚ ਮੇਰੇ ਦਾਦਾ ਜੀ ਅਤੇ ਉਨ੍ਹਾਂ ਦੇ ਭਰਾ ਭਤੀਜੇ ਵੀ ਸ਼ਾਮਿਲ ਸਨ। ਹੋਰ ਵੀ ਅਨੇਕਾਂ ਪਰਿਵਾਰਾਂ ਨਾਲ ਅਜਿਹੀਆਂ ਘਟਨਾਵਾਂ ਵਾਪਰੀਆਂ ਸਨ। ਕਈਆਂ ਨੇ ਆਪ 'ਸ਼ਹੀਦ' ਹੋਣ ਤੇ ਪਹਿਲਾਂ ਘਰ ਦੀਆਂ ਔਰਤਾਂ ਨੂੰ ਕਿਰਪਾਨਾਂ ਮਾਰ ਕੇ ਖੂਹਾਂ ਵਿਚ ਸੁੱਟ ਦਿੱਤਾ ਸੀ ਤਾਂ ਕਿ ਉਨ੍ਹਾਂ ਦੀ ਇਜ਼ਤ ਆਬਰੂ ਤੇ ਮੁਸਲਮਾਨ ਹਮਲਾ ਨਾ ਕਰ ਸਕਣ। ਮੇਰੇ ਬੀਜੀ ਦੀ ਪਿੱਠ ਤੇ ਵੀ ਕਿਰਪਾਨ ਦਾ ਡੂੰਘਾ ਨਿਸ਼ਾਨ ਸੀ। ਸਬੰਧਤ ਪਰਿਵਾਰਾਂ ਦੇ ਜੀਅ ਅਜੇ ਵੀ ਹਰ ਸਾਲ ਨਿਸਚਿਤ ਦਿਨਾਂ ਵਿਚ ਹੱਲਿਆਂ ਦੇ 'ਸ਼ਹੀਦਾਂ' ਦੀ ਯਾਦ ਵਿਚ ਅਖੰਡ ਪਾਠ ਰਖਵਾਉਂਦੇ ਹਨ। ਅਜਿਹੇ ਪਿਛੋਕੜ ਦੇ ਹੁੰਦਿਆਂ ਸਾਡੇ ਪਰਿਵਾਰ ਕੋਲ 'ਕਲਮਾ ਪੜ੍ਹ ਕੇ' ਜਾਨਾਂ ਬਚਾਉਣ ਅਤੇ ਸਭ ਤੋਂ ਅੱਗੇ ਆਕੇ ਵਧੀਆ ਮਕਾਨ ਅਤੇ ਦੁਕਾਨਾਂ ਮੱਲ ਕੇ ਅਮੀਰ ਬਣਨ ਵਾਲੇ

ਗੁਆਂਢੀਆਂ ਦੀ ਕੋਈ ਕਦਰ ਨਹੀਂ ਸੀ।

'ਚੀਜ਼' ਦੇ ਅਸਰ ਨਾਲ ਤਾਰੀ ਭੈਣ ਜੀ ਦੀ ਹਾਲਤ ਬੜੀ ਅਜੀਬ ਜਹੀ ਹੋ ਗਈ ਸੀ। ਕਦੇ ਉਹ ਗੁੰਮ ਸੁੰਮ ਜਹੇ ਹੋ ਕੇ ਮੂਧੇ ਮੂੰਹ ਪਏ ਰਹਿੰਦੇ। ਕਦੇ ਉਹ ਸਾਡੀ ਪੁਰਾਣੀ ਰਸੋਈ ਦੀ ਬਿਨਾ ਬਨੇਰਿਆਂ ਵਾਲੀ ਛੱਤ ਤੋਂ ਗਲੀ ਵਾਲੇ ਪਾਸੇ ਲੱਤਾਂ ਲਮਕਾ ਕੇ ਸਾਰਾ ਸਾਰਾ ਦਿਨ ਬੈਠੇ ਰਹਿੰਦੇ। ਕਦੇ ਉਹ ਗਲੀ ਵਿਚ ਆਉਂਦੇ ਜਾਂਦੇ ਲੋਕਾਂ ਨੂੰ ਉੱਚੀ ਉੱਚੀ ਗਾਲ੍ਹਾਂ ਕੱਢਦੇ। ਕਦੇ ਸਾਰਾ ਸਾਰਾ ਦਿਨ ਰੋਟੀ ਹੀ ਨਾ ਖਾਂਦੇ। ਕਦੇ ਬੀਜੀ ਤੇ ਤਰ੍ਹਾਂ ਤਰ੍ਹਾਂ ਦੇ ਸ਼ੱਕ ਕਰਦੇ। ਕਦੇ ਕੁਝ ਕਹਿੰਦੇ ਕਦੇ ਕੁਝ। ਮੇਰੇ ਬੀਜੀ ਤੇ ਮੇਰੇ ਮਾਸੀ ਜੀ ਉਨ੍ਹਾਂ ਦੇ ਇਲਾਜ ਵਾਸਤੇ, ਥਾਂ ਥਾਂ ਫਿਰਦੇ ਰਹੇ ਸਨ। ਭੈਣ ਜੀ ਸ਼ਾਇਦ 'ਡੇਰਾ ਵਡਭਾਗ ਸਿੰਘ' ਜਾ ਕੇ ਰਾਜੀ ਹੋਏ ਸਨ।

ਮੈਂ ਝਕਦੇ ਝਕਦੇ ਇਕ ਵਾਰੀ ਬੀਜੀ ਨੂੰ ਪੁੱਛਿਆ, "'ਡੇਰਾ ਵਡਭਾਗ ਸਿੰਘ' ਕੀ ਹੁੰਦੈ ?"

ਉਹ ਝਿੜਕ ਕੇ ਬੋਲੇ,

"ਇਹੋ ਜਿਹੀਆਂ ਚੀਜ਼ਾਂ ਦੇ ਨਾਂ ਨਹੀਂ ਲਈਏ ਹੁੰਦੇ, ਜਾ ਪੜ੍ਹ ਜਾਕੇ।"

'ਇਹੋ ਜਿਹੀਆਂ ਚੀਜ਼ਾਂ' ਹੀ ਮਗਰੋਂ ਮੇਰੀ 'ਪੜ੍ਹਾਈ' ਬਣ ਗਈਆਂ। ਕੁਦਰਤ ਨੇ ਇਹ ਕ੍ਰਿਸ਼ਮਾ ਦਿਖਾ ਕੇ ਮੈਨੂੰ ਆਪਣਾ ਕਾਇਲ ਕਰ ਲਿਆ।

ਮੇਰਾ ਭਰਾ ਪਰਵਿੰਦਰ ਸਿੰਘ ਅਤੇ ਮੇਰੇ ਪਤੀ ਗੁਰਦੀਪ ਸਿੰਘ ਬਚਪਨ ਵਿਚ ਇਕੋ ਹੀ ਸਕੂਲ ਵਿਚ ਪੜ੍ਹਦੇ ਰਹੇ ਹਨ। ਦੋਹਾਂ ਨੇ ਇੰਜਨੀਅਰਿੰਗ ਦੀ ਪੜ੍ਹਾਈ ਵੀ ਇਕੋ ਕਾਲਜ ਵਿਚ ਕੀਤੀ। ਪਹਿਲਾਂ ਡਿਗਰੀਆਂ ਅਤੇ ਫੇਰ ਨੌਕਰੀਆਂ ਲਈ ਮੈਂ ਦੋਹਾਂ ਲਈ ਸਾਂਝੀ ਅਰਦਾਸੀ ਕਰਦੀ ਰਹੀ। ਇਤਫਾਕ ਵੱਸ ਦੋਹਾਂ ਨੂੰ ਨੌਕਰੀ ਵੀ ਇਕੋ ਹੀ ਸਰਕਾਰੀ ਮਹਿਕਮੇ ਵਿਚ ਮਿਲੀ। ਮੈਨੂੰ ਸਕੂਲ ਦੇ ਦਿਨਾਂ ਤੋਂ ਹੀ ਪਤਾ ਲਗ ਗਿਆ ਸੀ ਕਿ ਗੁਰਦੀਪ ਸਿੰਘ ਉਤੇ ਬਾਬਾ ਦੀਪ ਸਿੰਘ ਦੀ ਸ਼ਹੀਦ ਦਾ 'ਪਹਿਰਾ' ਹੈ। ਇਹ ਗੱਲ ਵੀ ਮੈਨੂੰ ਸਿਰਫ਼ ਇਸ ਕਰਕੇ ਪਤਾ ਲੱਗ ਗਈ ਕਿ ਗੁਰਦੀਪ ਸਿੰਘ ਨੂੰ ਮੀਟ ਅੰਡਾ ਖਾਣ ਦੀ ਮਨਾਹੀ ਸੀ। ਇਸ ਲਈ ਜਿਸ ਦਿਨ ਸਾਡੀ ਰਸੋਈ ਵਿਚ ਮੀਟ ਅੰਡਾ ਬਣਿਆ ਹੁੰਦਾ, ਗੁਰਦੀਪ ਸਿੰਘ ਸਾਡੇ ਘਰ ਰੋਟੀ ਨਹੀਂ ਖਾਂਦਾ ਸੀ।

ਗੁਰਦੀਪ ਸਿੰਘ ਨਾਲ ਸ਼ੁਰੂ ਤੋਂ ਹੀ ਮੇਰੀ ਸਾਂਝ ਕੁਝ ਦੋਸਤਾਨਾ ਜਹੀ ਸੀ। ਉਹ ਵੀ ਪਰਵਿੰਦਰ ਸਿੰਘ ਵਾਂਗ ਆਪਣੇ ਕੰਮਾਂ ਵਿਚ ਕਦੇ ਕਦੇ ਮੇਰੀ ਮਦਦ ਲੈ ਲੈਂਦਾ ਸੀ। ਫੇਰ ਅਸੀਂ ਆਪਣੀਆਂ ਨਿੱਜੀ ਸਮੱਸਿਆਵਾਂ ਵਿਚ ਇਕ ਦੂਜੇ ਦੀ ਸਲਾਹ ਲੈਣ ਲੱਗ ਪਏ। ਸ਼ਾਇਦ ਇਸੇ ਕਾਰਨ ਮੈਨੂੰ ਇਕ ਉਚੇਚੀ ਰਿਆਇਤ ਮਿਲ ਗਈ, ਗੁਰਦੀਪ ਸਿੰਘ ਤੋਂ ਬਾਬਾ ਦੀਪ ਸਿੰਘ ਸ਼ਹੀਦ ਬਾਰੇ ਪੁੱਛਣ ਦੀ। ਮੈਂ ਇਕ ਦਿਨ ਗੁਰਦੀਪ ਸਿੰਘ ਤੋਂ ਬਾਬਾ ਦੀਪ ਸਿੰਘ ਸ਼ਹੀਦ ਦੇ 'ਪਹਿਰੇ' ਬਾਰੇ ਬਹੁਤ ਸਾਰੀਆਂ ਗੱਲਾਂ ਪੁੱਛੀਆਂ। ਉਸਨੇ ਆਪਣਾ ਸਾਰਾ ਕੇਸ ਮੈਨੂੰ ਵਿਸਥਾਰ ਨਾਲ ਦੱਸਿਆ।

ਗੁਰਦੀਪ ਸਿੰਘ ਅਤੇ ਉਸਦਾ ਭਰਾ ਮਾਪਿਆਂ ਅਤੇ ਨਾਨਕਿਆਂ ਦੇ ਸਿੱਕਵੇਂ ਬੱਚੇ ਹਨ। ਬਚਪਨ ਵਿਚ ਗੁਰਦੀਪ ਸਿੰਘ ਉਤੇ ਉਨ੍ਹਾਂ ਦੀ ਇਕ ਗੁਆਂਢਣ ਨੇ ਟੂਣਾ ਕਰ ਦਿੱਤਾ ਸੀ। ਉਸ ਗੁਆਂਢਣ ਦੀ ਧੀ ਬੇਔਲਾਦ ਸੀ। ਉਦੋਂ ਗੁਰਦੀਪ ਸਿੰਘ ਪੰਜਵੀਂ ਜਮਾਤ ਵਿਚ ਪੜ੍ਹਦਾ ਸੀ, ਜਦੋਂ ਉਸਨੂੰ ਉਨ੍ਹਾਂ ਦੀ ਗੁਆਂਢਣ ਨੇ ਕਿਸੇ ਮਿੱਠੀ ਚੀਜ਼ ਵਿਚ 'ਕੁਝ' ਖੁਆ ਦਿੱਤਾ ਸੀ। ਗੁਰਦੀਪ ਸਿੰਘ ਬਿਮਾਰ ਰਹਿਣ ਲੱਗ ਪਿਆ। ਟੂਣਾ ਬਹੁਤ ਹੀ ਸਖ਼ਤ ਸੀ। ਗੁਰਦੀਪ ਸਿੰਘ  ਦੀ ਸਿਹਤ ਬਹੁਤ ਖ਼ਰਾਬ ਹੋ ਗਈ। ਉਸਦਾ ਸਕੂਲ ਜਾਣਾ ਵੀ ਬੰਦ ਹੋ ਗਿਆ। ਗੁਰਦੀਪ ਸਿੰਘ ਦੇ ਕਈ ਤਰ੍ਹਾਂ ਦੇ ਇਲਾਜ ਕਰਵਾਏ ਗਏ ਪਰ ਉਸਨੂੰ ਕੋਈ ਵੀ ਫ਼ਰਕ ਨਾ ਪਿਆ। ਨੀਂਦ ਵਿਚ ਉਹ ਬੜਾ 'ਦਬਾਅ' ਮਹਿਸੂਸ ਕਰਦਾ। ਉਸਨੂੰ ਕੰਧਾਂ ਉੱਤੇ ਡਰਾਉਣੇ ਆਕਾਰ ਦਿਸਦੇ ਅਤੇ ਉਹ ਡਰ ਨਾਲ ਚੀਕਾਂ ਮਾਰਦਾ।

ਇਕ ਦਿਨ ਗੁਰਦੀਪ ਸਿੰਘ ਦੇ ਪਿਤਾ ਜੀ ਨੂੰ ਕਿਸੇ ਵਾਕਫ਼ ਨੇ ਕਿਹਾ ਕਿ ਸਾਡੇ ਗੁਆਂਢ ਵਿਚ ਕੋਈ ਸੱਜਣ ਬਾਬਾ ਦੀਪ ਸਿੰਘ ਸ਼ਹੀਦ ਦੀ 'ਚੌਂਕੀ' ਲਾਉਂਦੇ ਹਨ। ਤੁਸੀਂ ਗੁਰਦੀਪ ਸਿੰਘ ਨੂੰ ਉੱਥੇ ਲੈ ਜਾਉ। ਸੱਚਮੁੱਚ ਗੁਰਦੀਪ ਸਿੰਘ ਨੂੰ ਉੱਥੇ ਜਾ ਕੇ ਆਰਾਮ ਆ ਗਿਆ। ਗੁਰਦੀਪ ਸਿੰਘ  ਨਾ ਸਿਰਫ਼ ਰਾਜੀ ਹੋ ਗਿਆ, ਸਗੋਂ ਉਸ ਉੱਤੇ ਬਾਬਾ ਦੀਪ ਸਿੰਘ ਸ਼ਹੀਦ ਨੇ ਪਹਿਲਾਂ ਹੋਰ ਸ਼ਹੀਦਾਂ ਦਾ ਅਤੇ ਫੇਰ ਖ਼ੁਦ ਆਪਣਾ 'ਪਹਿਰਾ' ਲਾ ਦਿੱਤਾ। ਗੁਰਦੀਪ ਸਿੰਘ ਦੇ ਦੱਸਣ ਅਨੁਸਾਰ ਇਹੀ 'ਪਹਿਰਾ' ਉਸਨੂੰ 'ਮਾੜੀਆਂ ਚੀਜ਼ਾਂ' ਦੇ ਅਸਰ ਤੋਂ ਬਚਾਉਂਦਾ ਰਿਹਾ। ਇਹੀ ਨਹੀਂ, ਗੁਰਦੀਪ ਸਿੰਘ ਉੱਤੇ ਬਾਬਾ ਜੀ ਦੀ ਉਚੇਚੀ ਕ੍ਰਿਪਾ ਹੋ ਗਈ। ਜਦੋਂ ਉਨ੍ਹਾਂ ਦੇ ਘਰ ਵਿਚ ਬਾਬਾ ਜੀ ਦੀ ਜੋਤ ਲਾਈ ਜਾਂਦੀ ਤਾਂ ਗੁਰਦੀਪ ਸਿੰਘ ਵਿਚ ਬਾਬਾ ਜੀ ਦਾ 'ਅਸਰ' ਆ ਜਾਂਦਾ। ਇਸ 'ਅਸਰ' ਹੇਠ ਉਹ ਜੋ ਵੀ ਕਹਿੰਦਾ, ਸੱਚ ਨਿੱਕਲਦਾ। ਇਸ ਗੱਲ ਤੋਂ ਆਲੇ ਦੁਆਲੇ ਦੇ ਕੁਝ ਲੋਕ ਵੀ ਪ੍ਰਭਾਵਿਤ ਹੋ ਗਏ ਅਤੇ ਉਹ ਗੁਰਦੀਪ ਸਿੰਘ ਹੁਰਾਂ ਦੇ ਘਰ 'ਪੁੱਛਿਆ ਲੈਣ' ਲਈ ਆਉਣ ਲੱਗ ਪਏ।

ਪਰ 'ਪੁੱਛਿਆ ਦੇਣ' ਦਾ ਅਤੇ ਲੋਕਾਂ ਦੇ ਦੁਖ ਰੋਗ ਦੂਰ ਕਰਨ ਵਾਲਾ ਰਸਤਾ ਤਾਂ ਇਕ 'ਸੰਤ' ਦਾ ਸੀ। ਗੁਰਦੀਪ ਸਿੰਘ ਦੇ ਮਾਪੇ ਅਤੇ ਨਾਨਕੇ ਬੜੇ ਫ਼ਿਕਰਮੰਦ ਹੋਏ। ਸਿੱਕ ਸਿੱਕ ਕੇ ਲਏ ਬੱਚਿਆਂ ਨੂੰ ਤਾਂ ਘਰ ਗ੍ਰਿਹਸਥੀ ਵਿਚ ਵਸਦੇ ਰਸਦੇ ਦੇਖਣ ਦੀ ਰੀਝ ਸੀ ਉਨ੍ਹਾਂ ਦੀ। ਗੁਰਦੀਪ ਸਿੰਘ ਦੇ ਨਾਨੀ ਜੀ ਨੇ ਬਾਬਾ ਜੀ ਨੂੰ ਆਪਣੀ ਇਸ ਰੀਝ ਬਾਰੇ ਬੇਨਤੀ ਕੀਤੀ। ਬਾਬਾ ਜੀ ਨੇ ਗੁਰਦੀਪ ਸਿੰਘ ਦੇ ਨਾਨੀ ਜੀ ਨੂੰ ਬਚਨ ਦਿੱਤਾ ਕਿ ਉਨ੍ਹਾਂ ਦੀਆਂ ਸਾਰੀਆਂ ਇੱਛਾਵਾਂ ਪੂਰੀਆਂ ਹੋਣਗੀਆਂ

ਅਤੇ ਗੁਰਦੀਪ ਸਿੰਘ ਇਕ ਦੁਨੀਆਦਾਰ ਇਨਸਾਨ ਵਾਂਗ ਘਰ ਗ੍ਰਿਹਸਥੀ ਦੀਆਂ ਖੁਸ਼ੀਆਂ ਮਾਣ ਸਕੇਗਾ। ਨਾਲ ਹੀ ਉਨ੍ਹਾਂ ਨੇ ਇਹ ਵੀ ਕਿਹਾ ਕਿ ਕਿਸੇ ਵੀ ਦੁੱਖ ਤਕਲੀਫ਼ ਵਿਚ ਉਹ ਗੁਰਦੀਪ ਸਿੰਘ ਦੀ ਰੱਖਿਆ ਕਰਨਗੇ। ਉਸਤੋਂ ਮਗਰੋਂ ਗੁਰਦੀਪ ਸਿੰਘ ਵਿਚ ਬਾਬਾ ਦਾ ਅਸਰ ਪਹਿਲਾਂ ਵਾਂਗ ਨਾ ਰਿਹਾ। ਫੇਰ ਵੀ ਉਹ ਜਦ ਕਦੇ ਬਾਬਾ ਜੀ ਨੂੰ ਯਾਦ ਕਰਦਾ ਹੈ ਤਾਂ ਉਹ 'ਹਾਜ਼ਰ' ਹੋ ਕੇ ਉਸਦੀ ਰਖਿਆ ਕਰਦੇ ਹਨ। ਮਿਹਨਤੀ ਅਤੇ ਜ਼ਹੀਨ ਗੁਰਦੀਪ ਸਿੰਘ ਆਪਣੇ ਜੀਵਨ ਦੀ ਹਰ ਪ੍ਰਾਪਤੀ ਨੂੰ ਬਾਬਾ ਜੀ ਦੀ ਦੇਣ ਸਮਝਦਾ ਹੈ।

ਜ਼ਿੰਦਗੀ ਦੇ ਇਸ ਅਜਬ ਜਹੇ ਖੇਤਰ ਨਾਲ ਮੇਰੀ ਮੁੱਢਲੀ ਜਾਣ ਪਛਾਣ ਗੁਰਦੀਪ ਸਿੰਘ ਦੇ ਰਾਹੀਂ ਹੀ ਹੋਈ। ਇਸ ਤੋਂ ਬਾਅਦ ਅਨੇਕਾਂ ਵਾਰੀ ਅਨੇਕਾਂ ਸਵਾਲ ਮੈਂ ਗੁਰਦੀਪ ਸਿੰਘ ਨੂੰ ਉਸਦੇ ਇਸ ਅਨੁਭਵ ਬਾਰੇ ਪੁੱਛੇ। ਗੁਰਦੀਪ ਸਿੰਘ ਦੀ ਇਸ ਕੇਸ ਹਿਸਟਰੀ ਨੂੰ ਮੈਂ ਬੀ. ਏ. ਵਿਚ ਪੜ੍ਹਦਿਆਂ ਸਮਾਜ ਵਿਗਿਆਨ ਨਾਲ ਰਸਮੀ ਜਾਣ ਪਛਾਣ ਹੋਣ ਤੋਂ ਬਹੁਤ ਚਿਰ ਪਹਿਲਾਂ ਆਪਣੀ ਡਾਇਰੀ ਵਿਚ ਵੀ ਦਰਜ ਕੀਤਾ। ਗੁਰਦੀਪ ਸਿੰਘ ਦੇ ਆਪਣੇ ਨਿੱਜੀ ਅਨੁਭਵ ਅਤੇ ਹੋਰ ਪਰਾਭੌਤਿਕ ਵਰਤਾਰਿਆਂ ਬਾਰੇ ਵਿਗਿਆਨਕ ਵਿਸ਼ਲੇਸ਼ਣ ਉਸਦੀਆਂ ਗੱਲਾਂ ਨੂੰ ਮੇਰੇ ਲਈ ਹੋਰ ਵੀ ਕੀਮਤੀ ਬਣਾਉਂਦੇ ਗਏ। ਰਸਤਿਆਂ ਵਿਚ ਬਣੇ ਨਿੱਕੇ ਨਿੱਕੇ ਗੁੰਬਦਾਂ ਨੂੰ ਮੈਂ ਪਹਿਲਾਂ ਪਹਿਲ ਗੁਰਦੀਪ ਸਿੰਘ ਦੇ ਨਾਲ ਹੀ ਜਾ ਕੇ ਗਹੁ ਨਾਲ ਦੇਖਿਆ। ਜਿਸ ਦਿਨ ਗੁਰਦੀਪ ਸਿੰਘ ਅਤੇ ਮੇਰੀ ਮਿੱਤਰਤਾ ਨੇ ਇਕ ਅਹਿਮ ਮੋੜ ਕੱਟਿਆ, ਉਸ ਦਿਨ ਅਸੀਂ ਦੋਵੇਂ ਸ਼ਮਸ਼ਾਨ ਭੂਮੀ ਵਿਚ ਬੈਠੇ ਸਾਂ। ਸਾਹਮਣੇ ਇਕ ਸਿਵਾ ਬਲ ਰਿਹਾ ਸੀ। ਸਾਡੇ ਲਾਗੇ ਉੱਗੇ ਪਿੱਪਲ ਤੇ ਟੰਗੀ ਤੌੜੀ ਵਿਚੋਂ ਬੂੰਦ ਬੂੰਦ ਡਿਗਦਾ ਪਾਣੀ ਸਫ਼ਰ ਤੇ ਨਿਕਲੀ ਕਿਸੇ ਆਤਮਾ ਦੀ ਪਿਆਸ ਬੁਝਾ ਰਿਹਾ ਸੀ। ਜ਼ਿੰਦਗੀ ਅਤੇ ਮੌਤ ਦੇ ਵਿਚਕਾਰਲਾ ਜਾਂ ਸ਼ਾਇਦ ਜ਼ਿੰਦਗੀ ਅਤੇ ਮੌਤ ਤੋਂ ਪਾਰ ਦਾ ਕੋਈ ਅਨੁਭਵ ਸੀ ਇਹ। ਇਸ ਅਨੁਭਵ ਨੇ ਮੇਰੀ ਜ਼ਿੰਦਗੀ ਨੂੰ 'ਹੋਂਦ' ਬਣਾ ਦਿੱਤਾ।

ਕੁਦਰਤ ਨੇ ਆਪ ਹੀ ਜਿਨ੍ਹਾਂ ਵਰਤਾਰਿਆਂ ਬਾਰੇ ਮੇਰੀ ਉਤਸੁਕਤਾ ਜਗਾਈ ਸੀ, ਉਸ ਉਤਸੁਕਤਾ ਨੂੰ ਸ਼ਾਂਤ ਕਰਨ ਦੇ ਵਸੀਲੇ ਵੀ ਕੁਦਰਤੀ ਤੌਰ ਤੇ ਹੀ ਬਣਦੇ ਗਏ। ਬੀ. ਏ. ਕਰਨ ਮਗਰੋਂ ਮੈਂ ਸਮਾਜ ਵਿਗਿਆਨ ਦੇ ਵਿਸ਼ੇ ਵਿਚ ਐਮ. ਏ. ਕੀਤੀ। ਮਨ ਦੀ ਧੁੰਦ ਜਹੀ ਵਿਚ ਉਦੋਂ ਤੱਕ ਵੀ ਕੋਈ ਸੂਰਜ ਨਹੀਂ ਸੀ ਲਿਸ਼ਕਿਆ। ਕੁਝ ਕੁ ਥਿਊਰੀਆਂ, ਕੁਝ ਕੁ ਸੰਕਲਪਾਂ ਅਤੇ ਕੁਝ ਕੁ ਵਿਧੀਆਂ ਦਾ ਬੋਝ ਦਿਮਾਗ ਤੇ ਲੱਦ ਲੈਣਾ, ਅਤੇ ਫਿਰ ਇਸ ਭਾਰ ਨੂੰ ਇਮਤਿਹਾਨ ਦੇ ਪਰਚਿਆਂ ਤੇ ਉਗਲ ਦੇਣਾ, ਪੜ੍ਹਾਈ ਦਾ ਇਸ ਪ੍ਰਕ੍ਰਿਆ ਤੋਂ ਪਾਰ ਕੋਈ ਮਤਲਬ ਨਹੀਂ ਸੀ ਮੇਰੇ ਲਈ।

ਮੈਂ ਪਹਿਲਾਂ ਦਸ ਹੀ ਚੁਕੀ ਹਾਂ ਕਿ ਮੈਂ ਐਮ. ਏ. ਦੀ ਪੜ੍ਹਾਈ ਇਕ ਪ੍ਰਾਈਵੇਟ ਵਿਦਿਆਰਥੀ ਦੇ ਤੌਰ ਤੇ ਕੀਤੀ ਸੀ। ਇਸ ਲਈ ਮੈਂ ਵਿਭਾਗ ਦੇ ਕਿਸੇ ਪ੍ਰੋਫੈਸਰ ਨੂੰ ਜਾਣਦੀ ਨਹੀਂ ਸਾਂ। ਇਕ ਰਿਸ਼ਤੇਦਾਰ ਨੇ ਮੇਰਾ ਤੁਆਰਫ਼ ਵਿਭਾਗ ਦੇ ਇਕ ਸੀਨੀਅਰ ਅਤੇ ਵਿਦਵਾਨ ਪ੍ਰੋਫੈਸਰ ਸਾਹਿਬ ਨਾਲ ਕਰਵਾਇਆ ਜਿੰਨ੍ਹਾਂ ਦਾ ਜ਼ਿਕਰ ਮੈਂ ਪਹਿਲਾਂ ਕਰ ਆਈ ਹਾਂ। ਪ੍ਰੋਫੈਸਰ ਸਾਹਿਬ ਨੇ ਮੇਰੀ ਸਰਸਰੀ ਜਹੀ ਜਾਣ-ਪਛਾਣ ਪੁੱਛੀ। ਉਨ੍ਹਾਂ ਦਾ ਇਹ ਪੱਕਾ ਵਿਸ਼ਵਾਸ ਸੀ ਕਿ ਪ੍ਰਾਈਵੇਟ ਵਿਦਿਆਰਥੀ ਇਧਰੋਂ ਉਧਰੋਂ ਪੜ੍ਹ ਕੇ ਨੰਬਰ ਲੈ ਸਕਦੇ ਹਨ। ਬੀ. ਏ. ਤੱਕ ਤਾਂ ਮੈਂ ਮੈਰਿਟ ਲਿਸਟ ਤੇ ਸਾਂ। ਪਰ ਬੀ. ਏ. ਵਿਚ ਮੈਂ ਸਮਾਜ ਵਿਗਿਆਨ ਦਾ ਵਿਸ਼ਾ ਨਹੀਂ ਸੀ ਪੜ੍ਹਿਆ। ਮੈਂ ਉਨ੍ਹਾਂ ਸਾਹਮਣੇ 'ਅਗੋਂ ਪੜ੍ਹਨ' ਦੀ ਇੱਛਾ ਜ਼ਾਹਰ ਕੀਤੀ। ਪ੍ਰੋਫੈਸਰ ਸਾਹਿਬ ਦੇ 'ਤਜਰਬੇ' ਸਾਹਮਣੇ ਮੇਰੀ ਇੱਛਾ ਤੁੱਛ ਜਿਹੀ ਸੀ। ਉਹਨਾਂ ਦੇ ਅਨੁਸਾਰ ਕੁੜੀਆਂ 'ਵਕਤ ਪਾਸ ਕਰਨ ਲਈ' ਜਾਂ ਫਿਰ ਆਪਣੀ 'ਮਾਰਕਿਟ ਵੈਲੀਊ' ਵਧਾਉਣ ਲਈ ਐਮ. ਫਿਲ ਜਾਂ ਪੀ. ਐਚ. ਡੀ. ਸ਼ੁਰੂ ਕਰ ਲੈਂਦੀਆਂ ਸਨ। ਇਸ ਦੌਰਾਨ ਉਨ੍ਹਾਂ ਦੇ ਮਾਪੇ ਉਨ੍ਹਾਂ ਲਈ ਯੋਗ ਮੁੰਡੇ ਦੀ ਖੋਜ ਕਰੀ ਜਾਂਦੇ ਸਨ ਅਤੇ ਮਾਪਿਆਂ ਦੀ ਖੋਜ ਦੀ ਲੱਭਤ ਪ੍ਰਾਪਤ ਹੁੰਦਿਆਂ ਹੀ ਕੁੜੀਆਂ ਐਮ. ਫਿਲ ਜਾਂ ਪੀ. ਐਚ. ਡੀ. ਵਿਚੇ ਹੀ ਛੱਡ ਕੇ ਵਿਆਹ ਕਰਵਾ ਲੈਂਦੀਆਂ ਸਨ। ਪ੍ਰੋਫੈਸਰ ਸਾਹਿਬ ਅਨੁਸਾਰ ਕੁੜੀਆਂ ਉਤੇ ਮਿਹਨਤ ਕਰਨੀ ਬਿਲਕੁਲ ਹੀ ਬੇਕਾਰ ਹੁੰਦੀ ਹੈ।

ਇੱਥੇ ਮੈਨੂੰ ਆਪਣੇ ਫੀਲਡ ਵਰਕ ਦੌਰਾਨ ਕੀਤੀ ਗਈ ਇਕ ਨੌਜਵਾਨ ਨਾਥ ਜੋਗੀ ਦੀ ਇੰਟਰਵਿਊ ਚੇਤੇ ਆ ਰਹੀ ਹੈ। ਉਸਦੇ ਦੱਸਣ ਅਨੁਸਾਰ ਕੰਨ ਪੜਵਾਉਣ ਤੋਂ ਪਹਿਲਾਂ ਚੇਲੇ ਨੂੰ ਗੁਰੂ ਦੀ ਸ਼ਗਿਰਦੀ ਕਰਨੀ ਪੈਂਦੀ ਹੈ, ਡੇਰੇ ਦੀ ਸੰਭਾਲ ਕਰਨੀ ਪੈਂਦੀ ਹੈ ਅਤੇ ਪਾਠ ਪੂਜਾ ਕਰਨੀ ਪੈਂਦੀ ਹੈ। ਕਈਆਂ ਚੇਲਿਆਂ ਲਈ ਸ਼ਗਿਰਦੀ ਦਾ

ਇਹ ਸਮਾਂ ਕਈ ਕਈ ਸਾਲਾਂ ਤੱਕ ਦਾ ਹੁੰਦਾ ਹੈ, ਪਰ ਜੇਕਰ ਚੇਲਾ ਯੋਗ ਹੋਵੇ ਤਾਂ ਚਾਲ੍ਹੀ ਦਿਨਾਂ ਤੱਕ ਦੀ ਸ਼ਗਿਰਦੀ ਤੋਂ ਮਗਰੋਂ ਗੁਰੂ ਉਸਦੇ ਕੰਨ ਪਾੜਨ ਦੀ ਰਸਮ ਦਾ ਦਿਨ ਨਿਸ਼ਚਿਤ ਕਰ ਸਕਦਾ ਹੈ। ਪਰ ਨਿਸ਼ਚਿਤ ਦਿਨ ਨੂੰ ਵੀ ਗੁਰੂ ਚੇਲੇ ਨੂੰ ਤਿੰਨ ਵਾਰੀ ਯੋਗ ਦੇ ਰਾਹ 'ਤੇ ਚੱਲਣ ਤੋਂ ਵਰਜਦਾ ਹੈ। ਫੇਰ ਵੀ ਜੇਕਰ ਚੇਲੇ ਦਾ ਸੰਕਲਪ ਦ੍ਰਿੜ ਹੋਵੇ ਤਾਂ ਉਹ ਗੁਰੂ ਦੇ ਮਨ੍ਹਾ ਕਰਨ ਦੇ ਬਾਵਜੂਦ ਉਸਦੇ ਹੱਥ ਵਿਚ ਛੁਰੀ ਫੜਾ ਦੇਂਦਾ ਹੈ। ਉਸਦੇ ਸਿਦਕ ਨੂੰ ਦੇਖਕੇ ਗੁਰੂ ਉਸ ਦੇ ਕੰਨ ਪਾੜਨ ਦੀ ਰਸਮ ਅਦਾ ਕਰ ਦੇਂਦਾ ਹੈ। ਇੰਜ ਕੁਝ ਸੰਸਕਾਰਾਂ ਤੋਂ ਮਗਰੋਂ ਉਸਦਾ ਦਰਜਾ ਇਕ ਚੇਲੇ ਤੋਂ ਉਠਕੇ 'ਕੰਨ ਪਾਟੇ ਜੋਗੀ' ਵਾਲਾ ਹੋ ਜਾਂਦਾ ਹੈ।

ਮੈਨੂੰ ਅੱਜ ਤੱਕ ਇਸ ਗੱਲ ਦੀ ਸਮਝ ਨਹੀਂ ਆਈ ਕਿ ਵਿਦਵਾਨ ਪ੍ਰੋਫੈਸਰ ਸਾਹਿਬ ਮੈਨੂੰ ਐਮ. ਫਿਲ/ਪੀ. ਐਚ. ਡੀ. ਕਰਨ ਤੋਂ ਕਿਉਂ ਵਰਜ ਰਹੇ ਸਨ। ਸ਼ੁਰੂ ਸ਼ੁਰੂ ਵਿਚ ਉਨ੍ਹਾਂ ਦੇ ਕਹਿਣ ਅਨੁਸਾਰ ਮੈਂ ਕੁਝ ਪੜ੍ਹਿਆ ਹੀ ਨਹੀਂ ਸੀ ਹੋਇਆ। ਮੈਂ ਲਾਇਬਰੇਰੀ ਵਿਚ ਕੁਝ ਦਿਨ 'ਪੜ੍ਹ ਕੇ' ਉਨ੍ਹਾਂ ਕੋਲ ਫੇਰ ਜਾਂਦੀ ਤਾਂ ਉਹ ਵਿਅੰਗ ਨਾਲ ਕਹਿ ਦੇਂਦੇ 'ਬਸ ਤਿੰਨ ਕਿਤਾਬਾਂ....।' ਮੇਰੇ ਕੋਲ ਕੋਈ ਦਿਸ਼ਾ ਸੂਚਕ ਨਹੀਂ ਸੀ ਅਤੇ ਪ੍ਰੋਫੈਸਰ ਸਾਹਿਬ ਸ਼ਾਇਦ ਹਰ ਕਿਸੇ ਨੂੰ ਆਪਣੇ ਦਿਸ਼ਾ ਸੂਚਕ ਦਿਖਾਣ ਤੋਂ ਸੰਕੋਚ ਕਰਦੇ ਸਨ। ਮੈਂ ਐਮ. ਏ. ਵਿਚ ਰਿਸਰਚ ਮੈਥਡਜ਼ ਦਾ ਪੇਪਰ ਪਾਸ ਕੀਤਾ ਸੀ। ਪਰ ਵਿਹਾਰਕ ਤੌਰ ਤੇ ਮੈਨੂੰ ਖੋਜ ਦੀ ਕੋਈ ਸਮਝ ਨਹੀਂ ਸੀ। ਇਸੇ ਕਾਰਨ ਜਾਂ ਕਿਸੇ ਹੋਰ ਕਾਰਨ ਸ਼ਾਇਦ ਮੈਨੂੰ ਪ੍ਰੋਫੈਸਰ ਸਾਹਿਬ ਦੁਆਰਾ 'ਜੋਗੀਆਂ ਦੇ ਇਸ ਡੇਰੇ' ਦੇ ਬਾਹਰੋਂ ਹੀ ਮੋੜ ਦਿੱਤਾ ਗਿਆ। ਮੇਰੇ ਲਈ ਇਹ ਸਮਾਂ ਬੜਾ ਅਹਿਮ ਸੀ।

ਕੁਝ ਮਹੀਨੇ ਮਗਰੋਂ ਮੈਂ ਵਿਭਾਗ ਦੇ ਇਕ ਹੋਰ ਸੀਨੀਅਰ ਪ੍ਰੋਫੈਸਰ ਡਾ. ਆਈ. ਐਮ। ਲਾਲ (ਮਰਹੂਮ) ਨਾਲ ਐਮ. ਫਿਲ. ਕਰਨ ਬਾਰੇ ਗੱਲ ਕੀਤੀ। ਨਿਰਸੰਦੇਹ ਮੈਂ ਉਦੋਂ ਤੱਕ ਆਪਣੇ ਆਪ ਨੂੰ ਕੁਝ ਤਿਆਰ ਕਰ ਲਿਆ ਸੀ। ਮੈਂ ਵਿਸ਼ੇ ਨਾਲ ਸੰਬੰਧਤ ਕੁਝ ਜਰਨਲ ਦੇਖੇ ਸਨ ਜਿਨ੍ਹਾਂ ਵਿਚਲੇ ਤਾਜ਼ਾਤਰੀਨ ਰਿਵਿਊ ਆਰਟੀਕਲਾਂ ਤੋਂ ਮੈਨੂੰ ਫੀਲਡ ਵਿਚ ਹੋ ਚੁੱਕੀਆਂ ਅਤੇ ਹੋ ਰਹੀਆਂ ਖੋਜਾਂ ਦਾ ਲੇਖਾ ਜੋਖਾ ਸਾਰ ਰੂਪ ਵਿਚ ਪ੍ਰਾਪਤ ਹੋ ਗਿਆ ਸੀ। ਮੇਰੇ ਮਨ ਵਿਚ ਇਕ ਜਾਣੇ ਪਛਾਣੇ ਸਮਾਜ ਵਿਗਿਆਨੀ ਦੀ ਧਰਮ ਬਾਰੇ ਥਿਊਰੀ ਨੂੰ ਖੋਜ ਰਾਹੀਂ ਟੈਸਟ ਕਰਨ ਦਾ ਨਕਸ਼ਾ ਜਿਹਾ ਬਣ ਗਿਆ ਸੀ । ਇਸ ਨਕਸ਼ੇ ਦੇ ਆਧਾਰ ਤੇ ਹੀ ਮੈਂ ਪਹਿਲਾਂ ਹੋ ਚੁੱਕੀਆਂ ਖੋਜਾਂ ਦੀ ਰੌਸ਼ਨੀ ਵਿਚ ਆਪਣੀ ਖੋਜ ਦਾ ਮੁੱਢਲਾ ਸਿਨਾਪਸਿਸ ਤਿਆਰ ਕਰ ਲਿਆ। ਮੈਂ ਪ੍ਰੋਫੈਸਰ ਲਾਲ ਨੂੰ ਇਹ ਮੁੱਢਲਾ ਸਿਨਾਪਸਿਸ ਦਿਖਾਇਆ। ਉਨ੍ਹਾਂ ਨੇ ਉਸ ਸਮੇਂ ਮੇਰੀ ਹੌਂਸਲਾ ਅਫ਼ਜ਼ਾਈ ਕੀਤੀ। ਮਗਰੋਂ ਉਨ੍ਹਾਂ ਨਾਲ ਹੋਈ ਗੱਲਬਾਤ ਤੋਂ ਮੈਨੂੰ ਸਪਸ਼ਟ ਹੋ ਗਿਆ ਕਿ ਐਮ. ਫਿਲ. ਦੇ ਖੋਜ ਨਿਬੰਧ ਦੀ ਸੀਮਾ ਬੜੀ ਸੀਮਿਤ ਹੁੰਦੀ ਹੈ। ਇਸ ਲਈ ਇਸ ਥੀਸਿਸ ਨੂੰ ਕਿਸੇ ਥਿਊਰੀ ਤੇ ਆਧਾਰਿਤ ਕਰਨਾ ਲਾਹੇਵੰਦ ਨਹੀਂ ਸੀ। ਕੁਝ ਕੁ ਹੋਰ ਲਾਇਬਰੇਰੀ ਵਰਕ ਕਰਕੇ ਮੈਂ ਡਾ. ਲਾਲ ਦੀ ਅਗਵਾਈ ਹੇਠ ਖੋਜ ਦਾ ਸਿਨਾਪਸਿਸ ਲਿਖ ਲਿਆ ਅਤੇ ਐਮ. ਫਿਲ. ਦਾ ਫੀਲਡ ਵਰਕ ਸ਼ੁਰੂ ਕਰ ਦਿੱਤਾ। ਐਮ. ਫਿਲ. ਦੇ ਥੀਸਿਸ ਦਾ ਵਿਸ਼ਾ 'ਫੈਕਟਰੀ ਮਜਦੂਰਾਂ ਦੀ ਧਾਰਮਿਕ ਉਰੀਐਂਟੇਸ਼ਨ' ਦੇ ਅਧਿਐਨ ਨਾਲ ਸੰਬੰਧਤ ਸੀ। ਪ੍ਰਸ਼ਨ ਸੂਚੀ ਵਿਚ ਸ਼ਾਮਲ ਪ੍ਰਸ਼ਨਾਂ ਵਿਚ ਫੈਕਟਰੀ ਮਜ਼ਦੂਰਾਂ ਦੇ ਧਾਰਮਿਕ ਵਿਸ਼ਵਾਸਾਂ, ਵਿਵਹਾਰਾਂ ਅਤੇ ਉਨ੍ਹਾਂ ਦੀ ਜ਼ਿੰਦਗੀ ਦੇ ਵੱਖੋ ਵੱਖਰੇ ਖੇਤਰਾਂ ਵਿਚ ਧਰਮ ਦੇ ਰੋਲ ਸਬੰਧੀ ਪ੍ਰਸ਼ਨ ਸ਼ਾਮਲ ਸਨ। ਐਮ. ਫਿਲ. ਦਾ ਥੀਸਿਸ ਲਿਖਣ ਲਈ ਮੈਂ ਫੈਕਟਰੀ ਮਜਦੂਰਾਂ ਦੀ ਇਕ ਨਿਸ਼ਚਿਤ ਗਿਣਤੀ ਨੂੰ ਇੰਟਰਵਿਊ ਕਰਕੇ ਨਤੀਜੇ ਕੱਢਣੇ ਸਨ। ਇਸ ਨਿਸ਼ਚਿਤ ਗਿਣਤੀ ਤੋਂ ਕਿਤੇ ਵਧ ਮਜਦੂਰਾਂ ਨੂੰ ਮੈਂ ਇੰਟਰਵਿਊ ਕੀਤਾ। ਪਰ ਬੜੀ ਪੇਤਲੀ ਜਿਹੀ ਜਾਣਕਾਰੀ ਮੇਰੇ ਹੱਥ ਲੱਗੀ ਜੋ ਸਿਰਫ਼ ਅੰਕੜਿਆਂ ਤਕ ਹੀ ਸੀਮਿਤ ਸੀ। ਅੰਕੜਿਆਂ ਦੇ ਜਮ੍ਹਾਂ ਜੋੜ ਤੋਂ ਹੀ ਐਮ. ਫਿਲ. ਦੇ ਥੀਸਿਸ ਦਾ ਮੂੰਹ ਮੱਥਾ ਜਿਹਾ ਬਣਾਇਆ ਅਤੇ ਐਮ. ਫਿਲ. ਕਰ ਲਈ। ਇਹ ਮੂੰਹ ਮੱਥਾ ਬਣਾਣ ਵਿਚ ਵਿਭਾਗ ਦੇ ਇਕ ਹੋਰ ਸੀਨੀਅਰ ਪ੍ਰੋਫੈਸਰ ਭੁਪਿੰਦਰ ਸਿੰਘ ਜੀ ਦੀ ਅਗਵਾਈ ਮੇਰੇ ਬਹੁਤ ਕੰਮ ਆਈ।

ਮੈਂ ਇਹ ਨਹੀਂ ਕਹਿ ਸਕਦੀ ਕਿ ਐਮ. ਫਿਲ. ਦੇ ਫੀਲਡ ਵਰਕ ਤੋਂ ਮੈਨੂੰ ਕੋਈ ਲਾਭ ਹੀ ਨਹੀਂ ਹੋਇਆ। ਇਕੱਲਿਆਂ ਸਫ਼ਰ ਕਰਨ ਦਾ, ਮੈਨੇਜਮੈਂਟ ਨੂੰ ਮਿਲਕੇ ਮਜਦੂਰਾਂ ਤੱਕ ਪਹੁੰਚ ਕਰਨ ਦਾ ਅਤੇ ਵੱਖੋ ਵੱਖਰੀ ਸਮਾਜਕ ਆਰਥਕ ਪਿੱਠਭੂਮੀ ਵਾਲੇ ਮਜ਼ਦੂਰਾਂ ਨੂੰ ਮਿਲ ਕੇ ਇੰਟਰਵਿਊ ਕਰਨ ਦਾ ਤਜਰਬਾ ਮੇਰੇ ਲਈ ਨਵਾਂ ਵੀ ਸੀ ਅਤੇ ਸਿਖਿਆਦਾਇਕ ਵੀ। ਜਿੱਥੋਂ ਤੱਕ ਲੋਕਾਂ ਦਾ ਸੰਬੰਧ ਹੈ, ਹਰ ਫੈਕਟਰੀ ਵਿਚ ਮੈਨੂੰ ਚੰਗੇ ਲੋਕ ਮਿਲੇ। ਮੈਨੇਜਰ ਬੜੇ ਤਪਾਕ ਨਾਲ ਮਿਲਦੇ, ਮੇਰੀ ਰਿਸਰਚ ਵਿਚ ਰੁਚੀ ਦਿਖਾਂਦੇ ਅਤੇ ਮਜਦੂਰਾਂ ਦੀ ਨਿਸ਼ਚਿਤ ਡਿਊਟੀ ਵਿਚੋਂ ਉਹ ਉਨ੍ਹਾਂ ਨੂੰ ਮੇਰੀ ਰਿਸਰਚ ਦੀ ਖਾਤਰ ਕੁਝ ਘੰਟਿਆਂ ਦੀ ਵਿਹਲ ਦੇ ਦੇਂਦੇ। ਫੈਕਟਰੀਆਂ ਦੀਆਂ ਬੱਸਾਂ ਵਿਚ ਅਫ਼ਸਰਾਂ ਲਈ ਰਾਖਵੀਆਂ ਸੀਟਾਂ ਵਿਚਕਾਰ ਮੇਰੀ ਸੀਟ ਵੀ ਰਾਖਵੀਂ ਹੋ ਜਾਂਦੀ ਅਤੇ ਫੈਕਟਰੀਆਂ ਦੇ ਮਜ਼ਦੂਰ ਵੀ ਮੇਰੀ ਇੱਜ਼ਤ ਕਰਦੇ।

ਮੈਂ ਜਾਣਦੀ ਹਾਂ ਕਿ ਇਸ ਫੀਲਡ ਵਰਕ ਦੌਰਾਨ ਨਾ ਤਾਂ ਮੈਂ ਜਾਣਕਾਰੀ ਦੇ ਉੱਚ ਪੱਧਰ ਨੂੰ ਛੂਹ ਸਕੀ ਅਤੇ ਨਾ ਹੀ ਇਸਦੇ ਬਹਾਨੇ ਆਪਣੀ ਸ਼ਖ਼ਸੀਅਤ ਦੇ ਖੇੜੇ ਦੀਆਂ ਸੰਭਾਵਨਾਵਾਂ ਨੂੰ ਉਜਾਗਰ ਕਰ ਸਕੀ। ਘੱਟੋ ਘੱਟ ਅੱਜ ਮੈਂ ਆਪਣੇ ਕੀਤੇ ਫੀਲਡ ਵਰਕ ਦੀਆਂ ਜੁਗਤਾਂ ਨੂੰ ਆਪ ਹੀ ਰੱਦ ਕਰਨ ਵਿਚ ਕੋਈ ਸ਼ਰਮ ਨਹੀਂ ਮਹਿਸੂਸ ਕਰਦੀ। ਹਾਲਾਂਕਿ ਮੈਂ ਥੀਸਿਸ ਲਈ ਇੰਟਰਵਿਊ ਕੀਤੇ ਜਾਣ ਲਈ ਲੋੜੀਂਦੇ ਕੇਸਾਂ ਤੋਂ ਵੱਧ ਮਜ਼ਦੂਰਾਂ ਨੂੰ ਮਿਲੀ ਅਤੇ ਉਨ੍ਹਾਂ ਨੂੰ ਇੰਟਰਵਿਊ ਕੀਤਾ, ਪਰ ਮੇਰੀ ਜਾਣਕਾਰੀ ਇੰਟਰਵਿਊ ਸ਼ੈਡੀਊਲ ਦੇ ਨਿਸ਼ਚਿਤ ਪ੍ਰਸ਼ਨਾਂ ਅਤੇ ਉਨ੍ਹਾਂ ਦੇ ਨਿਸ਼ਚਿਤ ਉੱਤਰਾਂ ਤੱਕ ਹੀ ਸੀਮਿਤ ਰਹੀ। ਇੰਜ ਮੈਨੂੰ ਫੈਕਟਰੀ ਮਜ਼ਦੂਰਾਂ ਦੀ ਧਾਰਮਿਕ ਓਰੀਐਂਟੇਸ਼ਨ ਬਾਰੇ ਕੋਈ ਜੀਉਂਦਾ ਜਾਗਦਾ ਗਿਆਨ ਪ੍ਰਾਪਤ ਨਾ ਹੋ ਸਕਿਆ। ਇਸਦੇ ਕਈ ਕਾਰਨ ਸਨ। ਫੈਕਟਰੀ ਸੁਪਰਵਾਈਜ਼ਰਾਂ ਦੇ ਭੇਜੇ ਹੋਏ, ਆਮ ਤੌਰ ਤੇ ਗਰੀਬੜੇ ਜਿਹੇ ਮਜਦੂਰ ਮੇਰੇ ਕੋਲ ਇੰਟਰਵਿਊ ਦੇਣ ਲਈ ਆਉਂਦੇ। ਮੇਰੇ ਸਾਹਮਣੇ ਇਸ ਮੰਤਵ ਲਈ ਰੱਖੀ ਕੁਰਸੀ ਤੇ ਬੈਠਣ ਵਿਚ ਉਹ ਬੜੀ ਝਿਜਕ ਮਹਿਸੂਸ ਕਰਦੇ। ਉਹਨਾਂ ਵਿਚੋਂ ਬਹੁਤ ਸਾਰੇ ਮਜ਼ਦੂਰ ਜਾਂ ਤਾਂ ਖੜ੍ਹੇ ਰਹਿੰਦੇ ਜਾਂ ਫਿਰ ਮੇਰੇ ਬਹੁਤਾ ਕਹਿਣ ਤੇ ਮੇਰੀ ਮੇਜ ਦੇ ਸਾਹਮਣੇ ਜਮੀਨ ਤੇ ਪੈਰਾਂ ਭਾਰ ਬੈਠ ਜਾਂਦੇ। ਮੈਨੂੰ ਬੜੀ ਸ਼ਰਮ ਆਉਂਦੀ, ਜਦੋਂ ਉਹ ਕਹਿੰਦੇ,

'ਅਫ਼ਸਰ ਲੋਗੋ ਕੇ ਬਰਾਬਰ ਕੈਸੇ ਬੈਠੇਂ।'

ਕੋਈ ਹੋਰ ਮਜ਼ਦੂਰ ਇਸ ਡਰ ਨਾਲ ਨਾ ਬਹਿੰਦਾ,

'ਕਹੀਂ ਬੜੇ ਅਫ਼ਸਰ ਕੋ ਪਤਾ ਚਲ ਗਿਆ ਤੋ ਨੌਕਰੀ ਸੇ ਨਿਕਾਲ ਦੇਂਗੇ, ਅਫ਼ਸਰ ਤੋਂ ਸਭ ਆਪਸ ਮੇਂ ਏਕ ਹੋਤਾ ਹੈ।'

ਧਰਮ ਦੇ ਨਾਲ ਸੰਬੰਧਤ ਵੱਖ ਵੱਖ ਪ੍ਰਸ਼ਨਾਂ ਦੇ ਉੱਤਰ ਵਿਚ ਮਜ਼ਦੂਰ ਕਈ ਵਾਰੀ ਚੁੱਪ ਵੱਟੀ ਰੱਖਦੇ। ਉਨ੍ਹਾਂ ਦੇ ਮਨ ਵਿਚ ਨਿਰਾਧਾਰ ਸ਼ੱਕ ਸਨ, ਭੁਲੇਖੇ ਸਨ ਅਤੇ ਡਰ ਸਨ। ਇਨ੍ਹਾਂ ਚੀਜ਼ਾਂ ਨੇ ਮੇਰੇ ਅਤੇ ਮਜ਼ਦੂਰਾਂ ਵਿਚਕਾਰਲੇ ਫਾਸਲੇ ਨੂੰ ਘਟਾਣ ਦੀ ਬਜਾਏ ਉਭਾਰਿਆ। ਹਾਲਾਂਕਿ ਇਨ੍ਹਾਂ ਭੁਲੇਖਿਆਂ ਬਾਰੇ ਬਹੁਤੇ ਮਜ਼ਦੂਰ ਮਗਰੋਂ ਆਪ ਹੀ ਮੇਰੇ ਨਾਲ ਗਲ ਕਰ ਲੈਂਦੇ। ਫੈਕਟਰੀ ਦੀ ਇਕਲਾਪੀ ਜਹੀ ਜ਼ਿੰਦਗੀ ਵਿਚ ਇਕ 'ਨਵੇਂ ਅਫਸਰ' ਦੀ ਅਚਾਨਕ ਆਮਦ ਨੇ ਕਈ ਮਜ਼ਦੂਰਾਂ ਨੂੰ ਛਾਂਟੀ ਦਾ ਫ਼ਿਕਰ ਪਾ ਦਿੱਤਾ। ਕਈ ਮਜਦੂਰ ਮੈਨੂੰ 'ਦੂਜੇ ਧੜੇ' ਦੀ ਸਮਝ ਕੇ ਆਪਣਾ ਭੇਤ ਨਾ ਦੇਣਾ ਚਾਹੁੰਦੇ। ਕਈ ਨੇਤਾ ਨੁਮਾ ਮਜ਼ਦੂਰ ਮੇਰੇ ਰਾਹੀਂ ਅਫਸਰਾਂ ਤੱਕ ਆਪਣੀਆਂ ਧਮਕੀਆਂ ਪੁਚਾਣਾ ਚਾਹੁੰਦੇ। ਕੁਝ ਹੋਰਾਂ ਨੇ ਮੈਨੂੰ ਆਪਣੀਆਂ ਦੁੱਖ ਤਕਲੀਫ਼ਾਂ ਮੈਨੇਜਮੈਂਟ ਤਕ ਪੁਚਾਣ ਦਾ ਵਸੀਲਾ ਸਮਝ ਲਿਆ। ਇਸਤ੍ਰੀ ਮਜ਼ਦੂਰ ਮੇਰੇ ਸੁਆਲਾਂ ਦੇ ਜੁਆਬ ਦੇਣ ਤੋਂ ਵੱਧ ਮੇਰੇ ਬਾਰੇ ਸੁਆਲ ਕਰਨ ਵਿੱਚ ਰੁਚਿਤ ਹੁੰਦੀਆਂ। ਕਤਾਈ ਮਿੱਲ ਦੀ ਅਸਹਿ ਗਰਮੀ ਵਿਚ ਕੰਮ ਕਰਦਿਆਂ ਡਿਊਟੀ ਤੋਂ ਪਹਿਲੀ ਵਾਰੀ ਮਿਲੀ ਇਹ ਛੋਟ ਉਨ੍ਹਾਂ ਲਈ ਨਵੀਂ ਸੀ। ਮੇਰੇ ਬਰਾਬਰ ਦੀ ਕੁਰਸੀ ਤੇ ਬਹਿ ਕੇ ਪੱਖੇ ਦੀ ਹਵਾ ਮਾਣਨਾ ਕੁਝ ਮਜ਼ਦੂਰਾਂ ਲਈ ਅਸਲੋਂ ਹੀ ਨਵਾਂ ਅਨੁਭਵ ਸੀ। ਉਹ ਇਨ੍ਹਾਂ ਸੁਖਦ ਪਲਾਂ ਨੂੰ ਲਮਕਾਉਣਾ ਚਾਹੁੰਦੇ ਅਤੇ ਆਪਸ ਵਿਚ ਇਸ ਅਨੁਭਵ ਬਾਰੇ ਗੱਲਾਂ ਕਰਦੇ ਰਹਿੰਦੇ। ਮੇਰੇ ਵਿਚ ਨਾ ਏਨੀ ਯੋਗਤਾ ਸੀ ਨਾ ਠਰ੍ਹੰਮਾ ਕਿ ਮੈਂ ਉਨ੍ਹਾਂ ਦੇ ਉਲ੍ਹਾਰਾਂ ਨੂੰ ਸਮਝ ਕੇ ਉਨ੍ਹਾਂ ਨੂੰ ਇਨ੍ਹਾਂ ਵਿਚੋਂ ਉਬਾਰ ਸਕਦੀ। ਖੋਜ ਅਧੀਨ ਆਏ ਮਜ਼ਦੂਰਾਂ ਦੇ ਹੀਣਤਾ ਭਾਵਾਂ, ਮੈਨੇਜਮੈਂਟ ਦੁਆਰਾ ਉਨ੍ਹਾਂ ਤੇ ਕੀਤੀਆਂ ਗਈਆਂ ਸਖ਼ਤੀਆਂ, ਨੌਕਰੀ ਦਿਵਾਣ ਵਾਲੇ ਲੋਕਾਂ ਦੇ ਮਜ਼ਦੂਰਾਂ ਤੇ ਜਤਾਏ ਅਹਿਸਾਨਾਂ ਅਤੇ ਹੋਰ ਘਸੇ ਪਿਟੇ ਵਿਚਾਰਾਂ ਤੇ ਵਿਸ਼ਵਾਸਾਂ ਵਿਚੋਂ ਮੈਂ ਉਹਨਾਂ ਦੀ ਧਾਰਮਿਕ ਉਰੀਐਂਟੇਸ਼ਨ ਉਘਾੜ ਨਾ ਸਕੀ ਘਟੋ ਘੱਟ ਉਸ ਤਰ੍ਹਾਂ ਨਹੀਂ ਜਿਸ ਤਰ੍ਹਾਂ ਇਹ ਉਘਾੜੀ ਜਾ ਸਕਦੀ ਸੀ।

ਐਮ. ਫਿਲ ਦਾ ਥੀਸਿਸ ਲਿਖਦਿਆਂ ਪ੍ਰੋਫੈਸਰ ਭੁਪਿੰਦਰ ਸਿੰਘ ਜੀ ਨੇ ਇਕ ਦਿਨ ਮੈਨੂੰ ਪੁੱਛਿਆ,

'ਪੀ. ਐਚ. ਡੀ ਤਾਂ ਕਰੋਗੇ ਨਾ?'

ਮੈਂ ਬੜੀ ਹੈਰਾਨੀ ਜਿਹੀ ਨਾਲ ਉਨ੍ਹਾਂ ਵਲ ਵੇਖਿਆ। ਅੱਜ ਸੋਚਾਂ ਤਾਂ ਕਹਿ ਸਕਦੀ ਹਾਂ ਕਿ ਜੇਕਰ ਐਮ. ਫਿਲ ਕਰ ਲਈ ਸੀ ਤਾਂ ਪੀ. ਐਚ. ਡੀ ਕਰਨ ਬਾਰੇ ਵੀ ਸੋਚ ਸਕਦੀ ਸਾਂ। ਪਰ ਆਪਣੇ ਲਈ ਪੀ. ਐਚ. ਡੀ ਦਾ ਜ਼ਿਕਰ ਮੈਂ ਪਹਿਲੀ ਵਾਰੀ ਉਨ੍ਹਾਂ ਦੇ ਮੂੰਹੋਂ ਸੁਣਿਆ ਸੀ। ਮੇਰੀ ਇਹ ਹੈਰਾਨੀ ਪਤਾ ਨਹੀਂ ਕਿਓਂ ਬਹੁਤ

ਸਾਰੇ ਲੋਕਾਂ ਲਈ ਮੇਰੇ ਪ੍ਰਤੀ ਈਰਖਾ ਦਾ ਕਾਰਨ ਬਣੀ ।

ਖ਼ੈਰ ਕੁਝ ਵੀ ਹੋਵੇ, ਐਮ. ਫਿਲ. ਦਾ ਥੀਸਿਸ ਮੁਕਾਂਦਿਆਂ ਹੀ ਮੈਂ ਅਤੇ ਪ੍ਰੋ. ਸਾਹਿਬ ਨੇ ਪੀ. ਐਚ. ਡੀ. ਲਈ ਟਾਪਿਕ ਲੱਭਣਾ ਆਰੰਭ ਕਰ ਦਿੱਤਾ। ਇਹ ਸੱਚ ਹੈ ਕਿ ਖੋਜ ਕਰਨ ਲਈ 'ਸਮੱਸਿਆ' ਨੂੰ ਲੱਭਣਾ ਆਪਣੇ ਆਪ ਵਿਚ ਇਕ ਸੱਮਸਿਆ ਹੈ। ਬਹੁਤ ਸਾਰੇ ਥੀਸਿਸ ਦੇਖੇ। ਰੀਵਿਊ ਆਰਟੀਕਲ ਪੜ੍ਹੇ। ਸਮਾਜ ਵਿਗਿਆਨ ਵਿਚ ਹੋ ਚੁੱਕੀਆਂ ਅਤੇ ਹੋ ਰਹੀਆਂ ਖੋਜਾਂ ਬਾਰੇ ਜਰਨਲਾਂ ਵਿਚ ਛਪੇ ਲੇਖ ਪੜ੍ਹੇ। ਕੁਝ ਹੋਰ ਯੂਨੀਵਰਸਿਟੀਆਂ ਦੀਆਂ ਲਾਇਬਰੇਰੀਆਂ ਵਿਚ ਕੰਮ ਕੀਤਾ ਅਤੇ ਸਮਾਜ ਵਿਗਿਆਨ ਦੇ ਵੱਖ ਵੱਖ ਖੇਤਰਾਂ ਵਿਚ ਹੋ ਚੁੱਕੀ ਅਤੇ ਹੋ ਰਹੀ ਖੋਜ ਦਾ ਜਾਇਜ਼ਾ ਲਿਆ। ਇਸ ਸਬੰਧੀ ਪ੍ਰੋਫੈਸਰ ਸਾਹਿਬ ਨੇ ਆਪ ਵੀ ਮੈਨੂੰ ਰਿਸਰਚ ਯੋਗ ਕਈ ਵਿਸ਼ੇ ਸੁਝਾਏ ਅਤੇ ਵੱਖੋ ਵੱਖਰੇ ਵਿਸ਼ਿਆਂ ਦੀਆਂ ਖੋਜ ਸੰਭਾਵਨਾਵਾਂ ਬਾਰੇ ਵੀ ਚਾਨਣਾ ਪਾਇਆ।

ਨਿਰਸੰਦੇਹ ਮੇਰੀ ਰੁਚੀ ਪੰਜਾਬੀ ਸਭਿਆਚਾਰ ਵਲ ਮੁੜਦੀ ਸੀ ਅਤੇ ਪ੍ਰੋ. ਸਾਹਿਬ ਦੇ ਸੁਝਾਏ ਬਹੁਤ ਸਾਰੇ ਰਿਸਰਚ ਟਾਪਿਕ ਵੀ ਪੰਜਾਬੀ ਸੱਭਿਆਚਾਰ ਦੇ ਕਿਸੇ ਨਾ ਕਿਸੇ ਪੱਖ ਨਾਲ ਹੀ ਜੁੜਦੇ ਸਨ। ਉਨ੍ਹਾਂ ਦੇ ਸੁਝਾਏ ਵਿਸ਼ਿਆਂ ਵਿਚੋਂ ਇਕ ਵਿਸ਼ਾ ਮੈਨੂੰ ਚੰਗਾ ਲੱਗਾ। ਇਹ ਵਿਸ਼ਾ ਪੇਂਡੂ ਪੰਜਾਬ ਦੇ ਜੱਟ ਕਿਰਸਾਨਾਂ ਦੇ ਰੋਗ ਅਤੇ ਇਸਦੇ ਨਿਵਾਰਣ ਦੇ ਸੰਕਲਪਾਂ ਬਾਰੇ ਸੀ। ਇਸ ਵਿਸ਼ੇ ਵਿਚ ਲੋਕਾਂ ਦੀ ਰੋਗ ਬਾਰੇ ਸਮਝ ਅਤੇ ਉਨ੍ਹਾਂ ਦੁਆਰਾ ਰੋਗ ਦੇ ਨਿਵਾਰਣ ਲਈ ਵਰਤੇ ਜਾਂਦੇ ਢੰਗ ਤਰੀਕਿਆਂ ਦਾ ਅਧਿਐਨ ਕਰਨਾ ਸੀ।

ਸਾਡੀ ਸਮਝ ਅਨੁਸਾਰ ਪੇਂਡੂ ਕਿਰਸਾਨਾਂ ਦਾ ਰੋਗ ਬਾਰੇ ਨਜ਼ਰੀਆ ਆਧੁਨਿਕ ਚਿਕਤਿਸਾ ਸਿਧਾਂਤਾਂ ਦੇ ਨਜ਼ਰੀਏ ਤੋਂ ਵਧੇਰੇ ਵਿਸ਼ਾਲ ਸੀ ਜਿਸਦੇ ਤਹਿਤ ਉਹ ਰੋਗ ਨੂੰ ਮਨੁੱਖ ਦੇ ਕੁਦਰਤ, ਰੱਬ ਅਤੇ ਸਮਾਜ ਨਾਲ ਸਬੰਧਾਂ ਵਿਚ ਆਇਆ ਵਿਗਾੜ ਸਮਝਦੇ ਹਨ। ਇਸ ਥਿਊਰੀ ਦੇ ਤਹਿਤ ਉਹ ਰੋਗ ਦਾ ਨਿਵਾਰਣ ਵੀ ਇਨ੍ਹਾਂ ਤਿੰਨਾਂ ਪੱਧਰਾਂ ਤੇ ਕਰਦੇ ਹਨ। ਇਸ ਤਰ੍ਹਾਂ ਰੋਗ ਦੇ ਨਿਵਾਰਣ ਲਈ ਕੀਤੇ ਗਏ ਦਵਾ-ਦਾਰੂ ਦਾ ਅੰਸ਼ਿਕ ਮਹੱਤਵ ਹੈ। ਸਗੋਂ ਕਿਰਸਾਨਾਂ ਦੀ ਨਜ਼ਰ ਵਿਚ ਰੋਗੀ ਲਈ ਕੀਤੀ ਗਈ ਅਰਦਾਸ ਜਾਂ ਹਥੌਲੇ, ਧਾਗੇ ਅਤੇ ਤਵੀਤਾਂ ਜਹੀਆਂ ਚੀਜ਼ਾਂ ਦਾ ਵੀ ਰੋਗੀ ਨੂੰ ਸਿਹਤਯਾਬ ਕਰਨ ਵਿਚ ਉਨਾ ਹੀ ਯੋਗਦਾਨ ਹੁੰਦਾ ਹੈ, ਜਿੰਨਾ ਉਸ ਸਮੇਂ ਸਾਕ ਸਬੰਧੀਆਂ ਦੁਆਰਾ ਦਿੱਤੇ ਗਏ ਮੋਹ ਪਿਆਰ ਅਤੇ ਹੌਂਸਲਾ ਅਫ਼ਜਾਈ ਦਾ।

ਲੋਕ ਧਰਮ ਅਤੇ ਲੋਕ ਚਿਕਿਤਸਾ ਬਾਰੇ ਪ੍ਰੋਫੈਸਰ ਸਾਹਿਬ ਦੀ ਸੂਝ ਸਮਝ ਕਿਸੇ ਜਾਣ ਪਛਾਣ ਦੀ ਮੁਹਤਾਜ ਨਹੀਂ ਹੈ, ਇਹ ਮੈਂ ਜਾਣਦੀ ਸਾਂ। ਇਨ੍ਹਾਂ ਖੇਤਰਾਂ ਬਾਰੇ ਪ੍ਰੋਫੈਸਰ ਸਾਹਿਬ ਨੇ ਮੈਨੂੰ ਬਹੁਤ ਸਾਰੀ ਮੁੱਢਲੀ ਜਾਣਕਾਰੀ ਦਿੱਤੀ। ਅਗਲੇਰੀ ਜਾਣਕਾਰੀ ਲੈਣ ਦੇ ਮੰਤਵ ਨਾਲ ਉਨ੍ਹਾਂ ਮੈਨੂੰ ਕੁਝ ਕੁ ਮਹੱਤਵਪੂਰਨ ਕਿਤਾਬਾਂ ਬਾਰੇ ਦਸ ਕੇ ਲਾਇਬਰੇਰੀ ਦੇ ਹਵਾਲੇ ਕਰ ਦਿੱਤਾ।

ਮੈਂ ਪੰਜਾਬ ਦੀ ਲੋਕਧਾਰਾ, ਖਾਸ ਕਰ ਲੋਕ ਚਿਕਿਤਸਾ, ਲੋਕ ਧਰਮ ਅਤੇ ਇੰਨ੍ਹਾਂ ਨਾਲ ਸੰਬੰਧਤ ਖੇਤਰਾਂ ਬਾਰੇ ਕਾਫੀ ਕੁਝ ਪੜ੍ਹਿਆ। ਇਸ ਉਪਰੰਤ ਮੈਂ ਲੋਕ ਚਿਕਿਤਸਾ ਦੇ ਖੇਤਰ ਵਿਚ ਸਮਾਜ ਵਿਗਿਆਨਕ ਜਾਣਕਾਰੀ ਪ੍ਰਾਪਤ ਕਰਨ ਲਈ ਰਿਸਰਚ ਜਰਨਲ ਦੇਖੇ ਅਤੇ ਕੁਝ ਕੁ ਰੀਵਿਊ ਆਰਟੀਕਲ ਪੜ੍ਹੇ। ਨਿਰਸੰਦੇਹ ਇਸ ਵਿਸ਼ੇ ਨਾਲ ਸੰਬੰਧਿਤ ਬਹੁਤ ਸਾਰਾ ਖੋਜ ਕਾਰਜ ਪਹਿਲਾਂ ਹੀ ਹੋ ਚੁੱਕਿਆ ਸੀ। ਪਰ ਪੰਜਾਬ ਵਿਚ ਇਸ ਕਿਸਮ ਦੀ ਸਮਾਜ ਵਿਗਿਆਨਕ ਖੋਜ ਲਈ ਰਾਹ ਹਾਲੇ ਚੰਗੀ ਤਰ੍ਹਾਂ ਬਣਿਆ ਨਹੀਂ ਸੀ। ਅਜਿਹੇ ਖਿਲਾਅ ਦੇ ਆਪਣੇ ਹੀ ਫਾਇਦੇ ਤੇ ਆਪਣੀ ਹੀ ਕਿਸਮ ਦੇ ਨੁਕਸਾਨ ਹੁੰਦੇ ਹਨ। ਬੇਸ਼ਕ ਕੁਝ ਆਰਟੀਕਲ ਅਤੇ ਕੁਝ ਹੋਰ ਕਿਸਮ ਦੀਆਂ ਖੋਜਾਂ, ਪੁਸਤਕਾਂ, ਰਿਪੋਰਟਾਂ ਆਦਿ ਪੰਜਾਬ ਦੀ ਲੋਕ ਚਿਕਿਤਸਾ ਦੇ ਖੇਤਰ ਨਾਲ ਕੁਝ ਨਾ ਕੁਝ ਸਬੰਧ ਰੱਖਦੀਆਂ ਸਨ ਪਰ ਸਾਡਾ ਥੀਸਿਸ ਅਸਲੋਂ ਨਵਾਂ ਸੀ ਅਤੇ ਪ੍ਰੋਫੈਸਰ ਸਾਹਿਬ ਦੀ ਸਮਝ ਅਨੁਸਾਰ ਇਸ ਕਿਸਮ ਦੀ ਖੋਜ ਇਕ ਨਵੀਂ ਪਿਰਤ ਪਾ ਸਕਣ ਦੇ ਯੋਗ ਸੀ। ਪੀ. ਐਚ. ਡੀ. ਦੇ ਮੇਰੇ ਦੂਜੇ ਨਿਗਰਾਨ ਪ੍ਰੋਫੈਸਰ ਬੀਰਿੰਦਰ ਪਾਲ ਸਿੰਘ ਜੀ ਦੀ ਵੀ ਇਹੋ ਰਾਏ ਸੀ।

ਸਾਡੀ ਲਗਪਗ ਸਾਲ ਭਰ ਦੀ ਮਿਹਨਤ ਵਿਚ ਪਹਿਲਾਂ ਹੋ ਚੁੱਕੀ ਜਾਂ ਹੋ ਰਹੀ ਖੋਜ ਦੇ ਖੇਤਰ ਵਿਚ ਇਸ ਸੰਭਾਵੀ ਖੋਜ ਦੀ ਜਗ੍ਹਾ ਨਿਸਚਿਤ ਕਰਨ ਦੇ ਯਤਨ ਵੀ ਸ਼ਾਮਿਲ ਸਨ। ਇਸ ਸਬੰਧੀ ਅਸੀਂ ਵਿਸ਼ੇ ਨਾਲ ਸਬੰਧਤ ਮੁਢਲੀ ਜਾਣਕਾਰੀ ਦੇ ਕੁਝ ਸਫੇ ਲਿਖਣ ਉਪਰੰਤ ਕੀਤੀ ਜਾਣ ਵਾਲੀ ਖੋਜ ਦਾ ਵਿਸ਼ਾ ਖੇਤਰ, ਸੰਭਾਵੀ ਸਿੱਟੇ, ਖੋਜ ਦੇ ਪ੍ਰਸ਼ਨ ਅਤੇ ਖੋਜ ਲਈ ਨਿਸ਼ਚਿਤ ਢੰਗ ਤਰੀਕੇ ਦਰਜ ਕਰਕੇ ਖੋਜ ਕਾਰਜ ਦਾ ਇੱਕ ਮੁੱਢਲਾ ਜਿਹਾ ਸਿਨੋਪਸਿਸ ਤਿਆਰ ਕਰ ਲਿਆ।

ਖੋਜ ਪ੍ਰਬੰਧ ਦਾ ਇਹ ਮੁੱਢਲਾ ਸਿਨੋਪਸਿਸ ਅਸੀਂ ਟਾਈਪ ਕਰਵਾ ਲਿਆ ਅਤੇ ਇਸਦੀਆਂ ਕਾਪੀਆਂ ਦੇਸੀ ਤੇ ਵਿਦੇਸ਼ੀ ਯੂਨੀਵਰਸਿਟੀਆਂ ਵਿਚ ਵਿਸ਼ੇ ਦੇ ਨਿਪੁੰਨ ਅਤੇ ਸੀਨੀਅਰ ਪ੍ਰੋਫੈਸਰਾਂ ਨੂੰ ਟਿੱਪਣੀਆਂ ਲਈ ਭੇਜ ਦਿੱਤੀਆਂ। ਸਾਡੇ ਸਿਨੋਪਸਿਸ ਨੂੰ ਬੜਾ ਚੰਗਾ ਅਤੇ ਹਾਂ ਪੱਖੀ ਹੁੰਗਾਰਾ ਮਿਲਿਆ। ਪ੍ਰੋਫੈਸਰ ਟੀ. ਐਨ. ਮਦਨ ਨੇ ਮੇਰੇ ਸਿਨੋਪਸਿਸ ਦਾ ਬੜਾ ਚੰਗਾ ਪ੍ਰਭਾਵ ਲਿਆ ਸੀ। ਇਸ ਕਿਸਮ ਦੀ ਖੋਜ ਦੀ ਉਨ੍ਹਾਂ ਦੀ ਨਜ਼ਰ ਵਿਚ ਬੜੀ ਮਹੱਤਤਾ ਸੀ। ਉਨ੍ਹਾਂ ਦੀ ਸਲਾਹ ਸੀ ਕਿ ਮੈਂ ਸਿਧਾਂਤ ਦੀ ਹੋਰ ਵਿਆਖਿਆ ਕਰਨ ਤੋਂ ਪਹਿਲਾਂ ਬਹੁਤ ਸਾਰਾ ਫੀਲਡ ਵਰਕ ਕਰਾਂ। ਉਨ੍ਹਾਂ ਅਨੁਸਾਰ ਇਸ ਕਿਸਮ ਦੀ ਖੋਜ ਵਿਚ ਨਿੱਗਰ ਫੀਲਡ ਵਰਕ ਹੀ ਇਕ ਸਹੀ ਅਤੇ ਪ੍ਰਮਾਣਿਤ ਪਹੁੰਚ ਸੀ।

ਡਾ. ਮਦਨ ਤੋਂ ਇਲਾਵਾ ਪ੍ਰੋ. ਜੇ. ਪੀ. ਐਸ. ਉਬਰਾਏ (ਦਿੱਲੀ) ਨੇ ਵੀ ਮੇਰੇ ਸਿਨੋਪਸਿਸ ਨੂੰ ਵਾਚਿਆ ਅਤੇ ਮੈਨੂੰ ਮੇਰੇ ਖੋਜ ਕਾਰਜ ਲਈ ਲੋੜੀਂਦੇ ਫੀਲਡ ਵਰਕ ਲਈ ਕੁਝ ਗੱਲਾਂ ਦੱਸਣ ਤੋਂ ਇਲਾਵਾ ਕੁਝ ਮਹੱਤਵਪੂਰਨ ਪੁਸਤਕਾਂ ਦੀ ਵੀ ਜਾਣਕਾਰੀ ਦਿੱਤੀ। ਡਾ. ਚਾਰਲਸ ਲੈਸਲੀ (ਯੂ. ਐਸ. ਏ.) ਨੇ ਮੇਰੇ ਸਿਨੋਪਸਿਸ ਤੇ ਟਿੱਪਣੀ ਕਰਕੇ ਭੇਜੀ। ਇਸ ਉਪਰੰਤ ਉਨ੍ਹਾਂ ਨਾਲ ਹੋਈ ਮੇਰੀ ਮੁਲਾਕਾਤ ਸਮੇਂ ਉਨ੍ਹਾਂ ਨੇ ਮੈਨੂੰ ਕੁਝ ਹੋਰ ਸਮਾਜਾਂ ਖਾਸ ਕਰ ਅਫਰੀਕਨ ਸਮਾਜ ਤੇ ਹੋਈਆਂ ਇਸ ਕਿਸਮ ਦੀਆਂ ਖੋਜਾਂ ਬਾਰੇ ਦੱਸਿਆ। ਉਨ੍ਹਾਂ ਨੇ ਇਹ ਵੀ ਸਲਾਹ ਦਿੱਤੀ ਕਿ ਮੈਂ ਉਨ੍ਹਾਂ ਦੀ ਨਿਗਰਾਨੀ ਹੇਠ ਲਿਖੀ ਗਈ ਇਕ ਪੁਸਤਕ The Quest for Ttherapy in Lower Zaire: John Janzen ਨੂੰ ਮਾਡਲ ਦੇ ਤੌਰ ਤੇ ਵੀ ਵਰਤ ਸਕਦੀ ਸਾਂ। ਡਾ. ਪੀ. ਜੇ. ਐਮ. ਮੈਕਾਈਵਨ (ਸਕਾਟਲੈਂਡ) ਨੇ ਇਸ ਵਿਸ਼ੇ ਨਾਲ ਸੰਬੰਧਤ ਨੀਦਰਲੈਂਡ ਵਿਖੇ ਹੋਣ ਵਾਲੀ ਕਾਨਫਰੰਸ ਲਈ ਮੈਨੂੰ ਸੱਦਾ ਪੱਤਰ ਵੀ ਭੇਜਿਆ ਅਤੇ ਗਰਾਂਟ ਵੀ। ਕੁਝ ਹੋਰ ਵਿਦਵਾਨਾਂ ਨੇ ਮੇਰੀ ਪੁਸਤਕ ਸੂਚੀ ਵਿਚ ਕੁਝ ਮਹੱਤਵਪੂਰਨ ਪੁਸਤਕਾਂ ਦੇ ਨਾਵਾਂ ਦਾ ਇਜ਼ਾਫ਼ਾ ਕੀਤਾ। ਮੁੱਖ ਤੌਰ ਤੇ ਪੰਜਾਬ ਵਿਚ ਇਸ ਲਗਪਗ ਅਣਛੋਹੇ ਖੇਤਰ ਵਿਚ ਹੋਣ ਵਾਲੀ ਖੋਜ ਦੇ ਇਸ ਉੱਦਮ ਨੂੰ ਹਰ ਕਿਸੇ ਨੇ ਜੀ ਆਇਆਂ ਆਖਿਆ।

ਉਪਰੋਕਤ ਟਿੱਪਣੀਆਂ ਪ੍ਰਾਪਤ ਕਰਨ ਉਪਰੰਤ ਮੈਂ ਪੀ. ਐਚ. ਡੀ. ਦੇ ਖੋਜ ਪ੍ਰਬੰਧ ਲਈ ਲਿਖੇ ਗਏ ਸਿਨੋਪਸਿਸ ਨੂੰ ਰਜਿਸਟਰੇਸ਼ਨ ਲਈ ਪੰਜਾਬੀ ਯੂਨੀਵਰਸਿਟੀ ਕੋਲ ਜਮ੍ਹਾਂ ਕਰਵਾ ਦਿੱਤਾ। ਵਿਭਾਗ ਦੇ ਇਕ ਸੀਨੀਅਰ ਵਿਦਵਾਨ ਪ੍ਰੋਫੈਸਰ ਜਿਨ੍ਹਾਂ ਦਾ ਜ਼ਿਕਰ ਮੈਂ ਮੁੱਢਲੇ ਸਫਿਆਂ ਤੇ ਕਰ ਆਈ ਹਾਂ, ਦੀ ਅਗਵਾਈ ਹੇਠ ਕੁਝ ਵਿਦਵਾਨਾਂ ਨੇ ਇਸ ਸਿਨੋਪਸਿਸ ਤੇ ਸਖ਼ਤ ਇਤਰਾਜ਼ ਕੀਤਾ। ਉਨ੍ਹਾਂ ਦੇ ਅਨੁਸਾਰ ਇਸ ਕਿਸਮ ਦੀ ਖੋਜ ਦਾ ਵਿਸ਼ਾ ਖੇਤਰ ਸਿਰਫ਼ ਇਕ ਰਿਸਰਚ ਪਰਚੇ ਤੱਕ ਸੀਮਿਤ ਹੋ ਸਕਦਾ ਸੀ, ਇਸ ਤੋਂ ਵਧ ਕੋਈ ਗੁੰਜਾਇਸ਼ ਹੀ ਨਹੀਂ ਸੀ। ਸਿਨੋਪਸਿਸ ਦੇ ਸਬੰਧ ਵਿਚ ਅਨੇਕਾਂ ਬਹਿਸਾਂ ਅਤੇ ਅਨੇਕਾਂ ਮੀਟਿੰਗਾਂ ਹੋਈਆਂ। ਦੋਹਾਂ ਧਿਰਾਂ ਨੇ ਆਪਣੇ ਆਪਣੇ ਪੱਖ ਪੇਸ਼ ਕੀਤੇ ਅਤੇ ਇੰਜ ਪੀ. ਐਚ. ਡੀ. ਦੀ ਰਜਿਸਟਰੇਸ਼ਨ ਦਾ ਇਹ ਕੇਸ ਇਕ ਮੁਕੱਦਮਾ ਜਿਹਾ ਬਣਕੇ ਰਹਿ ਗਿਆ। (ਮੁਕੱਦਮਾ ਤਾਂ ਇਹ ਸੱਚਮੁੱਚ ਹੀ ਬਣ ਗਿਆ ਸੀ ਕਿਉਂਕਿ ਵਿਦਵਾਨ ਪ੍ਰੋਫੈਸਰ ਸਾਹਿਬ ਨੇ ਯੂਨੀਵਰਸਿਟੀ ਦੁਆਰਾ ਇਸ ਮੁੱਦੇ ਨੂੰ ਇਕ ਵਿਸ਼ੇਸ਼ ਪੱਧਰ ਦੇ ਰਿਸਰਚ ਬੋਰਡ ਦੀ ਬਜਾਏ, ਦੂਜੇ ਪੱਧਰ ਦੇ ਰਿਸਰਚ ਬੋਰਡ ਵਿਚ ਵਿਚਾਰਨ ਦੇ ਮਾਮਲੇ ਦੀ ਕਾਨੂੰਨੀ ਛਾਣਬੀਣ ਕਰਵਾਣ ਲਈ ਇਸਨੂੰ ਯੂਨੀਵਰਸਿਟੀ ਦੇ ਕਾਨੂੰਨੀ ਸੈੱਲ ਕੋਲ ਭੇਜ ਦਿੱਤਾ ਸੀ।)

ਇਸ ਦੌਰਾਨ ਮੈਂ ਪੰਜਾਬ ਦੇ ਪਿੰਡਾਂ ਬਾਰੇ ਪਹਿਲੀ ਪੱਧਰ ਦੀ ਜਾਣਕਾਰੀ ਪ੍ਰਾਪਤ ਕਰਕੇ ਫੀਲਡ ਵਰਕ ਕਰਨ ਦੀ ਤਿਆਰੀ ਕਰ ਰਹੀ ਸਾਂ। ਪੀ. ਐਚ. ਡੀ

ਲਈ ਰਜਿਸਟਰੇਸ਼ਨ ਦੀ ਉਡੀਕ ਕੀਤੇ ਬਿੰਨਾ ਮੈਂ ਆਪਣਾ ਖੋਜ ਕਾਰਜ ਜਾਰੀ ਰੱਖਿਆ। ਉਂਜ ਰੌਲੇ ਰੱਪੇ ਵਿਚ ਰਜਿਸਟਰੇਸ਼ਨ ਵਾਲਾ ਕੰਮ ਅਸੰਭਵ ਹੀ ਜਾਪ ਰਿਹਾ ਸੀ। ਮੈਂ ਆਪਣੇ ਪ੍ਰੋਫੈਸਰ ਸਾਹਿਬਾਨ ਨੂੰ ਕਹਿ ਵੀ ਦਿੱਤਾ ਸੀ ਕਿ ਮੈਂ ਖੋਜ ਦਾ ਕੰਮ ਜਾਰੀ ਰੱਖਾਂਗੀ। ਜੇਕਰ ਕੰਮ ਕਿਸੇ ਚੰਗੀ ਪੱਧਰ ਦਾ ਹੋ ਨਿਬੜਿਆ ਤਾਂ ਆਪਣੇ ਤੌਰ ਤੇ ਇਸ ਕੰਮ ਤੇ ਆਧਾਰਿਤ ਪੁਸਤਕ ਛਪਵਾ ਦੇਵਾਂਗੇ। ਪ੍ਰੋਫੈਸਰ ਸਾਹਿਬਾਨ ਦੀ ਵੀ ਇਹੋ ਰਾਇ ਸੀ। ਪਰ ਸ਼ਾਇਦ ਪੀ. ਐਚ. ਡੀ. ਦੀ ਡਿਗਰੀ ਨਾਲ ਮੇਰਾ ਕੋਈ ਸਬੰਧ ਜੁੜਦਾ ਸੀ ਤਾਂ ਹੀ ਯੂਨੀਵਰਸਿਟੀ ਨੇ ਆਪਣੇ ਅਤਿ ਅਹਿਮ ਵਿਦਵਾਨਾਂ ਨੂੰ ਨਾਖੁਸ਼ ਕਰਕੇ ਅਤੇ ਯੂਨੀਵਰਸਿਟੀ ਤੋਂ ਬਾਹਰਲੇ ਵਿਦਵਾਨਾਂ ਦੀ ਰਾਇ ਲੈ ਕੇ ਮੇਰਾ ਵਿਸ਼ਾ ਪੀ. ਐਚ. ਡੀ. ਦੀ ਖੋਜ ਲਈ ਪ੍ਰੋ. ਭੁਪਿੰਦਰ ਸਿੰਘ ਅਤੇ ਡਾ. ਬੀਰਿੰਦਰ ਪਾਲ ਸਿੰਘ ਦੀ ਨਿਗਰਾਨੀ ਹੇਠ ਰਜਿਸਟਰ ਕਰ ਦਿੱਤਾ।

ਮੈਨੂੰ ਆਪਣੀ ਪਿੰਡਾਂ ਬਾਰੇ ਜਾਣਕਾਰੀ ਦੀ ਸੀਮਾ ਦਾ ਭਲੀ ਭਾਂਤ ਪਤਾ ਸੀ। ਇਸ ਲਈ ਮੈਂ ਸਮਝਦੀ ਸਾਂ ਕਿ ਮੇਰੇ ਲਈ ਪਿੰਡਾਂ ਬਾਰੇ ਅਤੀ ਸਾਧਾਰਨ ਗੱਲਾਂ ਦੀ ਵਾਕਫੀ ਵੀ ਬਹੁਤ ਜਰੂਰੀ ਸੀ। ਇਸੇ ਲਈ ਮੇਰੇ ਫੀਲਡ ਵਰਕ ਦਾ ਸਭ ਤੋਂ ਮੁੱਢਲਾ ਪੜਾਅ ਇਸ ਕਿਸਮ ਦੇ ਖੋਜ ਕਾਰਜ ਨਾਲ ਸਬੰਧਤ ਸੀ। ਨਿਰਸੰਦੇਹ ਮੇਰੇ ਨਿਗਰਾਨ ਸਾਹਿਬਾਨ ਪ੍ਰੋਫੈਸਰ ਦੀ ਪਿੰਡਾਂ ਅਤੇ ਪੇਂਡੂ ਜੀਵਨ ਬਾਰੇ ਡੂੰਘੀ ਸੂਝ ਸਮਝ ਨੇ ਮੈਨੂੰ ਸਿਧਾਂਤਕ ਅਗਵਾਈ ਦਿੱਤੀ ਸੀ ਮੈਂ ਕੁਝ ਪਿੰਡਾਂ ਵਿਚ ਜਾ ਕੇ ਪਿੰਡ ਅਤੇ ਪੇਂਡੂ ਲੋਕਾਂ ਬਾਰੇ ਮੁਢਲੀਆਂ ਗੱਲਾਂ ਵਿਹਾਰਕ ਤੌਰ ਤੇ ਜਾਣਨ ਦੀ ਕੋਸ਼ਿਸ਼ ਕੀਤੀ। ਪੰਜਾਬੀ ਸੱਭਿਆਚਾਰ ਬਾਰੇ ਪ੍ਰਾਪਤ ਇਸ ਕਿਸਮ ਦੇ ਲਿਟਰੇਚਰ ਤੋਂ ਇਲਾਵਾ ਪੇਂਡੂ ਪਿਛੋਕੜ ਵਾਲੇ ਲੋਕਾਂ ਅਤੇ ਪੇਂਡੂ ਖੇਤਰਾਂ ਵਿਚ ਕੰਮ ਕਰ ਰਹੇ ਲੋਕਾਂ ਨੇ ਵੀ ਮੇਰੀਆਂ ਬਹੁਤ ਸਾਰੀਆਂ ਉਤਸੁਕਤਾਵਾਂ ਦੇ ਜਵਾਬ ਦੇ ਦਿੱਤੇ। ਹੁਣ ਮੇਰੇ ਮਨ ਵਿਚ ਪਿੰਡ ਦਾ ਇਕ ਨਕਸ਼ਾ ਜਿਹਾ ਬਣ ਗਿਆ।

ਖੋਜ ਕਾਰਜ ਵਿਧੀਵਧ ਤਰੀਕੇ ਨਾਲ ਆਰੰਭ ਕਰਨ ਤੋਂ ਪਹਿਲਾਂ ਲੋੜੀਂਦੀ ਜਾਣਕਾਰੀ ਲੈਣ ਲਈ ਪ੍ਰਸ਼ਨਾਂ ਨੂੰ ਨਿਸ਼ਚਿਤ ਕਰਨਾ ਜ਼ਰੂਰੀ ਸੀ। ਖੋਜ ਕਾਰਜ ਕਰਨ ਲਈ ਪਿੰਡਾਂ ਦੀ ਚੋਣ ਲਈ 'ਆਧੁਨਿਕਤਾ' ਦੀ ਕਸੌਟੀ ਬਣਾਉਣੀ ਸੀ ਅਤੇ ਚੁਣੇ ਗਏ ਪਿੰਡ ਬਾਰੇ, ਮੁਢਲੀਆਂ ਗੱਲਾਂ ਦੀ ਜਾਣਕਾਰੀ ਪ੍ਰਾਪਤ ਕਰਨੀ ਸੀ। ਪਿੰਡ ਸਬੰਧੀ ਬਣਾਈ ਗਈ ਪ੍ਰਸ਼ਨ-ਸੂਚੀ ਵਿਚ ਪਿੰਡ ਦੀ ਸਥਿਤੀ, ਸੰਬੰਧਤ ਪਿੰਡ ਦੀ ਸ਼ਹਿਰ ਤੋਂ ਦੂਰੀ, ਪਿੰਡ ਦੇ ਵਸਨੀਕਾਂ ਦੀ ਗਿਣਤੀ ਅਤੇ ਉਨ੍ਹਾਂ ਦੀ ਜਾਤਾਂ, ਧਰਮਾਂ, ਕਿੱਤਿਆਂ ਤੋਂ ਇਲਾਵਾ ਲਿੰਗ ਅਤੇ ਉਮਰ ਤੇ ਆਧਾਰਤ ਵੰਡ ਵੀ ਸ਼ਾਮਲ ਸੀ। ਪਿੰਡ ਦੀ ਆਧੁਨਿਕਤਾ ਇਸ ਵਿਚ ਸਥਿਤ ਬਜ਼ਾਰ, ਡਿਸਪੈਂਸਰੀ, ਵਿਦਿਅਕ ਅਤੇ ਹੋਰ ਸਰਕਾਰੀ ਸੰਸਥਾਵਾ, ਲਿੰਕ ਰੋਡ, ਬਸ ਰੂਟਾਂ ਦੀ ਗਿਣਤੀ ਅਤੇ ਹੋਰ ਸਹੂਲਤਾਂ ਤੋਂ ਪਰਖੀ ਜਾਣੀ ਸੀ। ਪਿੰਡ ਬਾਰੇ ਹੋਰ ਜਾਣਕਾਰੀ ਵਿਚ ਪਿੰਡ ਅਤੇ ਪਿੰਡ ਦੇ ਲੋਕਾਂ ਬਾਰੇ, ਲੋਕਾਂ ਦੀਆਂ ਜਾਤਾਂ-ਗੋਤਾਂ ਬਾਰੇ, ਪਿੰਡ ਬੰਨ੍ਹਣ ਦੇ ਪਿਛੋਕੜ ਬਾਰੇ ਜਾਣਕਾਰੀ ਅਤੇ ਹੋਰ ਅਜਿਹੀਆਂ ਸਬੰਧਤ ਚੀਜ਼ਾਂ ਬਾਰੇ ਜਾਣਕਾਰੀ ਸ਼ਾਮਲ ਸੀ।

ਆਪਣੇ ਖੋਜ ਵਿਸ਼ੇ ਲਈ ਲੋੜੀਂਦੀ ਸਮੱਗਰੀ ਪ੍ਰਾਪਤ ਕਰਨ ਲਈ ਅਸੀਂ ਤਿੰਨ ਕਿਸਮ ਦੇ 'ਰਿਸਰਚ ਟੂਲਜ਼' ਦੀ ਚੋਣ ਕੀਤੀ। ਸਭ ਤੋਂ ਪਹਿਲਾ ਟੂਲ ਸੀ ਸਹਿ ਭਾਗੀ ਨਿਰੀਖਣ ਦਾ। ਇਸ ਤਰਜ ਵਾਲੀ ਖੋਜ ਵਿਚ ਇਹ ਚਾਹੀਦਾ ਸੀ ਕਿ ਮੈਂ ਕੁਝ ਮਹੀਨੇ ਪਿੰਡ ਵਿਚ ਜਾ ਕੇ ਰਹਾਂ ਅਤੇ ਪੇਂਡੂ ਜੀਵਨ ਦਾ ਹਿੱਸਾ ਬਣਕੇ ਪਿੰਡ ਨੂੰ ਸਮਝਾਂ ਕਿ ਪੇਂਡੂਆਂ ਲਈ ਸਿਹਤ ਕੀ ਹੈ? ਰੋਗ ਉਨ੍ਹਾਂ ਲਈ ਕਿਹੋ ਜਿਹਾ ਵਰਤਾਰਾ ਹੈ? ਰੋਗ ਬਾਰੇ ਉਹ ਕੀ ਸੋਚਦੇ ਹਨ? ਰੋਗਾਂ ਨੂੰ ਉਹ ਕਿਹੋ ਜਿਹੀਆਂ ਕਿਸਮਾਂ ਵਿਚ ਵੰਡਦੇ ਹਨ? ਸਿਹਤ ਕਾਇਮ ਰੱਖਣ ਲਈ, ਰੋਗ ਤੋਂ ਬਚਣ ਲਈ ਅਤੇ ਰੋਗ ਦੇ ਨਿਵਾਰਣ ਲਈ ਉਹ ਕਿਹੋ ਜਿਹਾ ਢੰਗ ਤਰੀਕੇ ਵਰਤਦੇ ਹਨ? ਚੰਗੇ ਭੋਜਨ ਦਾ ਉਹਨਾਂ ਦਾ ਸੰਕਲਪ ਕੀ ਹੈ? ਭੋਜਨ ਬਾਰੇ ਉਨ੍ਹਾਂ ਦੀਆਂ ਕਿਹੋ ਜਿਹੀਆਂ ਆਦਤਾਂ ਹਨ, ਕਿਹੋ ਜਿਹੇ ਨਿਯਮ ਹਨ? ਸਰੀਰ ਦੀ ਅਤੇ ਆਲੇ ਦੁਆਲੇ ਦੀ ਸਫਾਈ ਬਾਰੇ ਉਨ੍ਹਾਂ ਦੇ ਕਿਹੋ ਜਿਹੇ ਅਸੂਲ ਹਨ? ਉਹ ਕਸਰਤ, ਪੈਂਡਾ, ਖੁਰਾਕ ਅਤੇ ਮੁਸ਼ੱਕਤ ਰਾਹੀਂ ਆਪਣੇ ਸਰੀਰ ਨੂੰ ਕਿਵੇਂ ਨਰੋਆ ਰੱਖਦੇ ਹਨ? ਨਸ਼ਿਆਂ ਬਾਰੇ ਉਨ੍ਹਾਂ ਦੇ ਕਿਹੋ ਜਿਹੇ ਵਿਚਾਰ ਅਤੇ ਵਿਵਹਾਰ ਹਨ? ਮਾਸਾਹਾਰੀ ਭੋਜਨ ਬਾਰੇ ਉਹਨਾਂ ਦੇ ਕੀ ਵਿਚਾਰ ਤੇ ਵਿਵਹਾਰ ਹਨ? ਘਰੇਲੂ ਇਲਾਜਾਂ ਬਾਰੇ ਉਹਨਾਂ ਦੀ ਜਾਣਕਾਰੀ ਦਾ ਪੱਧਰ ਕੀ ਹੈ? ਡਾਕਟਰੀ ਇਲਾਜ ਦੀ ਉਹ ਕਿੰਨੀ ਕੁ ਵਰਤੋਂ ਕਰਦੇ ਹਨ ਆਦਿ।

ਦੂਜੇ ਪਾਸੇ ਲੋਕਾਂ ਦੇ ਧਾਰਮਿਕ ਵਿਸ਼ਵਾਸ ਅਤੇ ਸੰਬੰਧਤ ਰਹੁ ਰੀਤਾਂ ਮੇਰੇ ਅਧਿਐਨ ਦਾ ਵਿਸ਼ਾ ਸਨ। ਮੈਂ ਲੋਕਾਂ ਦੇ ਧਾਰਮਿਕ ਜੀਵਨ, ਉਨ੍ਹਾਂ ਦੇ ਮੇਲੇ ਤਿਉਹਾਰਾਂ ਅਤੇ ਸੰਸਕਾਰਾਂ ਵਿਚ ਹਿੱਸਾ ਲੈਂਦੇ ਹੋਏ ਲੋਕ ਧਰਮ ਵਿਚੋਂ ਉਨ੍ਹਾਂ ਦੇ ਰੋਗ ਅਤੇ ਰੋਗ ਨਿਵਾਰਣ ਸਬੰਧੀ ਸੰਕਲਪ ਕਸ਼ੀਦ ਕਰਨੇ ਸਨ। ਆਮ ਲੋਕਾਂ ਦੇ ਜੀਵਨ ਵਿਚ ਧਰਮ ਅਤੇ ਜਾਦੂ ਟੂਣੇ ਦਾ ਮਹੱਤਵ ਸਮਝਣਾ ਸੀ ਅਤੇ ਇਸਦਾ ਰੋਗ ਦੇ ਸੰਦਰਭ ਵਿਚ ਅਧਿਐਨ ਕਰਨਾ ਸੀ। ਇਸੇ ਤਰ੍ਹਾਂ ਰੋਗ ਦੇ ਵਰਤਾਰੇ ਨੂੰ ਲੋਕਾਂ ਦੇ ਸਮਾਜਕ ਜੀਵਨ ਦੀ ਪਿੱਠ ਭੂਮੀ 'ਚੋਂ ਉਭਾਰਨ ਦਾ ਯਤਨ ਵੀ ਮੇਰੇ ਸਹਿ ਭਾਗੀ ਨਿਰੀਖਣ ਦਾ ਹਿੱਸਾ ਬਣਨਾ ਸੀ। ਇੱਕ ਪੇਂਡੂ ਦੀ ਜ਼ਿੰਦਗੀ ਵਿਚ ਟੱਬਰ, ਸਾਕਾਦਾਰੀ, ਗੁਆਂਢ ਅਤੇ ਪਿੰਡ ਕੀ ਰੋਲ ਅਦਾ ਕਰਦੇ ਹਨ ਅਤੇ ਰੋਗ ਦੇ ਸਮੇਂ ਇਨ੍ਹਾਂ ਦੀ ਕੀ ਮਹੱਤਤਾ ਹੁੰਦੀ ਹੈ ਅਤੇ ਕੀ ਰੋਲ ਹੁੰਦਾ ਹੈ, ਅਜਿਹੀਆਂ ਚੀਜ਼ਾਂ ਦੇ ਨਿਰੀਖਣ ਦੀ ਤਵੱਕੋ ਮੇਰੇ ਤੋਂ ਕੀਤੀ ਜਾਣੀ ਸੀ।

ਕੁਝ ਨਿਜੀ ਮਜਬੂਰੀਆਂ ਦੇ ਕਾਰਨ ਮੈਂ ਪਿੰਡ ਵਿਚ ਰਹਿ ਕੇ ਪੇਂਡੂ ਜਨ ਜੀਵਨ ਦਾ ਉਸ ਤਰ੍ਹਾਂ ਭਾਗ ਤਾਂ ਨਹੀਂ ਬਣ ਸਕਦੀ ਸਾਂ ਜਿਸ ਤਰ੍ਹਾਂ ਬਣਨਾ ਚਾਹੀਦਾ ਸੀ ਪਰ ਫੇਰ ਵੀ ਉਪਰ ਲਿਖੀਆਂ ਸਾਰੀਆਂ ਗੱਲਾਂ ਦਾ ਸਹਿ ਭਾਗੀ ਨਿਰੀਖਣ ਮੇਰੇ ਲਈ ਬੜਾ ਮਹੱਤਵਪੂਰਨ ਸੀ।

ਦੂਜਾ ਰਿਸਰਚ ਟੂਲ ਸੀ, ਇੰਟਰਵਿਊ। ਇੰਟਰਵਿਊ ਦੋ ਤਰੀਕਿਆਂ ਨਾਲ ਕੀਤੀ ਜਾਣੀ ਸੀ। ਪਹਿਲੀ ਕਿਸਮ ਦੀ ਇੰਟਰਵਿਊ ਵਿਚ ਆਮ ਗੱਲਬਾਤ ਵਿਚੋਂ ਮੈਂ ਰੋਗ ਨਾਲ ਸੰਬੰਧਤ ਗੱਲਾਂ ਨੂੰ ਉਭਾਰਨਾ ਸੀ। ਇਸ ਤਰ੍ਹਾਂ ਦੀ ਇੰਟਰਵਿਊ ਵਿਚ ਗੱਲ ਨੂੰ ਵਿਸ਼ੇ ਵਲ ਮੋੜਨ ਲਈ ਬੜੀ ਟਰੇਨਿੰਗ ਦੀ ਲੋੜ ਹੁੰਦੀ ਹੈ। ਅਥਰੇ ਘੋੜੇ ਦੀ ਲਗਾਮ ਨੂੰ ਘੁੱਟਕੇ ਫੜਨਾ ਹੁੰਦਾ ਹੈ। ਪਰ ਇਸਨੂੰ ਬਾਰੀਕੀ ਨਾਲ ਪੁਣ ਛਾਣ ਕੇ ਸਾਧਾਰਨ ਗੱਲਾਂ ਵਿਚੋਂ ਵੀ ਅਹਿਮ ਕਿਸਮ ਦੀ ਜਾਣਕਾਰੀ ਲੱਭ ਜਾਂਦੀ ਹੈ। ਇਸ ਲਈ ਇਕ ਇੰਟਰਵਿਊ ਗਾਈਡ ਬਣਾਈ ਜਾਂਦੀ ਹੈ ਜੋ ਮੈਂ ਤਿਆਰ ਕਰ ਲਈ ਸੀ। ਦੂਜੀ ਕਿਸਮ ਦੀ ਇੰਟਰਵਿਊ ਸਿੱਧੀ ਵਿਸ਼ੇ ਨਾਲ ਸੰਬੰਧਿਤ ਪ੍ਰਸ਼ਨਾਂ ਤੋਂ ਆਰੰਭ ਕੀਤੀ ਜਾਂਦੀ ਹੈ

ਇੰਟਰਵਿਊ ਲਈ ਬਣਾਏ ਗਏ ਸ਼ੈਡੀਊਲ ਵਿਚ ਵਿਸ਼ੇ ਨਾਲ ਸਿੱਧੇ ਤੌਰ ਤੇ ਸੰਬੰਧਿਤ ਪ੍ਰਸ਼ਨਾਂ ਤੋਂ ਪਹਿਲਾਂ ਉਤਰਦਾਤਾ ਬਾਰੇ ਸਮਾਜਕ ਆਰਥਕ ਅਤੇ ਹੋਰ ਜਾਣਕਾਰੀ ਮੰਗਦੇ ਪ੍ਰਸ਼ਨ ਸ਼ਾਮਲ ਹੁੰਦੇ ਹਨ। ਮੈਂ ਇੰਟਰਵਿਊ ਸ਼ੈਡੀਊਲ ਦੇ ਰੋਗ ਬਾਰੇ ਸਿੱਧੇ ਪ੍ਰਸ਼ਨਾਂ ਨੂੰ ਦੋ ਭਾਗਾਂ ਵਿਚ ਵੰਡਿਆ ਸੀ। ਇਕ ਹਿੱਸੇ ਵਿਚ ਰੋਗ ਦੇ ਸੰਕਲਪ ਬਾਰੇ ਸਧਾਰਨ ਪ੍ਰਸ਼ਨ ਸਨ ਜਿਵੇਂ ਕਿ ਸਿਹਤ ਕੀ ਹੈ ? ਰੋਗ ਕੀ ਹੁੰਦਾ ਹੈ ? ਰੋਗ ਦੇ ਪੈਦਾ ਹੋਣ ਬਾਰੇ ਅਤੇ ਇਸਦੇ ਰਾਜੀ ਜਾਂ ਨਾ ਰਾਜੀ ਹੋਣ ਬਾਰੇ ਉਤਰਦਾਤਾ ਕੀ ਕਹਿਣਾ ਚਾਹੁੰਦੇ ਹਨ ? ਆਦਿ। ਦੂਜੇ ਹਿੱਸੇ ਵਿਚ ਰੋਗ ਦੇ ਸਮੁੱਚੇ ਸੰਕਲਪ, ਇਸ

ਦੀਆਂ ਕਿਸਮਾਂ, ਲੱਛਣਾਂ, ਕਾਰਜਾਂ ਅਤੇ ਮਹੱਤਵ ਬਾਰੇ, ਰੋਗ ਦੇ ਪ੍ਰਗਟਾਅ ਬਾਰੇ, ਇਸਦੇ ਨਿਵਾਰਣ ਵਿਚ ਦਵਾਈ, ਸਮਾਜ ਅਤੇ ਧਰਮ ਅਤੇ ਜਾਦੂ ਟੂਣੇ ਦੇ ਰੋਲ ਬਾਰੇ ਬਹੁਤ ਸਾਰੇ ਪ੍ਰਸ਼ਨ ਸਨ। ਬਹੁਤੇ ਪ੍ਰਸ਼ਨਾਂ ਦੇ ਉਤਰ ਵਿਸਥਾਰ ਸਹਿਤ ਮੰਗੇ ਗਏ ਸਨ ਅਤੇ ਕੋਸ਼ਿਸ਼ ਕੀਤੀ ਗਈ ਸੀ ਕਿ ਇਸ ਇੰਟਰਵਿਊ ਸ਼ੈਡਿਊਲ ਵਿਚ ਰੋਗ ਨਾਲ ਸੰਬੰਧਤ ਹਰ ਕਿਸਮ ਦੇ ਪ੍ਰਸ਼ਨ ਸ਼ਾਮਲ ਕੀਤੇ ਜਾ ਸਕਣ। ਚਾਹੇ ਇਹ ਇੰਟਰਵਿਊ ਸ਼ੈਡਿਊਲ ਕੁਝ ਵਧੇਰੇ ਹੀ ਲੰਮਾ ਹੋ ਗਿਆ ਸੀ ਪਰ ਇਸਦੇ ਰਾਹੀਂ ਪ੍ਰਾਪਤ ਜਾਣਕਾਰੀ ਦੇ ਗੁਣਾਤਮਕ ਅਤੇ ਗਿਣਾਤਮਕ ਵਿਸ਼ਲੇਸ਼ਣ ਨੇ ਮੇਰੇ ਥੀਸਿਸ ਨੂੰ ਨਿੱਗਰ ਸੇਧ ਦੇਣੀ ਸੀ।

ਤੀਜਾ ਟੂਲ ਕੇਸ ਹਿਸਟਰੀ ਦਾ ਸੀ। ਮੈਂ ਉਤਰਦਾਤਾਵਾਂ ਦੇ ਆਪਣੇ ਜਾਂ ਉਨ੍ਹਾਂ ਦੇ ਨਜ਼ਦੀਕੀ ਰਿਸ਼ਤੇਦਾਰਾਂ (ਜਾਂ ਮਿੱਤਰਾਂ/ਗੁਆਂਢੀਆਂ) ਦੇ ਰੋਗਾਂ ਦੇ ਕੁਝ ਮਹੱਤਵਪੂਰਨ ਕੇਸਾਂ ਨੂੰ ਪੂਰੇ ਵੇਰਵੇ ਸਹਿਤ ਲਿਖਣਾ ਸੀ।

ਸਹਿਭਾਗੀ ਨਿਰੀਖਣ ਲਈ ਲੋੜੀਂਦੇ ਵਿਸ਼ਿਆਂ ਦਾ ਵੇਰਵਾ ਮੈਂ ਆਪਣੀ ਡਾਇਰੀ ਵਿਚ ਦਰਜ ਕਰ ਲਿਆ। ਇਸ ਸਮੇਂ ਮੈਂ ਡਾ. ਚਾਰਲਸ ਲੈਸਲੀ ਦੀ ਸਲਾਹ ਨੂੰ ਵੀ ਧਿਆਨ ਵਿਚ ਰੱਖਿਆ। ਉਨ੍ਹਾਂ ਨੇ ਮੈਨੂੰ ਕਿਹਾ ਸੀ ਕਿ ਮੈਂ ਔਰਤ ਦੇ ਜੀਵਨ ਦੀਆਂ ਵੱਖ ਵੱਖ ਸਟੇਜਾਂ ਦੇ ਸੰਦਰਭ ਵਿਚ ਭੋਜਨ, ਸਿਹਤ, ਰੋਗ ਅਤੇ ਰੋਗ ਨਿਵਾਰਣ ਦੇ ਸੰਕਲਪਾਂ ਦਾ ਵਧੇਰੇ ਬਾਰੀਕੀ ਨਾਲ ਅਧਿਐਨ ਕਰਾਂ। ਉਨ੍ਹਾਂ ਦੇ ਅਨੁਸਾਰ ਇਹ ਬੜਾ ਮਹੱਤਵਪੂਰਨ ਅਧਿਐਨ ਹੋਣਾ ਸੀ। ਇੰਟਰਵਿਊ ਗਾਈਡ ਅਤੇ ਇੰਟਰਵਿਊ ਸ਼ੈਡੀਊਲ ਨੂੰ ਮੈਂ ਮੁੜ ਮੁੜ ਕੇ ਵਾਚਿਆ। ਕੇਸ ਹਿਸਟਰੀ ਸਬੰਧੀ ਧਿਆਨ ਰੱਖਣ ਯੋਗ ਗੱਲਾਂ ਦਾ ਵੇਰਵਾ ਮੈਂ ਅੱਡ ਦਰਜ ਕਰ ਲਿਆ। ਖੋਜ ਸਮੱਗਰੀ ਇਕੱਠੀ ਕਰਨ ਲਈ ਵਰਤੇ ਜਾਣ ਵਾਲੇ ਖੋਜ ਟੂਲਾਂ ਦਾ ਬਹੁਤ ਮਹੱਤਵ ਹੁੰਦਾ ਹੈ, ਇਸ ਲਈ ਮੈਂ ਇਸ ਪਾਸੇ ਪੂਰੀ ਤਵੱਜੋ ਦਿੱਤੀ। ਫੀਲਡ ਵਰਕ ਦੇ ਦੌਰਾਨ ਉਤਰਦਾਤਾਵਾਂ ਨੂੰ ਦਿੱਤੀ ਜਾਣ ਵਾਲੀ ਸਵੈ ਜਾਣ ਪਛਾਣ ਦਾ ਵੀ ਮੈਂ ਇੱਕ ਖਾਕਾ ਜਿਹਾ ਤਿਆਰ ਕਰ ਲਿਆ ਤਾਂ ਕਿ ਉਤਰਦਾਤਾਵਾਂ ਜਾਣ ਸਕੇ ਕਿ ਮੈਂ ਕੌਣ ਸਾਂ, ਕਿਥੋਂ ਆਈ ਸਾਂ ਅਤੇ ਅਜਿਹੇ ਪ੍ਰਸ਼ਨ ਪੁੱਛਣ ਦਾ ਮੇਰਾ ਕੀ ਮੰਤਵ ਸੀ।

ਹੁਣ ਮਸਲਾ ਸੀ ਫੀਲਡ ਵਰਕ ਕਰਨ ਲਈ ਪਿੰਡਾਂ ਦੀ ਵਿਧੀਵਧ ਚੋਣ ਦਾ। ਨਿਰਸੰਦੇਹ ਮੈਂ ਪਟਿਆਲਾ ਜ਼ਿਲ੍ਹੇ ਦੇ ਅਤੇ ਜ਼ਿਲ੍ਹੇ ਤੋਂ ਬਾਹਰ ਵੀ ਕੁਝ ਪਿੰਡ ਵੇਖੇ ਹੋਏ ਸਨ। ਮੈਂ ਆਪਣੀ ਖੋਜ ਲਈ ਨਿਸਚਿਤ ਜ਼ਿਲ੍ਹੇ ਦੇ ਕੁਝ ਪਿੰਡਾਂ ਦੇ ਮੁਢਲੇ ਅੰਕੜੇ ਵੀ ਵਾਚੇ ਸਨ। ਪਟਿਆਲਾ ਜ਼ਿਲ੍ਹੇ ਦੇ ਸਮੁੱਚੇ ਪਿੰਡਾਂ ਦੀ ਸੂਚੀ ਵੀ ਮੇਰੇ ਕੋਲ ਸੀ। ਪਰ ਫੀਲਡ ਵਰਕ ਨੂੰ ਜਿਨ੍ਹਾਂ ਪਿੰਡਾਂ ਉੱਤੇ ਸਮੁੱਚੇ ਤੌਰ ਤੇ ਕੇਂਦਰਿਤ ਕਰਨਾ ਸੀ। ਉਨ੍ਹਾਂ ਦੀ ਆਖਰੀ ਚੋਣ ਅਜੇ ਬਾਕੀ ਸੀ।

ਪਰਵਿੰਦਰ ਸਿੰਘ ਅਤੇ ਗੁਰਦੀਪ ਸਿੰਘ ਦੀ ਨੌਕਰੀ ਉਦੋਂ ਪਿੰਡਾਂ ਵਿਚ ਲਿੰਕ ਸੜਕਾਂ ਬਣਾਉਣ ਨਾਲ ਸੰਬੰਧਿਤ ਸੀ। ਇਸੇ ਕਾਰਨ ਪਟਿਆਲਾ ਸ਼ਹਿਰ ਦੇ ਆਲੇ ਦੁਆਲੇ ਵਸਦੇ ਬਹੁਤ ਸਾਰੇ ਪਿੰਡਾਂ ਦੀ ਜਾਣਕਾਰੀ ਉਨ੍ਹਾਂ ਕੋਲ ਸੀ। ਉਨ੍ਹਾਂ ਦੇ ਨਾਲ ਜਾ ਕੇ ਵੀ ਮੈਂ ਬਹੁਤ ਸਾਰੇ ਪਿੰਡ ਦੇਖੇ ਅਤੇ ਕੁਝ ਹੋਰ ਪਿੰਡਾਂ ਦੀ ਮੁਢਲੀ ਜਾਣਕਾਰੀ ਉਨ੍ਹਾਂ ਦੋਹਾਂ ਨੇ ਮੈਨੂੰ ਲਿਆ ਕੇ ਦਿੱਤੀ। ਇਹ ਠੀਕ ਹੈ ਸਮਾਜ ਵਿਗਿਆਨਕ ਖੋਜ ਲਈ ਸੈਂਪਲ ਦੀ ਚੋਣ ਦੇ ਮਾਪਦੰਡ ਵਿਗਿਆਨਕ ਹੋਣੇ ਚਾਹੀਦੇ ਹਨ। ਫਿਰ ਵੀ ਕੁਝ ਵਿਵਹਾਰਕ ਗੱਲਾਂ ਨੂੰ ਮਹੱਤਵ ਦੇਣਾ ਅਤੀ ਜ਼ਰੂਰੀ ਹੁੰਦਾ ਹੈ। ਖਾਸ ਕਰ ਉਦੋਂ ਜਦੋਂ ਖੋਜ ਕਰਤਾ ਔਰਤ ਹੋਵੇ। ਪਿੰਡ ਵਿਚ ਬਸਾਂ ਵੇਲੇ ਸਿਰ ਆਉਂਦੀਆਂ ਜਾਂਦੀਆਂ ਹੋਣ, ਪਿੰਡ ਦੇ ਘੱਟੋ ਘੱਟ ਕੁਝ ਲੋਕਾਂ ਨਾਲ ਚੰਗੀ ਜਾਣ ਪਛਾਣ ਹੋਵੇ, ਬੱਸ ਨਾ ਮਿਲਣ ਦੀ ਸੂਰਤ ਵਿਚ ਪਿੰਡ ਦਾ ਕੋਈ ਬੰਦਾ ਤੁਹਾਨੂੰ ਘਰ ਤਕ ਪੁਚਾ ਸਕੇ, ਪਿੰਡ ਦਾ ਅਤੇ ਪਿੰਡ ਦੇ ਲੋਕਾਂ ਦਾ ਇਮੇਜ ਚੰਗਾ ਹੋਵੇ, ਆਦਿ।

ਖੋਜ ਦੇ ਮਾਪਦੰਡਾਂ ਤੋਂ ਇਲਾਵਾ ਵਿਵਹਾਰਕ ਮਾਪ ਦੰਡਾਂ ਤੇ ਵੀ ਪੂਰੇ ਉਤਰਦੇ, ਪਿੰਡ ਕਰਹਾਲੀ ਬਾਰੇ ਪਰਵਿੰਦਰ ਸਿੰਘ ਅਤੇ ਗੁਰਦੀਪ ਸਿੰਘ ਨੇ ਮੈਨੂੰ ਦੱਸਿਆ। ਜੋ ਕਿ ਪਟਿਆਲੇ ਤੋਂ ਸਮਾਣੇ ਵਲ ਲਗਭਗ 23 ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ। ਪਿੰਡ ਬਾਰੇ ਮੁਢਲੀ ਜਿਹੀ ਜਾਣਕਾਰੀ ਉਨ੍ਹਾਂ ਨੇ ਮੈਨੂੰ ਲਿਆ ਦਿੱਤੀ ਸੀ। ਪਰ ਮੈਂ ਇਸ ਜਾਣਕਾਰੀ ਨੂੰ ਵਿਧੀਵਧ ਤਰੀਕੇ ਨਾਲ ਨੋਟ ਕਰਨ ਲਈ ਉਨ੍ਹਾਂ ਦੇ ਨਾਲ ਪਿੰਡ ਗਈ। ਪਿੰਡ ਵਿਚ ਜਾ ਕੇ ਅਸੀਂ ਪਹਿਲਾਂ ਗੁਰਦੁਆਰੇ ਮੱਥਾ ਟੇਕਿਆ, ਅਤੇ ਫਿਰ ਸਰਪੰਚ ਦੇ ਘਰ ਗਏ। 'ਸੜਕਾਂ ਦੇ ਮਹਿਕਮੇ ਦੇ ਅਫਸਰਾਂ ਅਤੇ ਉਨ੍ਹਾਂ ਦੀ ਭੈਣ' ਦਾ ਪਿੰਡ ਦੇ ਸਰਪੰਚ ਨੇ ਚੰਗਾ ਆਦਰ ਮਾਣ ਕੀਤਾ। 'ਪਿੰਡ ਆਇਆ ਕਰਨ' ਦੇ

ਮੇਰੇ ਮੰਤਵ ਦੀ ਸਰਪੰਚ ਨੂੰ ਬਹੁਤੀ ਸਮਝ ਤਾਂ ਨਾ ਲੱਗੀ, ਪਰ ਉਸਨੇ ਮੈਨੂੰ 'ਜੀ ਆਇਆਂ ਨੂੰ' ਆਖਿਆ। ਪਿੰਡ ਦੇ ਲੋਕਾਂ ਬਾਰੇ ਸਰਪੰਚ ਦੇ ਉਸਨੇ ਪੂਰਾ ਭਰੋਸਾ ਦਿਵਾਇਆ ਕਿ ਉਹ ਹਰ ਤਰ੍ਹਾਂ ਨਾਲ ਮੈਨੂੰ ਸਹਿਯੋਗ ਦੇਣਗੇ। ਪਿੰਡ ਦਾ ਇਮੇਜ ਸਰਪੰਚ ਦੇ ਦੱਸੇ ਅਨੁਸਾਰ ਸਾਫ ਸੁਥਰਾ ਸੀ। ਲੋਕ ਚੰਗੇ ਆਚਰਣ ਦੇ ਸਨ ਅਤੇ ਇੱਜ਼ਤ ਮਾਣ ਕਰਨ ਵਾਲੇ ਸਨ। ਸਰਪੰਚ ਨੇ ਪਿੰਡ ਦੇ ਕੁਝ 'ਸਿਆਣੇ' ਬੰਦਿਆਂ, ਜਿਨ੍ਹਾਂ ਵਿਚ ਪੰਚ ਵੀ ਸ਼ਾਮਲ ਸਨ, ਨੂੰ ਬੁਲਾ ਕੇ ਮੈਨੂੰ ਵਿਧੀਵਧ ਤਰੀਕੇ ਨਾਲ ਪਿੰਡ ਨਾਲ ਸਬੰਧਤ ਮੁੱਢਲੇ ਅੰਕੜੇ ਲਿਖਵਾ ਦਿੱਤੇ। ਫੇਰ ਉਸਨੇ ਪਿੰਡ ਦੇ ਆਂਗਨਵਾੜੀ ਸਕੂਲ ਦੀ ਅਧਿਆਪਕਾ ਪੰਮੀ ਨੂੰ ਬੁਲਾਉਣ ਲਈ ਸੁਨੇਹਾ ਭੇਜਿਆ। ਪੰਮੀ ਤਾਂ ਨਾ ਆਈ, ਪਰ ਉਸਦੀ ਮਾਂ, ਅਮਰੋ ਬੀਬੀ ਸਰਪੰਚ ਦਾ ਸੁਨੇਹਾ ਸੁਣਕੇ ਆ ਗਈ,

'ਇਹ ਬੀਬੀ ਕੋਈ ਕੋਰਸ ਕਰਦੀ ਐ, ਇਸਨੇ ਪਿੰਡ ਬਾਰੇ ਲਿਖਣੈ,'

ਕਹਿ ਕੇ ਸਰਪੰਚ ਨੇ ਮੈਨੂੰ ਅਮਰੋ ਬੀਬੀ ਦੇ ਹਵਾਲੇ ਕਰ ਦਿੱਤਾ।

ਮੈਂ ਪਿੰਡ ਦੇ ਸਰਵੇ ਵਾਲੇ ਰਜਿਸਟਰ ਦੇਖਣ ਲਈ ਅਗਲੇ ਕੁਝ ਦਿਨ ਪੰਮੀ ਦੇ ਕੋਲ ਸਿੱਧੀ ਹੀ ਚਲੀ ਜਾਂਦੀ। ਇਸ ਦੌਰਾਨ ਇਕ ਦੋ ਵਾਰੀ ਸਰਪੰਚ ਨੇ ਵੀ ਆ ਕੇ ਪੁੱਛਿਆ ਕਿ ਅਜੇ ਮੇਰਾ ਕਿੰਨਾ ਕੁ ਕੰਮ ਬਾਕੀ ਸੀ। ਮੈਂ ਦੱਸਿਆ ਕਿ ਇਹ ਅੰਕੜੇ ਤਾਂ ਮੈਂ ਪਿੰਡ ਬਾਰੇ ਮੁੱਢਲੀ ਜਾਣਕਾਰੀ ਲਿਖਣ ਲਈ ਨੋਟ ਕਰ ਰਹੀ ਸਾਂ। ਵੈਸੇ ਮੈਂ ਪਿੰਡ ਦੇ ਲੋਕਾਂ ਨੂੰ ਮਿਲਕੇ ਇੰਟਰਵਿਊ ਵੀ ਕਰਨੇ ਸਨ।

ਸ਼ੁਰੂ ਸ਼ੁਰੂ ਵਿਚ ਕੁਝ ਲੋਕ ਮੈਨੂੰ ਦੇਖਣ ਅਤੇ ਮੇਰੇ ਬਾਰੇ ਜਾਣਨ ਦੀ ਉਤਸੁਕਤਾ ਨਾਲ ਪੰਮੀ ਦੇ ਘਰ ਆ ਜਾਂਦੇ ਸਨ। ਕੁਝ ਲੋਕ ਮੈਨੂੰ ਬੱਸ ਵਿਚੋਂ ਉਤਰਦਿਆਂ ਹੀ ਘੇਰ ਲੈਂਦੇ ਅਤੇ ਮੇਰੇ ਬਾਰੇ ਪੁੱਛਦੇ ਰਹਿੰਦੇ ਸਨ। ਕੁਝ ਲੋਕ ਮੈਨੂੰ ਤੁਰਦਿਆਂ ਫਿਰਦਿਆਂ ਆਪ ਹੀ ਬੁਲਾ ਲੈਂਦੇ ਸਨ ਅਤੇ ਮੇਰੇ ਪਿੰਡ ਆਉਣ ਦਾ ਮੰਤਵ ਪੁੱਛਦੇ ਸਨ।

ਪਿੰਡ ਦੇ ਲੋਕਾਂ ਨੂੰ ਇਸ ਤਰ੍ਹਾਂ ਮਿਲਣਾ ਹੀ ਮੇਰਾ ਮੰਤਵ ਨਹੀਂ ਸੀ। ਮੈਂ ਅਮਰੋ ਬੀਬੀ ਅਤੇ ਪੰਮੀ ਨੂੰ ਸਪਸ਼ੱਟ ਕੀਤਾ ਮੈਂ ਪਿੰਡ ਵਿਚ ਘਰੋ ਘਰੀਂ ਫਿਰ ਕੇ ਕਈ ਚੀਜ਼ਾਂ ਲਿਖਣੀਆਂ ਸਨ। ਅਮਰੋ ਬੀਬੀ ਨੇ ਮੈਨੂੰ ਦੱਸਿਆ ਕਿ ਪੰਮੀ ਨੇ ਪਿਛਲੇ ਮਹੀਨੇ ਹੀ ਪਿੰਡ ਦਾ ਸਰਵੇ ਮੁਕਾਇਆ ਸੀ ਅਤੇ ਮੈਂ ਉਸਤੋਂ ਪਿੰਡ ਦੇ ਕਿਸੇ ਵੀ ਘਰ ਬਾਰੇ ਜਾਣਕਾਰੀ ਲੈ ਸਕਦੀ ਸਾਂ। ਪਿੰਡ ਦੇ ਹਰ ਘਰ ਦੇ ਜੀਆਂ ਦੀ ਗਿਣਤੀ ਅਤੇ ਉਨ੍ਹਾਂ ਦੀ ਉਮਰ, ਕਿੱਤਿਆਂ ਅਤੇ ਪੜ੍ਹਾਈ ਆਦਿ ਬਾਰੇ ਪੂਰਾ ਵੇਰਵਾ ਸਰਵੇ ਵਾਲੇ ਰਜਿਸਟਰਾਂ ਵਿਚ ਦਰਜ ਸੀ। ਮੈਂ ਅਮਰੋ ਬੀਬੀ ਨੂੰ ਸਮਝਾਇਆ ਕਿ ਮੈਂ ਰੋਗ ਅਤੇ ਰੋਗ ਨਿਵਾਰਣ ਦੇ ਲੋਕਾਂ ਦੇ ਸੰਕਲਪਾਂ ਸੰਬੰਧੀ ਪੀ. ਐਚ. ਡੀ. ਕਰ ਰਹੀ ਸਾਂ। ਇਸ ਵਿਸ਼ੇ ਤੇ ਖੋਜ ਕਰਨ ਲਈ ਹੀ ਮੈਂ ਲੋਕਾਂ ਨੂੰ ਮਿਲਣਾ ਸੀ। ਅਮਰੋ ਬੀਬੀ ਨੂੰ ਮੇਰੇ

ਮਕਸਦ ਦੀ ਕੋਈ ਖਾਸ ਸਮਝ ਨਾ ਲੱਗੀ। ਹੌਲੀ ਹੌਲੀ ਮੈਂ ਉਨ੍ਹਾਂ ਨੂੰ ਅਤੀ ਸਾਧਾਰਣ ਲਫ਼ਜ਼ਾਂ ਵਿਚ ਸਮਝਾਉਣ ਦੀ ਕੋਸ਼ਿਸ਼ ਕੀਤੀ। ਅਮਰੋ ਬੀਬੀ ਦੀ ਇਕ ਗੁਆਂਢਣ ਨੂੰ ਮੇਰੀ ਗਲ ਦੀ ਥੋੜੀ ਜਹੀ ਸਮਝ ਲੱਗੀ।

"ਇਹ ਬੀਬੀ ਤਾਂ ਪਿੰਡਾਂ ਦੇ 'ਵਿਹਾਰ' ਪੁੱਛਦੀ ਐ।"

ਉਸਨੇ ਪੇਂਡੂ ਬੋਲੀ ਵਿਚ ਅਮਰੋ ਬੀਬੀ ਨਾਲ ਆਪਣੀ ਸਮਝ ਸਾਂਝੀ ਕੀਤੀ। (ਹੌਲੀ ਹੌਲੀ ਮੈਨੂੰ ਇਸ 'ਵਿਹਾਰ' ਲਫ਼ਜ਼ ਦੀ ਸਪਸ਼ਟ ਸਮਝ ਆ ਗਈ ਅਤੇ ਅੰਤ ਤੱਕ ਮੈਂ ਲੋਕਾਂ ਨੂੰ ਆਪਣੀ ਖੋਜ ਬਾਰੇ ਸਮਝਾਉਣ ਲਈ ਇਸ ਲਫ਼ਜ਼ ਦੀ ਵਰਤੋਂ ਕਰਦੀ ਰਹੀ।)

ਪੰਮੀ ਪਿੰਡ ਦੀ ਦੋਹਤੀ ਸੀ। ਉਹ ਵਿਆਹੀ ਹੋਈ ਸੀ ਅਤੇ ਉਸਦਾ ਦੋ ਸਾਲ ਦਾ ਮੁੰਡਾ ਵੀ ਸੀ। ਪੰਮੀ ਇਸ ਸਮੇਂ ਆਪਣੇ ਪੇਕੇ ਪਿੰਡ ਰਹਿ ਰਹੀ ਸੀ। ਅਮਰੋ ਬੀਬੀ ਦੇ ਦੱਸਣ ਅਨੁਸਾਰ ਪੰਮੀ ਦਾ ਪਤੀ ਫੌਜ ਵਿਚ ਨੌਕਰੀ ਕਰਦਾ ਸੀ ਅਤੇ ਕਦੇ ਕਦਾਈਂ ਛੁੱਟੀ ਆਉਂਦਾ ਸੀ ਅਤੇ ਪੰਮੀ ਸਿਰਫ਼ ਉਦੋਂ ਹੀ ਆਪਣੇ ਸਹੁਰੇ ਪਿੰਡ ਜਾਂਦੀ ਸੀ। ਅਮਰੋ ਬੀਬੀ ਦੇ ਦੱਸਣ ਅਨੁਸਾਰ,

"ਪਿੰਡਾਂ ਦਾ ਬੀਬੀ ਤੈਨੂੰ ਪਤਾ ਨ੍ਹੀਂ, ਘਰ ਵਾਲਾ ਘਰ ਨਾ ਹੋਵੇ ਤਾਂ ਦਿਉਰਾਂ ਜੇਠਾਂ ਨਾਲ ਕਟਣੀ ਕਿਹੜੀ ਸੌਖੀ ਹੁੰਦੀ ਐ?"

ਇਸ ਲਈ ਬੀਬੀ ਨੇ ਪੰਮੀ ਨੂੰ ਪੇਕੇ ਰੱਖ ਕੇ ਉਸ ਨੂੰ ਆਂਗਨਵਾੜੀ ਸਕੂਲ ਦੀ ਨੌਕਰੀ ਦਿਵਾ ਦਿੱਤੀ ਸੀ।

ਅਮਰੋ ਬੀਬੀ ਦਾ ਆਪਣੇ ਪੇਕੇ ਪਿੰਡ ਰਹਿਣ ਦਾ ਵੀ ਵਿਸ਼ੇਸ਼ ਕਾਰਣ ਸੀ।

ਮਾਪਿਆਂ ਦੀ ਇਕਲੌਤੀ ਔਲਾਦ ਹੋਣ ਕਰਕੇ ਅਮਰੋ ਬੀਬੀ ਆਪਣੇ ਪਿਤਾ ਦੀ ਜੱਦੀ ਜਾਇਦਾਦ ਦੀ ਵਾਰਸ ਸੀ। ਜੇਕਰ ਉਹ ਸਹੁਰੇ ਰਹਿੰਦੀ ਤਾਂ ਉਸਦੇ ਹਿੱਸੇ ਦੀ ਜ਼ਮੀਨ ਚਾਚੇ ਤਾਇਆਂ ਨੇ ਸਾਂਭ ਲੈਣੀ ਸੀ। ਅਮਰੋ ਬੀਬੀ ਦੇ ਮਾਂ ਪਿਓ ਗੁਜ਼ਰ ਚੁਕੇ ਸਨ। ਇਸ ਲਈ ਉਹ ਵਿਆਹ ਤੋਂ ਮਗਰੋਂ 7 8 ਸਾਲ ਆਪਣੇ ਸਹੁਰੇ ਪਿੰਡ ਰਹਿਕੇ ਪੇਕਿਆਂ ਦੀ ਜਾਇਦਾਦ ਸਾਂਭਣ ਲਈ ਪਤੀ ਅਤੇ ਬੱਚਿਆਂ ਸਮੇਤ ਇੱਥੇ ਕਰਹਾਲੀ ਆ ਕੇ ਵਸ ਗਈ ਸੀ। ਸਹੁਰਿਆਂ ਵਾਲੀ ਉਸਦੀ ਜ਼ਮੀਨ ਦਾ 'ਠੇਕਾ' ਉਨ੍ਹਾਂ ਨੂੰ ਇੱਥੇ ਪਹੁੰਚ ਜਾਂਦਾ ਸੀ। ਅਮਰੋ ਬੀਬੀ ਦੇ ਦੱਸਣ ਅਨੁਸਾਰ ਸਹੁਰੇ ਪਿੰਡ ਰਹਿਕੇ ਇਥੋਂ ਦੀ ਜ਼ਮੀਨ ਦਾ ਕਬਜ਼ਾ ਲੈਣਾ ਬਹੁਤ ਔਖਾ ਸੀ, ਕਿਉਂਕਿ ਉਨ੍ਹਾਂ ਦੇ ਵਿਆਹ ਤੋਂ ਮਗਰੋਂ ਉਨ੍ਹਾਂ ਦੇ ਚਾਚੇ ਤਾਇਆਂ ਨੇ ਉਨ੍ਹਾਂ ਦੀ ਜੱਦੀ ਜ਼ਮੀਨ ਲਗਪਗ ਦੱਬ ਹੀ ਲਈ ਸੀ।

ਮੈਂ ਪੰਮੀ ਨੂੰ ਦੱਸਿਆ ਕਿ ਮੈਂ ਪਿੰਡ ਦੀ ਕੁਲ ਵਸੋਂ ਦਾ ਲਗਪਗ ਇੱਕ ਤਿਹਾਈ ਹਿੱਸਾ ਖੋਜ ਅਧੀਨ ਲਿਆਉਣਾ ਚਾਹੁੰਦੀ ਸਾਂ। ਪਿੰਡ ਦੇ ਲਗਪਗ 250 ਘਰਾਂ ਵਿਚੋਂ ਅਸੀਂ ਹਰ ਤੀਸਰੇ ਘਰ ਦਾ ਵੇਰਵਾ ਨੋਟ ਕਰ ਲਿਆ। ਇਨ੍ਹਾਂ ਘਰਾਂ ਵਿਚ ਜੱਟਾਂ ਤੋਂ ਇਲਾਵਾ ਹੋਰ ਜਾਤਾਂ ਦੇ ਕੁਝ ਲੋਕ ਵੀ ਸ਼ਾਮਲ ਕਰਨੇ ਸਨ। ਮੈਂ ਪੰਮੀ ਨੂੰ ਇਹ ਵੀ ਦੱਸਿਆ ਕਿ ਮੈਂ ਚੁਣੇ ਗਏ ਘਰਾਂ ਦੇ ਦੋ ਸੀਨੀਅਰ ਮੈਂਬਰਾਂ; ਇੱਕ ਔਰਤ ਅਤੇ ਇਕ ਮਰਦ ਦੀ ਇੰਟਰਵਿਊ ਲੈਣੀ ਸੀ। ਇਸ ਲਈ ਚੁਣੇ ਗਏ ਘਰਾਂ ਦੇ ਸੀਨੀਅਰ ਮੈਂਬਰਾਂ ਬਾਰੇ ਕੁਝ ਆਮ ਜਹੀ ਜਾਣਕਾਰੀ ਮੈਂ ਪੰਮੀ ਅਤੇ ਅਮਰੋ ਬੀਬੀ ਤੋਂ ਲੈ ਲਈ।

'ਪਿੰਡ' ਅਤੇ 'ਪਿੰਡਾਂ ਬਾਰੇ' ਕੁਝ ਮੁਢਲੀਆਂ ਗੱਲਾਂ ਮੈਨੂੰ ਆਰੰਭ ਵਿਚ ਅਮਰੋ

ਬੀਬੀ ਦੇ ਪਰਿਵਾਰ ਤੋਂ ਹੀ ਪਤਾ ਲੱਗੀਆਂ। 7 8 ਸਾਲ ਦੇ ਵਕਫ਼ੇ ਤੋਂ ਇਲਾਵਾ ਅਮਰੋ ਬੀਬੀ ਸਾਰੀ ਉਮਰ ਇਸ ਪਿੰਡ ਦੀ ਵਸਨੀਕ ਰਹੀ ਸੀ। ਇਸ ਲਈ ਪਿੰਡ ਦੀਆਂ ਵਡੇਰੀ ਉਮਰ ਦੀਆਂ ਔਰਤਾਂ ਦੇ ਮੁਕਾਬਲੇ ਅਮਰੋ ਬੀਬੀ ਦੀ ਕਰਹਾਲੀ ਅਤੇ ਇਸਦੇ ਸਭਿਆਚਾਰ ਬਾਰੇ ਜਾਣਕਾਰੀ ਵਧੇਰੇ ਸਾਂਵੀਂ ਅਤੇ ਨਿੱਗਰ ਸੀ। ਆਪਣੇ ਫੀਲਡ ਵਰਕ ਦੌਰਾਨ ਮੈਂ ਮਹਿਸੂਸ ਕੀਤਾ ਕਿ ਮਰਦਾਂ ਅਤੇ ਔਰਤਾਂ ਦੀ ਜਾਣਕਾਰੀ ਦੇ ਆਮ ਤੌਰ ਤੇ ਆਪਣੇ ਆਪਣੇ ਵਿਸ਼ੇਸ਼ ਪਹਿਲੂ ਹੁੰਦੇ ਹਨ, ਪਰ ਅਮਰੋ ਬੀਬੀ ਵਿਚ ਇਨ੍ਹਾਂ ਦੋਹਾਂ ਪਹਿਲੂਆਂ ਦਾ ਸੁਮੇਲ ਸੀ। ਦੂਜੀ ਗੱਲ ਇਹ ਸੀ ਕਿ ਅਮਰੋ ਬੀਬੀ ਪਿੰਡ ਦੀ ਧੀ ਸੀ ਇਸ ਲਈ ਉਸਦੇ ਮੇਰੇ ਨਾਲ 'ਥੇਹਾਂ ਵਿਚ ਤੁਰੇ ਫਿਰਨ' ਅਤੇ 'ਘਰੋ ਘਰੀ' ਜਾਣ ਤੇ ਕੋਈ ਇਤਰਾਜ ਨਹੀਂ ਸੀ ਕਰਦਾ।

ਪਿੰਡ ਦੇ ਮਰਦਾਂ ਤੱਕ ਅਮਰੋ ਬੀਬੀ ਦੀ ਸਿੱਧੀ ਪਹੁੰਚ ਸੀ ਕਿਉਂਕਿ ਉਨ੍ਹਾਂ ਨਾਲ ਅਮਰੋ ਬੀਬੀ ਦਾ ਸਮੂਹਕ ਰਿਸ਼ਤਾ ਭਤੀਜੇ, ਭਰਾ ਅਤੇ ਚਾਚੇ ਤਾਏ ਵਾਲਾ ਸੀ। ਇਸ ਲਈ ਫੀਲਡ ਵਰਕ ਦੇ ਅਰੰਭਕ ਦਿਨਾਂ ਵਿਚ ਮੈਨੂੰ ਅਮਰੋ ਬੀਬੀ ਦਾ ਸਾਥ ਬੜਾ ਹੀ ਸੂਤ ਬੈਠਿਆ। ਪਿੰਡ ਦੀਆਂ ਬੀਹੀਆਂ, ਖੇੜੇ, ਖਵਾਜੇ, ਮਾਤਾ ਮਸਾਣੀਆਂ ਥੇਹ, ਪੀਰਾਂ ਫਕੀਰਾਂ ਦੇ ਡੇਰੇ, ਮੰਦਰ, ਗੁਰਦੁਆਰਾ ਅਤੇ ਬਖੂਹਿਆਂ ਵਰਗੀਆਂ ਮਹੱਤਵਪੂਰਨ ਥਾਵਾਂ ਮੈਂ ਪਹਿਲਾਂ ਪਹਿਲ ਅਮਰੋ ਬੀਬੀ ਨਾਲ ਜਾ ਕੇ ਹੀ ਦੇਖੀਆਂ। ਮਗਰੋਂ ਉਨ੍ਹਾਂ ਨਾਲ ਜਾ ਕੇ ਮੈਂ ਇਨ੍ਹਾਂ ਸਭ ਥਾਵਾਂ ਦੀਆਂ ਫੋਟੋਆਂ ਲਈਆਂ। ਪਿੰਡ ਬਾਰੇ ਉਸ ਨੇ ਬਹੁਤ ਸਾਰੀਆਂ ਗੱਲਾਂ ਮੈਨੂੰ ਬਿਨਾਂ ਪੁੱਛਿਆ ਹੀ ਦੱਸ ਦਿੱਤੀਆਂ ਅਤੇ ਇਸ ਜਾਣਕਾਰੀ ਨੂੰ ਦੁਹਰਾ ਕੇ ਹੀ ਮੈਂ ਕਈ ਵਾਰੀ ਆਪਣੀ ਪਿੰਡ ਬਾਰੇ ਉਤਸੁਕਤਾ ਨੂੰ ਹੋਰ ਸਵਾਲਾਂ ਵਿਚ ਅਨੁਵਾਦ ਕਰਦੀ ਰਹੀ।

ਜਦੋਂ ਮੈਂ ਅਮਰੋ ਬੀਬੀ ਦੇ ਘਰ ਬੈਠੀ ਹੁੰਦੀ ਤਾਂ ਪਿੰਡ ਦੇ ਬਹੁਤ ਸਾਰੇ ਲੋਕ ਉਤਸੁਕਤਾ ਵਸ ਉਨ੍ਹਾਂ ਦੇ ਘਰ ਆ ਜਾਂਦੇ। ਮੈਂ ਵੀ ਕਈ ਤਰ੍ਹਾਂ ਦੇ ਪ੍ਰਸ਼ਨ ਉਨ੍ਹਾਂ ਸਾਰਿਆਂ ਨੂੰ ਸਮੂਹਕ ਤੌਰ ਤੇ ਹੀ ਪੁੱਛ ਲੈਂਦੀ। ਮੇਰੇ ਪੁੱਛਣ ਦਾ ਢੰਗ ਰਸਮੀ ਹੋਣ ਦੀ ਬਜਾਏ ਆਮ ਗੱਲਬਾਤ ਵਾਲਾ ਹੁੰਦਾ ਜਿਸ ਵਿਚੋਂ ਮੇਰੀ ਸਹਿਜਤਾ ਦਾ ਪ੍ਰਗਟਾਵਾ ਵੀ ਹੁੰਦਾ।

ਖੋਜ ਦਾ ਇਹ ਦੌਰ ਬੜਾ ਮਹੱਤਵਪੂਰਨ ਸੀ। ਅਮਰੋ ਬੀਬੀ ਦੇ ਰਾਹੀਂ ਪਿੰਡ ਦੇ ਬਹੁਤ ਸਾਰੇ ਔਰਤਾਂ ਮਰਦਾਂ ਨਾਲ ਮੇਰੀ ਵਾਕਫ਼ੀ ਹੋ ਗਈ। ਇਨ੍ਹਾਂ ਲੋਕਾਂ ਦੀ ਆਮ ਗੱਲਬਾਤ ਵਿਚੋਂ ਮੈਨੂੰ ਪਿੰਡ ਸਭਿਆਚਾਰ ਬਾਰੇ ਬਹੁਤ ਸਾਰੀਆਂ ਮੁਢਲੀਆਂ ਗੱਲਾਂ ਦਾ ਪਤਾ ਲੱਗ ਗਿਆ। ਪਿੰਡ ਵਿਚੋਂ ਆਪਣੀ 7 8 ਸਾਲ ਦੀ ਗੈਰ ਹਾਜ਼ਰੀ ਦਾ ਖੱਪਾ ਪੂਰਾ ਕਰਨ ਲਈ ਅਮਰੋ ਬੀਬੀ ਆਪ ਵੀ ਹੋਰ ਲੋਕਾਂ ਨੂੰ ਪ੍ਰਸ਼ਨ ਪੁਛਦੀ ਰਹਿੰਦੀ ਅਤੇ ਸਿੱਧੇ ਜਾਂ ਅਸਿੱਧੇ ਤੌਰ ਤੇ ਮੈਨੂੰ ਪਿੰਡ ਬਾਰੇ ਅਤੇ ਪਿੰਡ ਦੇ ਵਿਹਾਰਾਂ ਬਾਰੇ ਜਾਣਕਾਰੀ ਦਿੰਦੀ ਰਹਿੰਦੀ।

ਅਮਰੋ ਬੀਬੀ ਦਾ ਆਪਣਾ ਘਰ ਵੀ ਤਿੰਨ ਪਿੰਡਾਂ ਦਾ ਸਮੂਹਕ ਸੱਭਿਆਚਾਰ ਸੀ। ਇਕ ਅਮਰੋ ਬੀਬੀ ਦੇ ਸਹੁਰੇ ਪਿੰਡ ਕਿਲ੍ਹਾ ਰਾਏਪੁਰ ਦਾ ਦੂਜਾ ਉਹਨਾਂ ਦੇ ਪੇਕੇ ਪਿੰਡ ਕਰਹਾਲੀ ਦਾ ਅਤੇ ਤੀਜਾ ਪੰਮੀ ਦੇ ਸਹੁਰੇ ਪਿੰਡ ਰਾਮਗੜ੍ਹ ਦਾ। ਪੇਕੇ ਪਿੰਡ ਬਾਰੇ ਅਮਰੋ ਬੀਬੀ ਦੀ ਜਾਣਕਾਰੀ ਇਤਿਹਾਸਕ ਪਹੁੰਚ ਵਾਲੀ ਸੀ। 'ਉਦੋਂ' ਅਤੇ 'ਹੁਣ' ਬਾਰੇ ਅਮਰੋ ਬੀਬੀ ਸਹਿਜੇ ਹੀ ਅੱਡ ਅੱਡ ਜਾਣਕਾਰੀ ਰੱਖਦੀ ਸੀ। ਉਨ੍ਹਾਂ ਦੇ ਸਹੁਰੇ ਪਿੰਡ ਕਿਲ੍ਹਾ ਰਾਏਪੁਰ ਵਿਚ ਚਾਹੇ ਉਨ੍ਹਾਂ ਦੇ ਰਹਿਣ ਦਾ ਸਮਾਂ ਬਹੁਤਾ ਨਹੀਂ ਸੀ ਫੇਰ ਵੀ ਉਹ ਆਪਣੇ ਸਹੁਰੇ ਪਿੰਡ ਦੇ ਵਿਚਾਰਾਂ ਨੂੰ ਆਪਣੇ ਪੇਕੇ ਪਿੰਡ ਤੋਂ ਸਹਿਜੇ ਹੀ ਨਿਖੇੜ ਕੇ ਦਸ ਦੇਂਦੇ ਸਨ ਅਤੇ ਇਸ ਵਿਚ ਉਨ੍ਹਾਂ ਦੇ ਬੱਚੇ ਅਤੇ ਪਤੀ ਵੀ ਮਦਦ ਕਰਦੇ ਸਨ। ਤੀਜਾ ਪਿੰਡ ਪੰਮੀ ਦਾ ਸਹੁਰਾ ਪਿੰਡ ਰਾਮਗੜ੍ਹ ਸੀ ਜਿੱਥੇ ਉਹ ਵਿਆਹ ਤੋਂ ਮਗਰੋਂ 3 4 ਸਾਲ ਰਹੀ ਸੀ ਅਤੇ ਹੁਣ ਵੀ ਪਤੀ ਦੇ ਛੁੱਟੀ ਆਉਣ ਜਾਂ ਦਿਨ ਤਿਉਹਾਰ ਤੇ 'ਵਿਹਾਰ' ਕਰਨ ਜਾਂਦੀ ਸੀ। ਪਿੰਡਾਂ ਦਾ ਇਹ ਤੁਲਨਾਤਮਕ ਅਧਿਐਨ ਮੇਰੇ ਲਈ ਬੜਾ ਲਾਹੇਵੰਦ ਸੀ ਅਤੇ ਮੇਰੀ ਜਾਣਕਾਰੀ ਦੀਆਂ ਹੱਦਾਂ ਨੂੰ ਵਧਾਉਂਦਾ ਸੀ। ਮਗਰੋਂ ਵਿਧੀਵਧ ਢੰਗ ਨਾਲ ਇੰਟਰਵਿਊ ਕਰਦਿਆਂ ਵੀ ਮੈਂ ਔਰਤਾਂ ਦੁਆਰਾ 'ਆਪਣੇ ਪੇਕੇ ਪਿੰਡ' ਅਤੇ ਕਈ ਵਾਰੀ 'ਆਪਣੇ ਨਾਨਕੇ ਪਿੰਡ' ਦੇ ਵਿਹਾਰਾਂ ਦੀ ਗੱਲ ਛੋਹਣ ਨੂੰ ਬੜਾ ਮਹੱਤਵ ਦੇਂਦੀ ਰਹੀ। ਇੰਜ ਮੈਂ ਕਰਹਾਲੀ ਪਿੰਡ ਦੇ ਵਿਹਾਰਾਂ ਦਾ ਪੰਜਾਬ ਦੇ ਹੋਰ ਪਿੰਡਾਂ ਦੇ ਵਿਹਾਰਾਂ ਨਾਲ ਕਿਸੇ ਹੱਦ ਤੱਕ ਤੁਲਨਾਤਮਕ ਅਧਿਐਨ ਵੀ ਕਰ ਲੈਂਦੀ।

ਅਮਰੋ ਬੀਬੀ ਦੇ ਰਾਹੀਂ ਮੈਂ ਪਿੰਡ ਬਾਰੇ ਵਿਸ਼ੇਸ਼ ਜਾਣਕਾਰੀ ਰੱਖਣ ਵਾਲੇ ਲੋਕਾਂ ਨੂੰ ਮਿਲਦੀ ਰਹੀ। ਪਿੰਡ ਦੇ ਇਨ੍ਹਾਂ ਲੋਕਾਂ, ਜਿਨ੍ਹਾਂ ਵਿਚ ਬਹੁਤੇ ਬਜ਼ੁਰਗ ਲੋਕ ਸ਼ਾਮਲ ਸਨ, ਨੇ ਮੈਨੂੰ ਪਿੰਡ ਦੇ ਇਤਿਹਾਸ ਬਾਰੇ ਕਾਫੀ ਕੁਝ ਦੱਸਿਆ। ਉਨ੍ਹਾਂ ਲੋਕਾਂ ਨੂੰ ਆਪਣੇ ਖੋਜ ਦੇ ਮੰਤਵ ਬਾਰੇ ਇਕਦਮ ਸਾਰਾ ਕੁਝ ਸਮਝਾ ਸਕਣਾ ਮੈਨੂੰ ਔਖਾ ਜਾਪਦਾ ਸੀ। ਇਸ ਲਈ ਮੈਂ ਹਾਲ ਦੀ ਘੜੀ ਆਪਣੇ ਮੰਤਵ ਨੂੰ 'ਪਿੰਡ ਦਾ ਇਤਿਹਾਸ' ਜਾਣਨ ਤੱਕ ਹੀ ਸੀਮਿਤ ਕਰ ਲਿਆ। ਇਹ ਵੱਖਰੀ ਗੱਲ ਹੈ ਕਿ ਮੈਂ ਪਿੰਡ ਦੇ ਇਤਿਹਾਸ ਨੂੰ ਏਨਾ ਖੁਭ ਕੇ ਲਿਖਿਆ ਕਿ ਕੁਝ ਲੋਕਾਂ ਨੇ ਉਸਨੂੰ ਛਪਵਾ ਕੇ ਕਿਤਾਬ ਬਣਾਉਣ ਦਾ ਮੈਥੋਂ ਇਕਰਾਰ ਲੈ ਲਿਆ। ਪਿੰਡ ਦਾ ਇਤਿਹਾਸ ਛਪਵਾ ਕੇ ਪਿੰਡ ਦੀ ਨਜ਼ਰ ਕਰਨ ਦਾ ਰਿਣ ਅਜੇ ਮੇਰੇ ਸਿਰ ਤੇ ਹੈ।

ਕਰਹਾਲੀ ਪਿੰਡ ਦੇ ਇਤਿਹਾਸ ਅਤੇ ਮਿਥਿਹਾਸ ਨੂੰ ਮੈਂ ਪਿੰਡ ਦੇ ਬਹੁਤ ਸਾਰੇ ਲੋਕਾਂ ਤੋਂ ਇਕੱਤਰ ਕੀਤਾ। ਕਿਸੇ ਵੇਲੇ ਪਿੰਡ ਦੀ 1400 ਦੇਹਲੀ ਹੁੰਦੀ ਸੀ। ਪਿੰਡ ਵੱਡਾ ਹੋਣ ਕਰਕੇ ਇਸ ਦੀਆਂ ਦੋ ਪੰਚਾਇਤਾਂ ਸਨ ਅਤੇ ਇਸੇ ਕਰਕੇ ਇਸਦੀ ਹੋਰ ਪਿੰਡਾਂ ਤੇ ਚੌਧਰ ਹੁੰਦੀ ਸੀ। ਇਹ ਪਿੰਡ 'ਠੁੱਕ ਵਾਲਾ' ਪਿੰਡ ਕਹਿਕੇ ਜਾਣਿਆ ਜਾਂਦਾ ਸੀ। ਇਸ ਠੁੱਕ ਦੀ ਕਹਾਣੀ ਇਸ ਤਰ੍ਹਾਂ ਹੈ ਕਿ ਕੈਥਲ ਦਾ ਮਹਾਰਾਜਾ ਉਦੈ ਸਿੰਘ ਇਸ ਪਿੰਡ ਵਿਚ ਵਿਆਹਿਆ ਹੋਇਆ ਸੀ। ਉਦੈ ਸਿੰਘ ਦੀ ਪਟਿਆਲੇ ਦੇ ਮਹਾਰਾਜਾ ਕਰਮ ਸਿੰਘ ਨਾਲ ਕਿਸੇ ਗੱਲ ਤੇ ਬਹਿਸ ਹੋ ਗਈ। ਪਟਿਆਲੇ ਦੇ ਮਹਾਰਾਜਾ ਕਰਮ ਸਿੰਘ ਨੇ ਉਦੈ ਸਿੰਘ ਨੂੰ 'ਜੱਟਾਂ ਜੁੱਟਾਂ' ਦਾ ਜਵਾਈ ਹੋਣ ਦੀ ਬੋਲੀ ਮਾਰੀ। ਬਹਿਸ ਵਿਚ ਉਦੈ ਸਿੰਘ ਨੇ ਮਹਾਰਾਜਾ ਪਟਿਆਲਾ ਨੂੰ ਚੈਲਿੰਜ ਕਰ ਦਿਤਾ ਕਿ ਉਹ ਇਸ ਪਿੰਡ ਵਿਚੋਂ ਸਾਕ ਲੈ ਕੇ ਦਿਖਾ ਦੇਵੇ।

ਮਹਾਰਾਜਾ ਕਰਮ ਸਿੰਘ ਨੇ ਉਦੈ ਸਿੰਘ ਦੇ ਇਸ ਚੈਲਿੰਜ ਨੂੰ ਸਵੀਕਾਰ ਕਰ ਲਿਆ। ਉਹ ਸਾਕ ਲੈਣ ਦੇ ਮੰਤਵ ਨਾਲ ਪਿੰਡ ਵਿਚ ਆਉਣ ਜਾਣ ਲੱਗ ਪਿਆ। ਮਹਾਰਾਜਾ ਕਰਮ ਸਿੰਘ ਨੇ ਇੱਥੇ ਕਿੱਲਾ ਉਸਾਰਿਆ। ਪਿੰਡ ਵਿਚ ਇਕੋ ਨਕਸ਼ੇ ਦਾ ਗੁਰਦੁਆਰਾ ਅਤੇ ਸ਼ਿਵ ਮੰਦਰ ਬਣਵਾਇਆ। ਉਹ ਅਕਸਰ ਪਿੰਡ ਦੇ ਲੋਕਾਂ ਦੀ 'ਸਭਾ' ਬੁਲਾਉਂਦਾ। ਲੋਕ ਉਸਦੇ ਇਸਦੇ ਵਤੀਰੇ ਤੇ ਹੈਰਾਨ ਜਹੇ ਸਨ। ਪਰ ਇਕ ਦਿਨ ਉਸਨੇ ਆਪਣੀ ਇੱਛਾ ਜਾਹਰ ਕਰ ਹੀ ਦਿੱਤੀ ਕਿ ਉਹ ਇਸ ਪਿੰਡ ਵਿਚੋਂ ਸਾਕ ਲੈਣਾ ਚਾਹੁੰਦਾ ਸੀ। ਪਿੰਡ ਦੇ ਲੋਕਾਂ ਨੇ ਉਸਦਾ ਮਜ਼ਾਕ ਉਡਾ ਦਿੱਤਾ।

"ਚਾਹੇ ਮੰਗਣ ਵਾਲਾ ਕੋਈ ਮਹਾਰਾਜਾ ਹੀ ਕਿਉਂ ਨਾ ਹੋਵੇ, ਇਸ ਪਿੰਡ ਨੇ ਕਦੀ 'ਮੰਗਿਆ ਸਾਕ' ਨਹੀਂ ਦਿੱਤਾ।"

ਉਨ੍ਹਾਂ ਨੇ ਕਿਹਾ।

ਮਹਾਰਾਜਾ ਕਰਮ ਸਿੰਘ ਨੂੰ ਆਪਣੀ ਇਸ ਹੇਠੀ ਤੇ ਗੁੱਸਾ ਆ ਗਿਆ। ਉਸਨੇ 1400 ਦੇਹਲੀ ਵਾਲੇ ਪਿੰਡ ਨੂੰ ਚਾਰ ਹਿੱਸਿਆਂ ਵਿਚ ਵੰਡ ਕੇ ਇਸਦੀ ਚੌਧਰ ਖ਼ਤਮ ਕਰ ਦਿੱਤੀ। ਪਰ ਪਿੰਡ ਵਾਲਿਆਂ ਲਈ ਉਨ੍ਹਾਂ ਦੀ 'ਠੁੱਕ' ਵਧੇਰੇ ਅਹਿਮੀਅਤ ਰੱਖਦੀ ਸੀ। ਇਸ ਲਈ ਉਨ੍ਹਾਂ ਦੇ ਰਾਜੇ ਦੇ ਇਸਰਾਰ ਕਰਨ ਤੇ ਵੀ ਉਸਨੂੰ ਸਾਕ ਨਾ ਦਿੱਤਾ। ਰਾਜੇ ਦਾ ਗੁੱਸਾ ਹੱਦ ਬੰਨੇ ਟੱਪ ਗਿਆ। ਉਹਨੇ ਫੌਜ ਲੈ ਕੇ ਪਿੰਡ ਤੇ ਚੜ੍ਹਾਈ ਕਰ ਦਿੱਤੀ। ਪਿੰਡ ਦੇ ਲੋਕ ਆਪ ਤਾਂ ਉਸਦਾ ਮੁਕਾਬਲਾ ਨਹੀਂ ਕਰ ਸਕਦੇ ਸਨ ਪਰ ਪਿੰਡ ਦੇ ਕਰਨੀ ਵਾਲੇ ਸੰਨਿਆਸੀ ਸਾਧ ਬਾਬਾ ਜਮਨਾ ਗਿਰ ਨੇ 'ਆਪਣੇ ਕਰਾਮਾਤੀ ਸੋਟਿਆਂ' ਨਾਲ ਮਹਾਰਾਜੇ ਦੀਆਂ ਫੌਜਾਂ ਨੂੰ ਡਰਾ ਕੇ ਭਜਾ ਦਿੱਤਾ। ਫੇਰ ਲੋਕਾਂ ਨੇ ਮਜਬੂਰ ਹੋ ਕੇ ਮਹਾਰਾਜਾ ਉਦੈ ਸਿੰਘ ਤਕ ਪਹੁੰਚ ਕੀਤੀ। ਉਦੈ ਸਿੰਘ ਨੇ ਆਪਣੀ ਮਜ਼ਬੂਰੀ ਜ਼ਾਹਰ ਕੀਤੀ ਕਿ ਪੰਜਾਬ ਵਿਚ ਤਾਂ ਮੇਰੀ ਨਹੀਂ ਚਲਦੀ ਪਰ ਮੇਰੇ ਹਰਿਆਣੇ ਵਿਚ ਚਾਹੇ ਇਸ ਪਿੰਡ ਦਾ ਕੱਲ੍ਹਾ ਕੱਲ੍ਹਾ ਬੰਦਾ ਆ ਕੇ ਵੱਖਰਾ ਵੱਖਰਾ ਪਿੰਡ ਵਸਾ ਲਵੇ। ਇਸ ਤਰ੍ਹਾਂ ਕੁਝ ਲੋਕ ਹਰਿਆਣੇ ਦੇ ਬਾਰਡਰ ਦੇ ਲਾਗਲੇ ਪਿੰਡਾਂ ਵਿਚ ਵੱਸ ਗਏ।

ਪਿੰਡ ਦੀ ਠੁੱਕ ਇਸ ਗੱਲ ਵਿਚ ਵੀ ਸੀ ਕਿ ਇਸਦੀਆਂ ਨੂੰਹਾਂ ਘੱਗਰੇ ਅਤੇ ਦੋਹਰੇ ਦੁੱਪਟੇ ਪਹਿਨ ਕੇ ਘਰੋਂ ਬਾਹਰ ਨਿਕਲਦੀਆਂ ਸਨ। ਪਿੰਡ ਕਿਸੇ ਵੇਲੇ ਬਹੁਤ ਸ਼ਰਮ ਲਿਹਾਜ਼ ਵਾਲਾ ਮੰਨਿਆ ਜਾਂਦਾ ਸੀ। ਇਸ ਨਾਲ ਸੰਬੰਧਤ ਇਕ ਕਹਾਣੀ ਪਿੰਡ ਦੇ ਬਜ਼ੁਰਗ ਦੱਸਦੇ ਹਨ। ਪਿੰਡ ਦੀ ਇੱਕ ਧੀ ਇਕ ਵਾਰੀ ਪਿੰਡ ਵਿਚ ਆਈ ਬਰਾਤ ਨੂੰ ਦੇਖਣ ਲਈ ਆਪਣੇ ਘਰ ਦੇ ਬਨੇਰੇ ਤੇ ਜਾ ਖੜ੍ਹੀ। ਪਿੰਡ ਦੇ ਸਭਿਆਚਾਰ ਵਿਚ ਕੁੜੀ ਦੀ ਇਹ ਗੁਸਤਾਖੀ ਨਾ ਮਾਫ਼ ਕੀਤੇ ਜਾ ਸਕਣ ਵਾਲਾ ਅਪਰਾਧ ਸੀ। ਪਿੰਡ ਦੇ ਬਜ਼ੁਰਗਾਂ ਨੇ ਕੁੜੀ ਨੂੰ ਇਸ ਅਪਰਾਧ ਬਦਲੇ ਮਾਰ ਦਿੱਤਾ ਅਤੇ ਉਸ ਦੀ ਲਾਸ਼ ਨੂੰ ਕੱਚੀ ਕੰਧ ਵਿਚ ਚਿਣ ਦਿੱਤਾ ਤਾਂ ਕਿ ਪਿੰਡ ਦੀਆਂ ਹੋਰ ਕੁੜੀਆਂ ਭਵਿੱਖ ਵਿਚ ਅਜਿਹੀ ਕੋਈ ਗਲਤੀ ਨਾ ਕਰਨ।

ਕਰਹਾਲੀ ਪਿੰਡ ਵਿਚ ਸਤੀਆਂ ਦੀਆਂ ਦੋ ਪੱਕੀਆਂ ਸਮਾਧਾਂ ਹਨ। ਘੁਮਾਣਾਂ (ਪਿੰਡ ਦੇ ਜੱਟਾਂ ਦਾ ਗੋਤ ਘੁਮਾਣ ਹੈ) ਦੀ ਸਤੀ ਪਿੰਡ ਦੀ ਨੂੰਹ ਸੀ ਜੋ ਆਪਣੇ ਭਰਾਵਾਂ ਦੁਆਰਾ ਆਪਣੇ ਪਤੀ ਦੇ ਮਾਰੇ ਜਾਣ ਤੇ ਆਪ ਵੀ ਉਸਦੀ ਚਿਤਾ ਵਿਚ ਸੜ ਗਈ ਸੀ। ਦੂਜੀ ਸਤੀ ਪਿੰਡ ਦੀ ਤਖਾਣ ਜਾਤ ਦੀ ਧੀ ਸੀ ਜੋ ਰੱਬ ਵਿਚ ਧਿਆਨ ਰੱਖਣ ਵਾਲੀ ਅਤੇ ਹਰ ਵਕਤ ਪਾਠ ਪੂਜਾ ਵਿਚ ਲੀਨ ਰਹਿਣ ਵਾਲੀ ਕੁੜੀ ਸੀ। ਉਹ ਆਪਣੇ ਮਾਪਿਆਂ ਨੂੰ ਹਮੇਸ਼ਾ ਕਹਿੰਦੀ ਸੀ ਕਿ ਮੈਂ ਵਿਆਹ ਨਹੀਂ ਕਰਵਾਉਣਾ ਪਰ ਮਾਪਿਆਂ ਨੇ ਉਸਦੀ ਗੱਲ ਨੂੰ ਕੋਈ ਅਹਿਮੀਅਤ ਨਾ ਦਿੱਤੀ ਅਤੇ ਉਸਦਾ ਵਿਆਹ ਨਿਸ਼ਚਿਤ ਕਰ ਦਿੱਤਾ। ਪਰ ਉਹ ਕੁੜੀ ਵਿਆਹ ਦੇ ਨਿਸ਼ਚਿਤ

ਦਿਨ ਨੂੰ ਸਮਾਧੀ ਵਿਚ ਹੀ ਵਿਲੀਨ ਹੋ ਗਈ ਸੀ।

ਕਰਹਾਲੀ ਪਿੰਡ ਬਾਰੇ ਹੋਰ ਵੀ ਬਹੁਤ ਸਾਰੀਆਂ ਗੱਲਾਂ ਮੈਂ ਜਾਣੀਆਂ ਅਤੇ ਲਿਪੀਬੱਧ ਕੀਤੀਆਂ। ਮਸਲਨ ਪਿੰਡ 'ਕਰਨੀ ਵਾਲੇ ਸਾਧਾਂ' ਦਾ ਓਟਿਆ ਹੋਇਆ ਖੜ੍ਹਾ ਸੀ। ਐਸੇ ਐਸੇ ਕਰਾਮਾਤੀ ਸਾਧ ਇਸ ਪਿੰਡ ਵਿਚ ਹੋਏ ਸਨ। ਜਿਨ੍ਹਾਂ ਨੇ ਸਾਰੇ ਪਿੰਡ ਦੀ ਫਸਲ ਨੂੰ ਗੜੇਮਾਰ ਤੋਂ ਬਚਾਉਣ ਲਈ ਸਾਰੇ ਗੜੇ ਆਪਣੀ ਪੈਲੀ ਵਿਚ ਪੁਆ ਲਏ ਸਨ। ਇਹੋ ਜਿਹੇ ਇਕ ਹੋਰ ਮੌਕੇ ਤੇ ਉਸ ਸਾਧ ਨੇ ਫਸਲਾਂ ਤੇ ਹਮਲਾ ਕਰਨ ਆ ਰਹੇ ਟਿੱਡੀ ਦਲ ਨੂੰ ਆਪਣੀ ਕਰਾਮਾਤ ਨਾਲ ਰਸਤੇ ਵਿਚੋਂ ਹੀ ਮੋੜ ਦਿੱਤਾ ਸੀ।

ਕਰਹਾਲੀ ਪਿੰਡ ਦੇ ਗੁਰਦੁਆਰੇ ਨੂੰ ਸਿੱਖਾਂ ਦੀ ਨੌਵੀਂ ਅਤੇ ਛੇਵੀਂ ਪਾਤਸ਼ਾਹੀ ਦੀ ਚਰਨ ਛੋਹ ਪ੍ਰਾਪਤ ਹੈ। ਗੁਰਦੁਆਰੇ ਦੇ ਸਰੋਵਰ ਦੇ ਜਲ ਨੂੰ ਸੋਕੇ ਅਤੇ ਕੋਹੜ ਦੇ ਇਲਾਜ ਦਾ ਵਰ ਹੈ। ਇਸ ਵਰ ਦੇ ਕਾਰਨ ਲੋਕ ਇੱਥੇ ਪੰਜ ਪੰਚਮੀਆਂ ਨੂੰ ਇਸ਼ਨਾਨ ਕਰਦੇ ਹਨ। ਪਿੰਡ ਦੇ 'ਬਾਬੇ ਕਿਆਂ ਦੇ ਲਾਣੇ' ਨੂੰ 'ਜਾਨੂੰਆਂ ਦੇ ਝਾੜੇ' ਦੀ ਮਿਹਰ ਸੀ। ਪਿੰਡ ਦੀ ਇਕ ਵਿਸ਼ੇਸ਼ ਥਾਂ ਤੇ ਖਿਚੜੀ ਰਿੰਨ੍ਹ ਕੇ ਖਾਣ ਨਾਲ ਪੀਲੀਏ ਦੇ ਰੋਗ ਤੋਂ ਨਿਜਾਤ ਮਿਲਦੀ ਹੈ। ਪਿੰਡ ਦੇ ਇਕ ਟੋਭੇ ਦੀਆਂ ਨਿਸ਼ਾਨੀਆਂ ਦੱਸਦੀਆਂ ਹਨ ਕਿ ਇਥੇ ਕਿਸੇ ਸਮੇਂ ਇਕ ਤੀਰਥ ਸਥਾਨ ਹੁੰਦਾ ਸੀ। ਇਸਦੇ ਕਿਨਾਰੇ ਤੇ ਬਣੇ ਸ਼ਿਵ ਮੰਦਰ ਦੇ ਥੇਹ ਵੀ ਇਤਿਹਾਸਕ ਹਨ। ਪਿੰਡ ਵਿਚ ਸਥਿਤ ਜਵਾਲਾ ਜੀ ਦੇ ਮੰਦਰ ਵਾਲੀ ਥਾਂ ਤੋਂ ਕਿਸੇ ਸਮੇਂ ਸੱਚਮੁੱਚ ਲਾਟ ਨਿਕਲਦੀ ਸੀ। ਇਸ ਲਾਟ ਦੇ ਅੱਜ ਵੀ ਭਗਤਾਂ ਨੂੰ ਇਸ ਲਾਟ ਦੇ ਦਰਸ਼ਨ ਹੁੰਦੇ ਹਨ। ਇਸ ਲਾਟ ਦੀ ਕਹਾਣੀ ਇਉਂ ਹੈ ਕਿ ਪਿੰਡ ਦਾ ਇਕ ਭਗਤ ਹਰ ਸਾਲ ਜਵਾਲਾ ਜੀ ਦੇ ਦਰਸ਼ਨਾਂ ਲਈ ਜਾਂਦਾ ਹੁੰਦਾ ਸੀ। ਇਕ ਵਾਰੀ ਮਾਤਾ ਦੇ ਦਰਸ਼ਨਾਂ ਲਈ ਬਿਹਬਲ ਭਗਤ ਹੋਰਨਾਂ ਤੋਂ ਅੱਗੇ ਹੋ ਕੇ ਮੱਥਾ ਟੇਕਣ ਲੱਗਾ ਤਾਂ ਪ੍ਰਬੰਧਕਾਂ ਨੇ ਉਸਨੂੰ ਝਿੜਕ ਦਿੱਤਾ। ਭਗਤ ਨੂੰ ਹਰਖ ਆ ਗਿਆ ਅਤੇ ਉਹ ਮੰਦਰ ਦੇ ਨੇੜੇ ਹੀ ਇੱਕ ਖੁੱਲ੍ਹੇ ਮੈਦਾਨ ਵਿਚ ਬੈਠ ਗਿਆ। ਉਸਨੇ ਜਵਾਲਾ ਜੀ ਨੂੰ ਅਰਦਾਸ ਕੀਤੀ ਕਿ ਜੇ ਤੂੰ ਕੋਈ ਚੀਜ਼ ਹੈਂ ਤਾਂ ਮੈਨੂੰ ਇੱਥੇ ਬੈਠੇ ਨੂੰ ਦਰਸ਼ਨ ਦੇ। ਭਗਤ ਦੀ ਭਗਤੀ ਤੋਂ ਦੇਵੀ ਪਸੀਜ ਗਈ। ਉਸਨੇ ਭਗਤ ਨੂੰ ਉਸੇ ਸਥਾਨ ਤੇ ਹੀ ਆ ਕੇ ਦਰਸ਼ਨ ਦੇ ਦਿੱਤੇ। ਨਾਲ ਹੀ ਦੇਵੀ ਨੇ ਆਪਣੇ ਭਗਤ ਨੂੰ ਕਿਹਾ ਕਿ ਆਉਂਦੇ ਸਾਲਾਂ ਵਿਚ ਉਹ ਆਪਣੇ ਭਗਤਾਂ ਨੂੰ ਕਰਹਾਲੀ ਪਿੰਡ ਵਿਚ ਹੀ ਆਕੇ ਦਰਸ਼ਨ ਦੇਵੇਗੀ। ਸਚਮੁਚ ਕਰਹਾਲੀ ਵਿੱਚ ਮੌਜੂਦਾ ਜਵਾਲਾ ਜੀ ਦੀ ਮੰਦਰ ਵਾਲੇ ਅਸਥਾਨ ਤੋਂ ਲਾਟ ਨਿੱਕਲਣ ਲੱਗੀ ਜਿੱਥੇ ਮਗਰੋਂ ਲੋਕਾਂ ਨੇ ਮੰਦਰ ਉਸਾਰ ਦਿੱਤਾ। ਕਹਿੰਦੇ ਹਨ ਕਿ ਇਸੇ ਲਾਟ ਨੂੰ ਇਥੋਂ ਲਿਜਾ ਕੇ ਪਟਿਆਲੇ ਦੇ ਮਹਾਰਾਜਾ ਬਾਬਾ ਆਲਾ ਸਿੰਘ ਨੇ ਪਟਿਆਲਾ ਬੰਨ੍ਹਿਆ ਸੀ।

ਪਿੰਡ ਦੇ ਇਤਿਹਾਸ ਦਾ ਮੁੱਢਲਾ ਜਿਹਾ ਖਾਕਾ ਬਣਾਉਣ ਵਿਚ ਵੀ ਮੈਨੂੰ ਕਈ

ਮਹੀਨੇ ਲੱਗ ਗਏ। ਕਿਉਂਕਿ ਜਾਣਕਾਰੀ ਨਿੱਕੇ ਨਿੱਕੇ ਟੁਕੜਿਆਂ ਵਿਚ ਮਿਲਦੀ ਸੀ ਜਿਸਨੂੰ ਤਰਤੀਬ ਦੇ ਕੇ ਲਿਖਣ ਅਤੇ ਫੇਰ ਪੇਸ਼ਕਾਰੀ ਯੋਗ ਬਣਾਉਣ ਵਿਚ ਸਮਾਂ ਲੱਗਦਾ ਸੀ।

ਪਿੰਡ ਦੇ ਇਤਿਹਾਸ ਬਾਰੇ ਮੈਂ ਲੋਕਾਂ ਨੂੰ ਸੁਆਲ ਪੁੱਛਦੀ ਤਾਂ ਉਹ ਮੇਰੇ ਤੋਂ ਇਨ੍ਹਾਂ ਸਵਾਲਾਂ ਦਾ ਮੰਤਵ ਪੁੱਛਦੇ। ਮੈਂ ਦਸਦੀ ਕਿ ਮੈਂ ਉਨ੍ਹਾਂ ਦੇ ਪਿੰਡ ਦਾ ਇਤਿਹਾਸ ਲਿਖਣਾ ਚਾਹੁੰਦੀ ਸਾਂ।

"ਪਰ ਸਾਡੇ ਹੀ ਪਿੰਡ ਦਾ ਕਿਉਂ ?"

ਉਹ ਪੁਛਦੇ।

ਮੈਂ ਦੱਸਦੀ ਕਿ ਮੈਨੂੰ ਕੋਰਸ ਵਿਚ ਇਹੋ ਪਿੰਡ ਲੱਗਿਆ ਹੈ। ਉਨ੍ਹਾਂ ਦੇ ਇੱਕ ਦੂਜੇ ਨਾਲ ਗੱਲਾਂ ਕਰਨ ਤੋਂ ਮੈਨੂੰ ਇਸ਼ਾਰਾ ਮਿਲ ਗਿਆ ਕਿ ਉਹ ਇਸ 'ਡਿਊਟੀ' ਨੂੰ ਸਰਕਾਰੀ ਡਿਊਟੀ ਸਮਝਦੇ ਸਨ। ਮੇਰੇ ਲਈ ਗੱਲ ਕਰਨੀ ਸੌਖੀ ਹੋ ਗਈ। ਹੁਣ ਤੱਕ ਮੈਂ ਸਮਝ ਗਈ ਸਾਂ ਕਿ ਪਿੰਡ ਦੇ ਲੋਕਾਂ ਨੂੰ ਮੇਰੇ ਮੰਤਵ ਦੀ ਸਰਕਾਰੀ ਭਾਸ਼ਾ ਵਿਚ ਇੱਕ ਹੱਦ ਤੱਕ ਸਮਝ ਆ ਸਕਦੀ ਸੀ।

ਇਹ ਠੀਕ ਹੈ ਕਿ ਪਿੰਡ ਦਾ ਇਤਿਹਾਸ ਲਿਖਣ ਦਾ ਮੇਰਾ ਮੰਤਵ ਥੀਸਿਸ ਵਿਚ ਆਪਣੇ ਫੀਲਡ ਦੀ ਕੁਝ ਜਾਣਕਾਰੀ ਦੇਣ ਤੋਂ ਵਧੇਰੇ ਨਹੀਂ ਸੀ, ਪਰ ਪਿੰਡ ਦਾ ਇਤਿਹਾਸ ਜਾਣਨ ਦੇ ਬਹਾਨੇ ਮੈਨੂੰ ਹੋਰ ਬਹੁਤ ਸਾਰੀਆਂ ਗੱਲਾਂ ਦਾ ਪਤਾ ਲਗਦਾ ਸੀ। ਫੇਰ ਵੀ ਆਪਣੇ ਅਸਲੀ ਨਿਸ਼ਾਨੇ ਵੱਲ ਮੈਂ ਅਜੇ ਪਰਤਣਾ ਸੀ ਅਤੇ ਇਸ ਲਈ ਢੁੱਕਵਾਂ ਮਾਹੌਲ ਸ਼ਾਇਦ ਹਾਲੇ ਵੀ ਨਹੀਂ ਬਣਿਆ ਸੀ। ਅਮਰੋ ਬੀਬੀ ਨਾਲ ਮੈਂ ਬਹੁਤ ਸਾਰੇ ਘਰਾਂ ਵਿਚ ਚਲੀ ਜਾਂਦੀ ਸਾਂ। ਬਹੁਤੇ ਲੋਕ ਮੈਨੂੰ ਆਪੇ ਹੀ ਬੁਲਾ ਲੈਂਦੇ ਸਨ ਪਰ ਆਪਣੇ ਮੰਤਵ ਬਾਰੇ ਮੈਂ ਅਜੇ ਉਨ੍ਹਾਂ ਨੂੰ ਚੰਗੀ ਤਰ੍ਹਾਂ ਸਮਝਾ ਨਹੀਂ ਸਾਂ ਸਕੀ। ਉਂਜ ਪਿੰਡ ਦੇ ਲੋਕਾਂ ਨੂੰ ਮੇਰੇ ਪਿੰਡ ਵਿਚ ਆਉਣ ਜਾਣ ਦਾ ਮੰਤਵ ਜਾਣਨ ਬਾਰੇ ਬਹੁਤ ਉਤਸੁਕਤਾ ਹੁੰਦੀ ਸੀ। ਉਹ ਸ਼ੁਰੂ ਸ਼ੁਰੂ ਵਿਚ ਇੱਕ ਦੂਜੇ ਨੂੰ, ਪਿੰਡ ਦੇ ਸਰਪੰਚ ਨੂੰ, ਪਿੰਡ ਦੇ ਸਕੂਲਾਂ ਦੀਆਂ ਅਧਿਆਪਕਾਵਾਂ ਨੂੰ ਜਾਂ ਸਿੱਧਾ ਮੈਨੂੰ ਹੀ ਪੁੱਛ ਲੈਂਦੇ,

'ਬੀਬੀ ਪਿੰਡ 'ਚ ਕਿਵੇਂ ਫਿਰਦੀ ਐਂ ?'

ਉਨ੍ਹਾਂ ਦੀਆਂ ਉਤਸਕਤਾਵਾਂ ਵਿਚ ਬਹੁਤ ਸਾਰੇ ਖਿਆਲ ਸ਼ਾਮਲ ਹੁੰਦੇ,

"ਕੋਈ ਭੈਣ ਜੀ ਬਦਲ ਕੇ ਆਈ ਐ ?"

"ਨਵੀਂ ਡਾਕਟਰਨੀ ਆਈ ਐ ?"

"ਪਿੰਡ ਵਿਚ ਕੋਈ ਸਲਾਈ ਸੈਂਟਰ ਖੁੱਲ੍ਹ ਰਿਹੈ ?"

"ਅੰਗਰੇਜੀ ਸਕੂਲ ਚਾਲੂ ਹੋਣ ਵਾਲਾ ਐ ?"

ਮੈਂ ਹੌਲੀ ਹੌਲੀ ਸਮਝਦੀ ਗਈ ਕਿ ਪਿੰਡ ਦੇ ਲੋਕਾਂ ਨੂੰ ਪਿੰਡ ਵਿਚ ਸ਼ਹਿਰੀਆਂ

ਦੀ ਆਮਦ ਸਰਕਾਰੀ ਨੌਕਰੀਆਂ ਦੀ ਭਾਸ਼ਾ ਵਿਚ ਹੀ ਵਧੇਰੇ ਸਪਸ਼ਟ ਹੁੰਦੀ ਹੈ। ਪਰ ਮੈਂ ਨਾ ਤਾਂ ਨੌਕਰੀਸ਼ੁਦਾ ਸਾਂ ਅਤੇ ਨਾ ਹੀ ਕਿਸੇ ਸਰਕਾਰੀ ਮਹਿਕਮੇ ਨਾਲ ਸਿੱਧੀ ਸੰਬੰਧਤ ਸਾਂ। ਪਰ ਨਿਸਚੇ ਹੀ ਮੈਂ ਪੀ. ਐਚ. ਡੀ. ਕਰਕੇ ਸਰਕਾਰੀ ਨੌਕਰੀ ਲਈ ਲੋੜੀਂਦੀ ਯੋਗਤਾ ਪ੍ਰਾਪਤ ਕਰ ਲੈਣੀ ਸੀ। ਇਸ ਲਈ ਮੈਨੂੰ 'ਸਰਕਾਰ' ਵਾਲੀ ਗਲ ਜਚ ਗਈ। ਲੋਕਾਂ ਦੇ ਪੁੱਛਣ ਤੇ ਮੈਂ ਦੱਸਦੀ,

"ਮੈਂ ਕੋਰਸ ਕਰ ਰਹੀ ਹਾਂ।"

'ਕੈਂਵੀ ਜਮਾਤ 'ਚ ਪੜ੍ਹਦੀ ਐਂ ਬੀਬੀ ?'

ਮੈਂ ਕੋਰਸਾਂ ਨੂੰ ਗਿਣਤੀ ਵਿਚ ਉਲਥਾ ਕੇ ਕਹਿੰਦੀ,

"ਮੈਂ ਉਨੀਵੀਂ ਜਮਾਤ ਵਿਚ ਪੜ੍ਹਦੀ ਆਂ।"

'ਨੌਕਰੀ ਕਰਦੀ ਐਂ ?'

"ਇਹ ਕੋਰਸ ਮੁਕਾ ਕੇ ਮੈਨੂੰ ਨੌਕਰੀ ਮਿਲੇਗੀ," ਮੈਂ ਕਹਿੰਦੀ।

ਸੁਣਨ ਵਾਲਿਆਂ ਵਿਚੋਂ ਕੋਈ ਬੰਦਾ ਕਹਿ ਦੇਂਦਾ,

"ਲੈ ਐਨੀਆਂ ਜਮਾਤਾਂ ਪੜ੍ਹ ਕੇ ਨੌਕਰੀ ਨਹੀਂ ਮਿਲੀ ਤਾਂ ਹੁਣ ਕਿਹੜਾ ਮਿਲ ਜੂਗੀ ?"

ਕਿਸੇ ਹੋਰ ਨੂੰ ਮੇਰੇ ਨਾਲ ਹਮਦਰਦੀ ਹੁੰਦੀ ਤਾਂ ਕਹਿ ਦੇਂਦਾ,

"ਬੀਬੀ ਜਿੱਥੇ ਐਡੀਆਂ ਜਮਾਤਾਂ ਪੜ੍ਹੀ ਸੀ ਉੱਥੇ ਦੋ ਚਾਰ ਹੋਰ ਪੜ੍ਹ ਲੈਂਦੀ ਤਾਂ ਸਕੂਲ 'ਚ ਮਾਸਟਰਨੀ ਲੱਗ ਜਾਂਦੀ, ਹੁਣ ਕੋਰਸਾਂ ਖਾਤਰ ਕਿਮੇਂ ਭਕਾਈ ਮਾਰਦੀ ਫਿਰਦੀ ਐ"

ਅਜਿਹੇ ਪ੍ਰਸ਼ਨਾਂ ਦੇ ਉੱਤਰ ਦੇਣ ਲਈ ਪਤਾ ਨਹੀਂ ਕਿਧਰੋਂ ਮੇਰੇ ਅੰਦਰ ਏਨਾ ਠਰ੍ਹੰਮਾ ਆ ਗਿਆ। ਮੈਂ ਉਨ੍ਹਾਂ ਨੂੰ ਸਮਝਾਉਂਦੀ ਕਿ ਮੇਰਾ ਕੋਰਸ ਸਕੂਲਾਂ ਵਾਲੇ ਕੋਰਸ ਦੇ ਮੁਕਾਬਲੇ ਬੜਾ ਵੱਡਾ ਹੈ ਤੇ ਮੈਂ ਨੌਕਰੀ ਲੱਗ ਕੇ ਨਿੱਕੇ ਬੱਚਿਆਂ ਦੀ ਬਜਾਏ ਕਾਲਜ ਦੇ ਮੁੰਡੇ ਕੁੜੀਆਂ ਨੂੰ ਪੜ੍ਹਾਉਣਾ ਸੀ।

"ਪਰ ਐਂ ਤੁਰ ਫਿਰ ਕੇ ਕਿਹੜੇ ਕੋਰਸ ਹੁੰਦੇ ਨੇ ?"

ਉਨ੍ਹਾਂ ਨੂੰ ਮੇਰੀ ਗਲ ਸਮਝ ਨਾ ਪੈਂਦੀ।

ਮੈਂ ਪਿੰਡ ਦੇ ਲੋਕਾਂ ਨੂੰ ਸਮਝਾਇਆ ਕਿ ਪੜ੍ਹ ਕੇ ਪੇਪਰ ਦੇਣ ਦੇ ਕੰਮ ਤਾਂ ਸੋਲ੍ਹਵੀਂ ਜਮਾਤ ਤੱਕ ਖ਼ਤਮ ਹੋ ਜਾਂਦੇ ਨੇ। ਵੱਡੇ ਕੋਰਸਾਂ ਵਿਚ ਕਿਤਾਬਾਂ ਲਿਖ ਕੇ ਦੇਣੀਆਂ ਹੁੰਦੀਆਂ ਹਨ ਅਤੇ ਉਨ੍ਹਾਂ ਤੇ ਹੀ 'ਪਾਸ ਫੇਲ੍ਹ' ਹੁੰਦਾ ਹੈ। ਪਰ 'ਤੁਰਨ ਫਿਰਨ' ਵਾਲੀ ਗੱਲ ਸਮਝਾਉਣ ਲਈ ਮੈਨੂੰ ਕਾਫੀ ਕੁਝ ਦੱਸਣਾ ਪੈਂਦਾ। ਮਸਲਨ ਇਹ ਕਿ ਸਰਕਾਰ ਇਹੋ ਰਿਹੇ 'ਕੋਰਸ' ਕਰਨ ਵਾਲਿਆਂ ਨੂੰ ਕੋਈ ਨਾ ਕੋਈ ਪਿੰਡ

'ਲਾ' ਦੇਂਦੀ ਹੈ ਕਿ ਫਲਾਣੇ ਪਿੰਡ ਦੇ 'ਵਿਹਾਰ' ਲਿਖ ਕੇ ਲਿਆਓ। ਇਸ ਲਈ ਮੈਂ ਸਰਕਾਰ ਦੀ ਭੇਜੀ ਹੋਈ ਉਨ੍ਹਾਂ ਦੀ ਪਿੰਡ ਆਈ ਸਾਂ। ਇਸਦੇ ਨਾਲ ਮੈਂ ਇਹ ਵੀ ਜੋੜ ਦੇਂਦੀ ਕਿ ਇਸ ਪਿੰਡ ਦੇ ਲੋਕਾਂ ਬਾਰੇ ਮੈਂ ਉਂਜ ਵੀ ਸੁਣਿਆ ਸੀ ਕਿ ਚੰਗੇ ਹਨ। ਇਸ ਲਈ ਮੈਂ ਇਸ ਪਿੰਡ ਦੀ ਡਿਊਟੀ ਲੈ ਲਈ ਸੀ।

ਇਕ ਗੱਲ ਲੋਕਾਂ ਦੀ ਸਮਝ ਵਿਚ ਅਜੇ ਵੀ ਨਹੀਂ ਆਉਂਦੀ ਸੀ।

"'ਕਿਤਾਬ' ਤਾਂ ਹੋਰ ਕਿਤਾਬਾਂ ਨੂੰ ਪੜ੍ਹ ਕੇ ਬਣਾਈ ਜਾ ਸਕਦੀ ਹੈ, ਪਰ ਐਂ ਲੋਕਾਂ ਦੇ ਘਰਾਂ ਵਿਚ ਕਿਉਂ ਫਿਰਦੀ ਐਂ ?"

ਉਹ ਪੁੱਛਦੇ।

ਮੈਂ ਦਸਦੀ ਕਿ ਕਿਤਾਬਾਂ ਵਿਚ ਉਂਜ ਤਾਂ ਸਾਰਾ ਕੁਝ ਹੀ ਲਿਖਿਆ ਹੁੰਦਾ ਹੈ ਪਰ ਪਿੰਡਾਂ ਦੇ ਲੋਕਾਂ ਦੀ 'ਸਿਆਣਪ' ਨਹੀਂ ਲਿਖੀ ਹੁੰਦੀ। ਹੁਣ ਸਿਆਣਪ ਦੇ ਉਨ੍ਹਾਂ ਕੋਲ ਦੋ ਤਰ੍ਹਾਂ ਦੇ ਮਤਲਬ ਸਨ। ਇਕ ਤਾਂ 'ਸ਼ਮਨ' ਯਾਨੀ 'ਕਸਰ' ਆਦਿ ਦੇ ਮਾਮਲਿਆਂ ਵਿਚ ਧਾਗੇ ਤਵੀਤ ਕਰਨ ਵਲੇ ਬੰਦੇ ਦੇ ਅਤੇ ਦੂਜਾ ਬਜੁਰਗਾਂ ਬਾਰੇ। ਪਹਿਲੀ ਕਿਸਮ ਦੇ ਮਤਲਬ ਬਾਰੇ ਉਹ ਕਹਿੰਦੇ ਕਿ 'ਸਿਆਣਪ' ਸਿਖਾਣ ਵਾਲਾ ਤਾਂ ਇਸ ਪਿੰਡ ਵਿਚ ਕੋਈ ਖਾਸ ਨਹੀਂ ਸੀ। ਦੂਜੇ ਮਤਲਬ ਦੇ ਮੁਤਾਬਕ 'ਸਿਆਣਪ' ਉਮਰ ਨਾਲ ਆਉਂਦੀ ਹੈ, ਘਰ ਗ੍ਰਿਹਸਥੀ ਵਿਚ ਪੈ ਕੇ ਆਪੇ ਹੀ ਸੱਭ ਗੱਲਾਂ ਦੀ ਸਮਝ ਆ ਜਾਂਦੀ ਹੈ ਅਤੇ ਇਸ ਵਿਚ ਤੁਰ ਫਿਰ ਕੇ ਸਿੱਖਣ ਵਾਲੀ ਕੋਈ ਗੱਲ ਨਹੀਂ ਹੈ। ਮੈਨੂੰ 'ਪਿੰਡਾਂ ਦਾ ਵਿਹਾਰ' ਵਾਲੀ ਗੱਲ ਦਾ ਚੇਤਾ ਸੀ। ਇਸ ਲਈ ਮੈਂ ਉਨ੍ਹਾਂ ਨੂੰ ਸਮਝਾਉਂਦੀ ਕਿ ਮੈਂ ਪਿੰਡ ਦੇ ਲੋਕਾਂ ਦੇ 'ਵਿਹਾਰ' ਬਾਰੇ ਲਿਖਣਾ ਚਾਹੁੰਦੀ ਸਾਂ ਕਿ ਉਹਨਾਂ ਦੀ ਜ਼ਿੰਦਗੀ ਕਿਹੋ ਜਿਹੀ ਹੁੰਦੀ ਹੈ ਕਿਵੇਂ ਉਹ ਆਪਣੇ ਹਰ ਰੋਜ਼ ਦੇ ਕਾਰ ਵਿਹਾਰ ਕਰਦੇ ਹਨ। ਕਿਥੇ ਕਿਥੇ ਮੱਥਾ ਟੇਕਦੇ ਹਨ, ਬਿਮਾਰ ਹੋਏ ਤੋਂ ਕੀ ਕਰਦੇ ਹਨ। ਪਰ ਇਹੋ ਜਿਹੇ ਸਪਸ਼ਟੀਕਰਨ ਵੀ ਲੋਕਾਂ ਲਈ ਕੋਈ ਖਾਸ ਮਾਇਨਾ ਨਹੀਂ ਰੱਖਦੇ ਸਨ।

'ਬੀਬੀ ਪਿੰਡਾਂ ਦੇ ਲੋਕਾਂ ਨੇ ਕੀ ਕਰਨੈ, ਸਵੇਰੇ ਉੱਠ ਕੇ ਚਾਹ ਧਰ ਲਈ, ਖੇਤ ਚਲੇ ਗਏ, ਧਾਰਾਂ ਕੱਢ ਲਈਆਂ, ਰੋਟੀਆਂ ਪਕਾ ਲਈਆਂ, ਭਾਂਡੇ ਮਾਂਜ ਲਏ, ਗੋਹਾ ਪੱਥ ਲਿਆ, ਹੋਰ ਕੀ ਕਰਨੈ ਅਨਪੜ੍ਹਾਂ ਨੇ ? ਤੇਰੇ ਵਾਂਗੂੰ ਸਾਫ ਕੱਪੜੇ ਪਾ ਕੇ ਅਸੀਂ ਥੋੜਾ ਹੀ ਬੈਠੇ ਰਹਿੰਦੇ ਆਂ।"

"ਮੱਥਾ ਕਿੱਥੇ ਟੇਕਣੈ ? ਇਹੀ ਮਾਤਾ ਮਸਾਣੀਆਂ ਦੇ ਵਿਹਾਰ ਨੇ। ਗੁਰਦੁਆਰਾ ਐ, ਵੱਡੇ ਵਡੇਰਿਆਂ ਦੀ ਚੌਦਹ ਮੌਸ ਐ।'

"ਰੋਗ ਹੋਏ ਤੇ ਕੀ ਕਰਨੈ ? ਆੜ੍ਹ ਕਬਾੜ ਖਾ ਲੈ ਨੇ ਆਂ ਗੋਲੀ ਖਾ ਲੈਨੇ ਆਂ। ਨਾ ਆਰਾਮ ਆਏ ਤਾਂ ਡਾਕਟਰ ਕੋਲ ਜਾ ਕੇ ਆਉਨੇ ਆਂ। ਸ਼ਹਿਰ ਹਸਪਤਾਲ ਜਾ

ਆਉਨੇ ਆਂ। ਹੋਰ ਅਸੀਂ ਕਿਹੜੀਆਂ ਤੇਗਾਂ ਮਾਰ ਲੈਣੀਆਂ ਨੇ।"

ਮੈਂ ਲੋਕਾਂ ਨੂੰ ਸਮਝਾਉਂਦੀ ਗਈ ਕਿ ਇਹੋ ਜਿਹੀਆਂ ਸਧਾਰਨ ਗੱਲਾਂ ਹੀ ਤਾਂ ਮੈਂ ਉਨ੍ਹਾਂ ਤੋਂ ਸੁਣਨੀਆਂ ਸਨ। ਕਿਉਂਕਿ ਪਿੰਡਾਂ ਬਾਰੇ ਇਹੋ ਜਿਹੀਆਂ ਗੱਲਾਂ ਕਿਸੇ ਕਿਤਾਬ ਵਿਚ ਨਹੀਂ ਲਿਖੀਆਂ ਹੁੰਦੀਆਂ ਅਤੇ ਮੈਂ ਉਨ੍ਹਾਂ ਤੋਂ ਇਹੋ ਜਿਹੀਆਂ ਗੱਲਾਂ ਸੁਣ ਸੁਣ ਕੇ ਹੀ ਕਿਤਾਬ ਲਿਖਣੀ ਸੀ। ਕਿਤਾਬ ਮੈਂ ਪਹਿਲਾਂ ਹੱਥ ਨਾਲ ਲਿਖ ਕੇ, ਫੇਰ 'ਟੈਪ' ਨਾਲ ਇਸਦੀਆਂ ਕਿੰਨੀਆਂ ਹੀ ਕਿਤਾਬਾਂ ਬਣਵਾਉਣੀਆਂ ਹਨ। ਅਤੇ ਉਹ ਵੀ ਅੰਗਰੇਜ਼ੀ ਵਿਚ। ਇਸ ਗੱਲ ਤੇ ਲੋਕ ਥੋੜ੍ਹਾ ਜਿਹਾ ਮੁਤਾਸਰ ਹੋਏ। ਉਹ ਇਕ ਦੂਜੇ ਨੂੰ ਦੱਸਦੇ,

"ਇਹ ਬੀਬੀ ਆਪਣੇ ਪਿੰਡ ਦੀ ਕਤਾਬ ਅੰਗਰੇਜ਼ੀ ਵਿਚ ਲਿਖਕੇ ਬਾਹਰਲੇ ਮੁਲਕਾਂ ਨੂੰ ਭੇਜੂਗੀ"

"ਫੇਰ ਤੇਰੀ ਇੰਟਰਵਿਊ ਟੈਲੀਵਿਯਨ ਵਿਚ ਆਇਆ ਕਰੇਗੀ?"

ਮੈਂ ਹਾਂ ਕਹਿ ਦੇਂਦੀ।

ਉਹ ਅਧੇ ਜਹੇ ਵਿਸ਼ਵਾਸ ਅਤੇ ਅੱਧੀ ਜਹੀ ਬੇਵਿਸ਼ਵਾਸੀ ਨਾਲ ਮੇਰੇ ਤੋਂ ਫੇਰ ਪੁੱਛਦੇ,

"ਪਰ ਅਨਪੜ੍ਹਾਂ ਤੋਂ ਗੱਲਾਂ ਪੁੱਛ ਪੁੱਛ ਕੇ ਤੂੰ ਅੰਗਰੇਜ਼ੀ 'ਚ ਕਤਾਬ ਕਿਮੇਂ ਲਿਖ ਲਏਂਗੀ?"

"ਪਿੰਡਾਂ ਦੇ ਲੋਕਾਂ ਦੀ ਸਿਆਣਪ ਪੜ੍ਹੇ ਲਿਖੇ ਡਾਕਟਰਾਂ ਨਾਲੋਂ ਵੀ ਜ਼ਿਆਦਾ ਹੁੰਦੀ ਹੈ।"

ਮੈਂ ਕਹਿੰਦੀ।

"ਲੈ ਸਾਨੂੰ ਕਿਹੜਾ ਕਿਸੇ ਗੱਲ ਦਾ ਪਤਾ ਐ?"

ਉਹ ਹੱਸ ਪੈਂਦੇ ਅਤੇ ਮੇਰਾ ਵਿਸ਼ਵਾਸ ਅਧਾ ਕੁ ਡੋਲ ਜਾਂਦਾ ਕਿ ਮੈਂ ਫੀਲਡ ਵਰਕ ਕਾਮਯਾਬੀ ਨਾਲ ਕਰ ਵੀ ਸਕਾਂਗੀ ਕਿ ਨਹੀਂ।

ਇੱਕ ਵਾਰੀ ਇਕ ਔਰਤ ਨੂੰ ਵਿਧੀਵਧ ਤਰੀਕੇ ਨਾਲ ਇੰਟਰਵਿਊ ਕਰਨ ਲੱਗਿਆਂ ਵੀ ਮੈਨੂੰ ਇਹੀ ਦਿੱਕਤ ਆਈ,

"ਬੀਬੀ ਕੀ ਪੁਛੇਂਗੀ ਮੇਰੇ ਤੋਂ? ਮੈਨੂੰ ਤਾਂ ਡਰ ਲਗਦੈ, ਤੂੰ ਖ਼ਬਰੇ ਕੀ ਲਿਖਕੇ ਲੈ ਜੇਂਗੀ।"

ਮੈਂ ਉਸਨੂੰ ਸਹਿਜ ਕਰਨ ਦੀ ਕੋਸ਼ਿਸ਼ ਕੀਤੀ। ਮੈਂ ਦੱਸਿਆ ਕਿ ਮੈਂ ਕਿਤਾਬ ਇਸ ਗੱਲ ਤੇ ਬਣਾਉਣੀ ਹੈ ਕਿ ਪਿੰਡਾਂ ਦੇ ਲੋਕ ਬਿਮਾਰ ਹੋਏ ਤੇ ਕੀ ਕੁਝ ਕਰਦੇ ਹਨ।

"ਬੀਬੀ ਮੈਂ ਤਾਂ ਅਨਪੜ੍ਹ ਆਂ। ਮੈਨੂੰ ਤਾਂ ਭੋਰਾ ਪਤਾ ਨੀ, ਤੂੰ ਕਿਸੇ ਪੜ੍ਹੇ ਲਿਖੇ ਬੰਦੇ ਕੋਲ ਬਹਿ ਕੇ ਕਤਾਬ ਬਣਾ ਲੈ" ਮੈਂ ਕੁਝ ਹੋਰ ਸਧਾਰਨ ਗਲਾਂ ਉਸ ਨਾਲ ਕੀਤੀਆਂ ਤੇ ਫੇਰ ਆਪਣੇ ਵਿਸ਼ੇ ਨਾਲ ਸੰਬੰਧਤ ਪ੍ਰਸ਼ਨ ਕੀਤਾ ਕਿ ਲੋਕ ਬਿਮਾਰ ਹੋਏ ਤੇ ਕੀ ਸੋਚਦੇ ਹਨ ਕਿ ਅਸੀਂ ਕਿਉਂ ਬਿਮਾਰ ਹੋ ਗਏ?

"ਲੈ ਬੀਬੀ ਤੂੰ ਤਾਂ ਜਮ੍ਹਾਂ ਹੀ ਸਿਧਰੀ ਐਂ। ਬਮਾਰ ਹੋਏ ਤੇ ਦਵਾਈ ਲੈਣੀ ਹੁੰਦੀ ਐ ਕਿ ਬਹਿ ਕੇ ਸੋਚਣਾ ਹੁੰਦੈ ਅਖੇ ਅਸੀਂ ਬਮਾਰ ਕਿਉਂ ਹੋ ਗਏ?"

ਇਸੇ ਹੀ ਪ੍ਰਸ਼ਨ ਦਾ ਇੱਕ ਹੋਰ ਬੰਦੇ ਨੇ ਬੜੇ ਵਿਅੰਗ ਨਾਲ ਉੱਤਰ ਦਿੱਤਾ,

"ਤੇਰੇ ਵਾਂਗੂੰ ਸੋਚਣ ਲੱਗੀਏ ਤਾਂ ਸਾਡਾ ਸਰ ਗਿਆ।"

"ਪਰ ਤੁਹਾਡੀ ਸਮਝ ਅਨੁਸਾਰ ਰੋਗ ਹੁੰਦਾ ਕਿਉਂ ਐ।"

"ਹੋ ਜਾਂਦੈ, ਸਾਨੂੰ ਕਿਹੜਾ ਪੁੱਛ ਕੇ ਹੁੰਦੈ।"

"ਕਿੰਨੀਆਂ ਕਿਸਮਾਂ ਦੇ ਰੋਗ ਹੁੰਦੇ ਨੇ?"

"ਭਾਈ ਤੀਮੀਆਂ ਨੂੰ ਛੱਤੀ ਰੋਗ ਹੁੰਦੇ ਨੇ।"

ਮੇਰੇ ਪ੍ਰਸ਼ਨਾਂ ਦਾ ਇਹ ਹਸ਼ਰ ਦੇਖ ਕੇ ਉਨ੍ਹਾਂ ਚੋਂ ਕਿਸੇ ਔਰਤ ਨੂੰ ਮੇਰੇ ਨਾਲ ਹਮਦਰਦੀ ਵੀ ਜਾਗ ਪੈਂਦੀ।

"ਬੀਬੀ ਤੈਨੂੰ ਕੋਈ ਤਕਲੀਫ਼ ਹੈ ਤਾਂ ਡਿਸਪੈਂਸਰੀ ਬਗ ਜਾ, ਡਾਕਟਰਨੀ ਤੋਂ ਦੁਆਈ ਲੈ ਲੈ।"

ਕੋਈ ਹੋਰ ਕਹਿੰਦਾ,

"ਬਾਬੇ ਕਿਆਂ ਦਾ ਲਾਣਾ ਝਾੜਾ ਕਰਦੈ"

ਜਾਂ, "ਇਸ ਗੁਰਦੁਆਰੇ ਤਾਂ ਦੁਨੀਆ ਈ ਪੰਜ ਪੰਚਮੀਆਂ ਸੁਖਦੀ ਐ ਤੂੰ ਵੀ ਸੁਖ ਲੈ।"

ਪਰ ਮੈਂ ਦੱਸਿਆ ਕਿ ਮੈਨੂੰ ਕੋਈ ਤਕਲੀਫ਼ ਨਹੀਂ ਸੀ। ਮੈਂ ਤਾਂ 'ਪਿੰਡਾਂ ਵਾਲੇ ਇਲਾਜ' ਲਿਖਣਾ ਚਾਹੁੰਦੀ ਸਾਂ। ਪੁਰਾਣੇ ਇਲਾਜਾਂ ਦਾ ਖ਼ਜ਼ਾਨਾ ਤਾਂ ਅਮੀਰੋ ਬੁੜ੍ਹੀ ਕੋਲ ਐ ਜਾਂ ਦੇਸੂ ਕੋਲ, ਮੈਨੂੰ ਲੋਕਾਂ ਨੇ ਦੱਸਿਆ।

ਮੈਂ ਪੁਰਾਣੇ ਇਲਾਜਾਂ ਤੋਂ ਹੀ ਕਿਉਂ ਨਾ ਸ਼ੁਰੂ ਕਰਾਂ? ਮੈਂ ਸੋਚਿਆ ਅਤੇ ਅਮੀਰੋ ਕੋਲ ਚਲੀ ਗਈ। ਅਮੀਰੋ 70 75 ਵਰ੍ਹਿਆਂ ਦੀ ਔਰਤ ਸੀ। ਮੈਂ ਆਪਣੇ ਇਟਰਵਿਊ ਸ਼ੈਡੀਊਲ ਉਸਦੇ ਸਾਹਮਣੇ ਖੋਲ੍ਹ ਕੇ ਬਹਿ ਗਈ ਅਤੇ ਉਸਤੋਂ ਉਸਦੀ ਉਮਰ ਬਾਰੇ ਪੁੱਛਿਆ। ਉਹ ਬੋਲੀ

"ਬੀਬੀ ਉਮਰ ਦਾ ਮੈਨੂੰ ਕੀ ਪਤਾ, ਮੈਂ ਤਾਂ ਜਮ੍ਹਾਂ ਈ ਅਨਪੜ੍ਹ ਆਂ।"

ਉਸਦੇ ਘਰ ਬਾਰੇ ਕੁਝ ਸਧਾਰਨ ਗੱਲਾਂ ਕਰਕੇ ਹੀ ਤਾਂ ਮੈਂ ਅਸਲੀ ਮਕਸਦ ਵਲ ਆਉਣਾ ਸੀ। ਮੈਂ ਸੁਭਾਵਕ ਹੀ ਉਸਤੋਂ ਉਸਦੇ ਮਕਾਨ ਦੇ ਬਾਰੇ ਕੋਈ ਗੱਲ ਪੁੱਛ ਬੈਠੀ। ਅਮੀਰੋ ਦਾ ਗੁੱਸਾ ਮੇਰੇ ਤੇ ਵਰਸ ਪਿਆ, "ਬੀਬੀ ਸਰਕਾਰ ਨੂੰ ਕਹਿ ਦੀਂ ਭਾਵੇਂ, ਟਿੱਲ ਲਾ ਲਏ, ਮੈਂ ਨਹੀਂ ਆਪਣੇ ਸਿਰ ਦੀ ਛੱਤ ਛੱਡ ਕੇ ਜਾਂਦੀ।" ਮੈਂ ਪਰੇਸ਼ਾਨ ਹੋ ਗਈ। ਮਗਰੋਂ ਮੈਨੂੰ ਪਤਾ ਲੱਗਾ ਕਿ ਅਮੀਰੋ ਨੇ ਮੈਨੂੰ ਜ਼ਮੀਨਾਂ ਦੇ ਮਹਿਕਮੇ ਦੀ ਅਫ਼ਸਰ ਸਮਝ ਲਿਆ ਸੀ। ਪਰ ਅਮੀਰੋ ਨੂੰ ਮੈਨੂੰ ਵੇਖ ਕੇ ਏਨਾ ਗੁੱਸਾ ਕਿਉਂ ਆਇਆ ਸੀ ? ਅਮਰੋ ਬੀਬੀ ਨੇ ਮੈਨੂੰ ਦੱਸਿਆ ਕਿ ਅਮੀਰੋ ਨੇ ਕਿਸੇ ਦੀ ਜ਼ਮੀਨ ਦੱਬੀ ਹੋਈ ਸੀ ਜਿਸ ਉੱਤੇ ਉਸਨੇ ਮਕਾਨ ਬਣਾਇਆ ਸੀ। ਇਹ ਗੱਲ ਪੁਰਾਣੀ ਹੋ ਜਾਣ ਤੇ ਵੀ ਅਮੀਰੋ ਨੂੰ ਹਰ ਵੇਲੇ ਖ਼ਤਰਾ ਰਹਿੰਦਾ ਸੀ ਕਿ ਕਿਧਰੇ ਸਰਕਾਰ ਉਸਨੂੰ ਇਸ ਮਕਾਨ ਵਿਚੋਂ ਕੱਢ ਨਾ ਦੇਵੇ। ਅਮੀਰੋ ਸਮੇਤ ਕੁਝ ਹੋਰ ਲੋਕਾਂ ਤੋਂ ਮੈਂ ਬਹੁਤ ਸਾਰੇ ਪੁਰਾਣੇ ਇਲਾਜ ਨੋਟ ਵੀ ਕੀਤੇ ਪਰ ਫਿਰ ਮੇਰਾ ਇਮੇਜ 'ਡਾਕਟਰੀ ਦੀ ਪੜ੍ਹਾਈ ਵਾਲਾ' ਬਣਨ ਲੱਗ ਪਿਆ। ਹੁਣ ਇਹ ਇਮੇਜ ਤੋੜਨਾ ਵੀ ਮੇਰੇ ਲਈ ਜ਼ਰੂਰੀ ਹੋ ਗਿਆ।

ਨਿਰਸੰਦੇਹ ਮੈਂ ਪਿੰਡ ਵਿਚ ਕੁਝ ਲੋਕਾਂ ਦੀ ਵਾਕਫ਼ ਸਾਂ। ਮੈਂ ਚਾਹੁੰਦੀ ਸਾਂ ਕਿ ਘੱਟੋ ਘੱਟ ਉਨ੍ਹਾਂ ਲੋਕਾਂ ਤੋਂ ਹੀ ਇੰਟਰਵਿਊ ਸ਼ੈਡੀਊਲ ਭਰ ਲਵਾਂ ਤਾਂ ਕਿ ਮੈਨੂੰ ਕੁਝ ਤਸੱਲੀ ਹੋ ਜਾਵੇ ਕਿ ਮੈਂ ਕੁਝ ਕੰਮ ਨਿਬੇੜ ਲਿਆ ਹੈ। ਹੁਣ ਜੇਕਰ ਇੰਟਰਵਿਊ ਸ਼ੈਡੀਊਲ ਹੀ ਭਰਨੇ ਸਨ ਤਾਂ ਜਾਣੇ ਪਛਾਣੇ ਲੋਕਾਂ ਬਾਰੇ ਸਮਾਜਕ-ਆਰਥਕ ਜਾਣਕਾਰੀ ਵੀ ਤਾਂ ਸ਼ੈਡੀਊਲ ਦੇ ਮੁਢਲੇ ਹਿੱਸੇ ਵਿਚ ਭਰਨੀ ਸੀ ਅਤੇ ਪ੍ਰਸ਼ਨ ਵੀ ਨਿਸਚਿਤ ਕ੍ਰਮ ਅਨੁਸਾਰ ਪੁੱਛਣੇ ਸਨ।

"ਕਿੰਨੀ ਉਮਰ ਐ?"

"ਕੀ ਪਤਾ?"

ਲੋਕ ਕਹਿੰਦੇ।

ਮੈਂ ਪ੍ਰਸ਼ਨ ਨੂੰ ਦੂਜੀ ਤਰ੍ਹਾਂ ਦੁਹਰਾਂਦੀ,

"ਕਦੋਂ ਕੁ ਵਿਆਹ ਹੋ ਗਿਆ ਸੀ?"

"ਅਜੇ ਤਾਂ ਪੰਦਰਮਾਂ ਲੱਗਿਆ ਸੀ।"

"ਸਭ ਤੋਂ ਵੱਡਾ ਜੁਆਕ ਕਿੰਨੇ ਸਾਲਾਂ ਦਾ ਹੈ?"

'ਪੰਜ ਪੜ੍ਹਕੇ ਹਟ ਗਿਆ ਸੀ।'

ਖੈਰ ਉਮਰ ਦਾ ਤਾਂ ਮੈਨੂੰ ਅੰਦਾਜ਼ ਲਾਉਣਾ ਪੈਂਦਾ।

"ਜਮੀਨ ਕਿੰਨੀ ਕੁ ਐ'?"

"ਬਸ ਦਾਣੇ ਫੱਕੇ ਦਾ ਸਰੀ ਜਾਂਦੈ।"

"ਡੰਗਰ ਪਸੂ ਕਿੰਨੇ ਕੁ ਰੱਖੇ ਨੇ?"

"ਬਸ ਦੁੱਧ ਖਾਤਰ"

ਮੈਂ ਜਿਥੋਂ ਤੱਕ ਸੰਭਵ ਹੁੰਦਾ, ਉਨ੍ਹਾਂ ਦੀ ਬੋਲੀ ਵਿਚ ਹੀ ਗੱਲ ਕਰਦੀ।

"ਕਿੰਨਾ ਕੁ ਦੁੱਧ ਪਾਉਨੇ ਓ",

"ਬਸ ਜੀਆਂ ਜੋਗਾ ਬਚਾਕੇ ਜਿੰਨਾ ਕੁ ਫਾਲਤੂ ਹੋ ਜੇ।"

(ਇਸ 'ਫਾਲਤੂ' ਦੀ ਸੀਮਾ ਮੈਨੂੰ ਬਹੁਤ ਮਗਰੋਂ ਜਾ ਕੇ ਸਮਝ ਆਈ)

"ਕਿੰਨੇ ਕੁ ਕਮਰੇ ਛੱਤੇ ਹੋਏ ਨੇ?"

"ਕਾਹਨੂੰ, ਸਿਰ ਲੁਕੌਣ ਖ਼ਾਤਰ ਈ ਐ ਮਾੜਾ ਮੋਟਾ।"

"ਬਸ ਆਹ ਤੇਰੇ ਸਾਹਮਣੇ ਈ ਐ।"

ਇਹੋ ਜਿਹੇ ਰੁੱਖੇ ਜੁਆਬ ਸੁਣਕੇ ਮੇਰੀ ਹਿੰਮਤ ਨਾ ਪੈਂਦੀ ਕਿ ਮੈਂ ਉਨ੍ਹਾਂ ਤੋਂ ਘਰ

ਵਿਚ ਵਰਤੀਆਂ ਜਾਂਦੀਆਂ ਆਧੁਨਿਕ ਚੀਜ਼ਾਂ, ਖੇਤੀ ਮਸ਼ੀਨਾਂ ਅਤੇ ਆਵਾਜਾਈ ਦੇ ਸਾਧਨਾਂ ਦੀ ਮਾਲਕੀਅਤ ਬਾਰੇ ਕੁਝ ਪੁੱਛਾਂ। ਫੇਰ ਜੇਕਰ ਕੋਈ ਗੱਲ ਮੈਂ ਆਪਣੇ ਇੰਟਰਵਿਊ ਸ਼ੈਡੀਊਲ ਵਿਚ ਲਿਖਣ ਲੱਗਦੀ ਤਾਂ ਲੋਕ ਮੈਨੂੰ ਵਰਜ ਦੇਂਦੇ,

"ਬੀਬੀ ਐਹੋ ਜੀਆਂ ਗੱਲਾਂ ਨਾ ਲਿਖ ਕੇ ਲੈਜੀਂ, ਹੋਰ ਕਿਤੇ ਸਾਨੂੰ ਫਸਾਦੇਂ",

ਮੇਰੇ ਲਈ ਉਸ ਸਮੇਂ ਸ਼ੈਡੀਊਲ ਭਰਨਾ ਲਾਜ਼ਿਮ ਨਾ ਰਹਿੰਦਾ। ਸਗੋਂ ਆਪਣਾ ਵਿਸ਼ਵਾਸ ਬਹਾਲ ਕਰਨ ਦਾ ਸੰਸਾ ਮੇਰੇ ਮਨ ਨੂੰ ਘੇਰ ਲੈਂਦਾ। ਅਸਲ ਵਿਚ ਸਮਾਜਕ ਆਰਥਕ ਜਾਣਕਾਰੀ ਵਾਲੇ ਪ੍ਰਸ਼ਨਾਂ ਤੋਂ ਬਹੁਤ ਸਾਰੇ ਲੋਕਾਂ ਨੇ ਅਮੀਰੋ ਵਾਂਗ ਮੇਰੇ ਬਾਰੇ ਅੰਦਾਜ਼ਾ ਲਾ ਲਿਆ ਸੀ ਕਿ ਮੈਂ ਸ਼ਾਇਦ ਜ਼ਮੀਨ ਦੇ ਮਹਿਕਮੇ ਦੀ ਕੋਈ ਅਫਸਰ ਸਾਂ। ਮੇਰੇ ਕਿਸੇ ਘਰ 'ਚੋਂ ਅਜਿਹੇ ਪ੍ਰਸ਼ਨ ਪੁੱਛਕੇ ਵਾਪਸ ਆਉਣ ਤੇ ਲੋਕ ਆਪੋ ਆਪਣੇ ਕਿਆਸ ਲਾਉਂਦੇ,

"ਨਾ ਜਮੀਨ ਕਾਹਤੇ ਪੁੱਛਦੀ ਐ?"

"ਕੋਈ ਨਵਾਂ ਕਾਨੂੰਨ ਕੱਢਿਐ ਸਰਕਾਰ ਨੇ?"

"ਅਖੇ ਕਿੰਨੇ ਕਮਰੇ ਛੱਤੇ ਹੋਏ ਨੇ, ਘਰ ਵਿਚ ਕੀ ਕੁਝ ਹੈਗਾ? ਇੰਜ ਅਗਲਾ ਤੈਨੂੰ ਆਪਣਾ ਕਿਹੜਾ ਕਿਹੜਾ ਭੇਤ ਦੇ ਦੇਵੇ?"

ਕੁਝ ਮਰਦਾਂ ਨੇ ਆਪਣੇ ਘਰ ਦੀਆਂ ਔਰਤਾਂ ਨੂੰ ਅਜਿਹੀ ਜਾਣਕਾਰੀ ਕਿਸੇ ਵੀ ਸਰਕਾਰੀ ਬੰਦੇ ਨੂੰ ਦੇਣ ਤੋਂ ਵਰਜਿਆ ਵੀ ਹੋਇਆ ਸੀ, ਇਹ ਮੈਨੂੰ ਮਗਰੋਂ ਪਤਾ ਲੱਗਿਆ।

ਲੋਕਾਂ ਦੇ ਮੇਰੇ ਬਾਰੇ ਅਤੇ ਮੇਰੇ ਕੰਮ ਬਾਰੇ ਤਰ੍ਹਾਂ ਤਰ੍ਹਾਂ ਦੇ ਸ਼ੰਕਿਆਂ ਦੀ ਕੁਝ ਸੂਹ ਮੈਨੂੰ ਅਮਰੋ ਬੀਬੀ ਦੇ ਰਾਹੀਂ ਮਿਲ ਜਾਂਦੀ। ਸ਼ੁਰੂ ਸ਼ੁਰੂ ਵਿਚ ਮੇਰੇ ਸ਼ਾਮ ਨੂੰ ਪਿੰਡੋਂ ਵਾਪਸ ਆ ਜਾਣ ਤੋਂ ਮਗਰੋਂ 'ਪਿੰਡ ਵਿਚ ਆਉਂਦੀ ਜਾਂਦੀ ਬੀਬੀ' ਬਾਰੇ ਕੋਈ ਨਾ ਕੋਈ ਚਰਚਾ ਹੁੰਦੀ ਸੀ, ਜਿਸਦਾ ਖੁਲਾਸਾ ਅਮਰੋ ਬੀਬੀ ਮੈਨੂੰ ਅਗਲੀ ਸਵੇਰ ਦਸ ਦੇਂਦੀ ਸੀ। ਮੈਨੂੰ ਚੇਤੰਨ ਕਰਨ ਲਈ ਇਹ ਕਾਫੀ ਸੀ। ਹੋ ਸਕਦੈ ਕਿਸੇ ਵੇਲੇ ਅਮਰੋ ਬੀਬੀ ਦੇ ਪਰਿਵਾਰ ਨੂੰ ਵੀ ਮੇਰੇ ਬਾਰੇ ਕੋਈ ਸ਼ੰਕਾ ਰਿਹਾ ਹੋਵੇ। ਪਰ ਬੀਬੀ ਨੇ ਮੈਨੂੰ ਆਪ ਹੀ ਦੱਸਿਆ ਸੀ ਕਿ ਉਨ੍ਹਾਂ ਦੀ ਜਿਠਾਣੀ ਦਾ ਮੁੰਡਾ ਜੋ ਪਟਿਆਲੇ ਦੀ ਖੇਡ ਸੰਸਥਾ ਵਿਚ ਕੋਚ ਲੱਗਾ ਹੋਇਆ ਸੀ, ਇਕ ਦਿਨ ਸ਼ਾਮ ਵੇਲੇ ਬੀਬੀ ਨੂੰ ਮਿਲਣ ਪਿੰਡ ਆਇਆ ਸੀ। ਅਮਰੋ ਬੀਬੀ ਕੁਝ ਮਿੰਟ ਪਹਿਲਾਂ ਹੀ ਮੈਨੂੰ ਬਸ ਅੱਡੇ ਤੱਕ ਛੱਡ ਕੇ ਆਈ ਸੀ। ਬੀਬੀ ਨੇ ਆਪਣੀ ਜਿਠਾਣੀ ਦੇ ਮੁੰਡੇ ਨੂੰ ਮੇਰੇ ਪਿੰਡ ਆਉਣ ਜਾਣ ਬਾਰੇ ਦੱਸਿਆ। ਇਤਫ਼ਾਕਵਸ ਮੈਂ ਆਪਣੇ ਇੰਟਰਵਿਊ ਸ਼ੈਡੀਊਲ ਦੀਆਂ ਕੁਝ ਕਾਪੀਆਂ ਬੀਬੀ ਦੇ ਘਰ ਰੱਖੀਆਂ ਹੋਈਆਂ ਸਨ। ਬੀਬੀ ਨੇ ਮੈਨੂੰ ਦੱਸਿਆ ਕਿ ਉਹ 'ਫਾਰਮ ਜਹੇ' ਬੀਬੀ ਨੇ ਆਪਣੀ ਜਿਠਾਣੀ ਦੇ ਮੁੰਡੇ ਨੂੰ ਦਿਖਾਏ ਤਾਂ ਮੁੰਡਾ ਕਹਿਣ ਲੱਗਾ ਸੀ,

"ਚਾਚੀ ਇਹ ਬੀਬੀ ਤਾਂ ਕੋਈ ਬਹੁਤ ਵੱਡਾ ਕੋਰਸ ਕਰਦੀ ਐ, ਐਵੇਂ ਕਿਤੇ ਆਈ ਨੂੰ ਚਾਹ ਪਾਣੀ ਪੁੱਛਣ ਦੀ ਘੋਲ ਨਾ ਕਰ ਬੈਠੀਂ ਤੇ ਉਹਦੇ ਨਾਲ ਜਾ ਕੇ ਲਿਖਾ ਦਿਆ ਕਰੀਂ ਸਭ ਕੁਝ। ਪਿੰਡਾਂ ਦੇ ਲੋਕ ਤਾਂ ਤੈਨੂੰ ਪਤੈ ਬੇਅਕਲ ਹੁੰਦੇ ਨੇ।"

ਹੁਣ ਜਦੋਂ ਮੇਰੀ ਗ਼ੈਰਹਾਜ਼ਰੀ ਵਿਚ ਲੋਕ ਮੇਰੇ ਬਾਰੇ ਜਾਂ ਮੇਰੇ ਕੰਮ ਬਾਰੇ ਜ਼ਾਹਰ ਸ਼ੰਕੇ ਜਾਹਰ ਕਰਦੇ ਸਨ ਤਾਂ ਮੇਰੀ ਧਿਰ ਤੇ ਅਮਰੋ ਬੀਬੀ ਅਤੇ ਕੁਝ ਹੋਰ ਲੋਕ ਹੁੰਦੇ ਸਨ, ਜਿਹੜੇ ਹੋਰ ਲੋਕਾਂ ਨੂੰ ਬੇਅਕਲ ਸਾਬਤ ਕਰਕੇ ਆਪਣੇ ਪੜ੍ਹੇ ਲਿਖੇ ਜਾਂ ਘੱਟੋ ਘੱਟ ਪੜ੍ਹੇ ਲਿਖੇ ਲੋਕਾਂ ਵਿਚ ਵਿਚਰਦੇ ਹੋਣ ਦਾ ਪ੍ਰਭਾਵ ਪਾਉਣ ਦੇ ਇਸ ਮੌਕੇ ਦਾ ਲਾਭ ਉਠਾਉਂਦੇ ਸਨ। ਇਹ ਸਾਰੇ ਲੋਕ ਮੇਰੇ ਕਿਤਾਬ ਬਣਾਉਣ ਦੇ ਮਕਸਦ ਨੂੰ ਹੋਰ ਲੋਕਾਂ ਸਾਹਮਣੇ ਸਪਸ਼ਟ ਕਰਦੇ। ਕਦੇ ਕਦੇ ਉਹ ਮੇਰੇ ਸਾਹਮਣੇ ਵੀ ਅਜਿਹਾ ਕਰਦੇ ਤੇ ਕਹਿੰਦੇ,

"ਲੈ ਕਾਹਨੂੰ ਇਹ ਤਾਂ ਬਚਾਰੀ ਆਪ ਕਤਾਬ ਲਿਖਣ ਦੀ ਖਾਤਰ ਭਕਾਈ ਮਾਰਦੀ ਫਿਰਦੀ ਐ।"

ਪਿੰਡ ਵਿਚ ਆ ਕੇ 'ਫਿਰਦੇ' ਸ਼ਹਿਰੀ ਲੋਕਾਂ ਬਾਰੇ ਪੇਂਡੂਆਂ ਦੇ ਮਨਾਂ ਵਿਚ ਤਰ੍ਹਾਂ ਤਰ੍ਹਾਂ ਦੇ ਪ੍ਰਭਾਵ ਸਨ। ਮੈਨੂੰ ਪਤਾ ਲੱਗਾ ਕਿ ਪਿਛਲੇ ਸਾਲ ਦੋ ਤਿੰਨ ਆਧੁਨਿਕ

ਅਤੇ ਪੜ੍ਹੀਆਂ ਲਿਖੀਆਂ ਦਿੱਸਣ ਵਾਲੀਆਂ ਕੁੜੀਆਂ ਪਿੰਡ ਵਿਚ ਕਈ ਦਿਨ ਆਉਂਦੀਆਂ ਰਹੀਆਂ ਸਨ। ਉਨ੍ਹਾਂ ਨੇ ਬੈਂਕਾਂ ਵਿਚ ਖਾਤੇ ਖੁਲ੍ਹਵਾ ਕੇ ਦੇਣ ਦੇ ਝਾਂਸੇ ਖੁਲ੍ਹਵਾ ਹੇਠ ਕਈ ਘਰਾਂ ਤੋਂ ਪੈਸੇ ਬਟੋਰ ਲਏ ਸਨ ਅਤੇ ਮੁੜ ਕੇ ਨਹੀਂ ਲੱਭੀਆਂ ਸਨ। ਕਿਸੇ ਹੋਰ ਮੌਕੇ ਤੇ ਅਜਿਹੀਆਂ ਹੀ ਦੋ ਔਰਤਾਂ ਕੁਝ ਘਰਾਂ ਵਿਚੋਂ ਪਿੱਤਲ ਦੇ ਭਾਰੇ ਬਰਤਨ ਲੈ ਕੇ ਬਦਲੇ ਵਿਚ ਕਾਗ਼ਜ਼ ਵਰਗੇ ਸਟੀਲ ਦੇ ਬਰਤਨ ਦੇ ਗਈਆਂ ਸਨ। ਇਨ੍ਹਾਂ ਘਟਨਾਵਾਂ ਦੀ ਯਾਦ ਪੇਂਡੂ ਔਰਤਾਂ ਦੇ ਮਨਾਂ ਵਿਚ ਅਜੇ ਵੀ ਤਾਜ਼ਾ ਸੀ। ਇਸ ਲਈ ਉਨ੍ਹਾਂ ਦੇ ਸ਼ੰਕੇ ਵੀ ਕਿਸੇ ਹਦ ਤੱਕ ਦਰੁਸਤ ਸਨ। ਲੋਕ ਦੱਸਦੇ ਕਿ ਉਹ ਕੁੜੀਆਂ ਵੀ ਪਹਿਲਾਂ ਪਹਿਲਾਂ ਮਿੱਠੀਆਂ ਮਿੱਠੀਆਂ ਗੱਲਾਂ ਕਰਕੇ ਲੋਕਾਂ ਦੇ ਢਿੱਡ ਵਿਚ ਵੜ ਗਈਆਂ ਸਨ ਅਤੇ ਮਗਰੋਂ ਪੈਸੇ ਲੈ ਕੇ ਤੁਰਦੀਆਂ ਬਣੀਆਂ ਸਨ। ਮੇਰੇ ਬਾਰੇ ਪਹਿਲਾਂ ਪਹਿਲ ਅਜਿਹੇ ਸ਼ੰਕੇ ਜ਼ਾਹਰ ਕਰ ਚੁੱਕੇ ਲੋਕ ਬਾਦ ਵਿਚ ਮੈਨੂੰ ਆਪ ਹੀ ਸਪਸ਼ਟੀਕਰਣ ਦੇ ਦੇਂਦੇ

"ਬੀਬੀ ਲਗਦੀਆਂ ਤਾਂ ਉਹ ਵੀ ਸਾਊ ਸਨ। ਪਰ ਐਂ ਕਿਸੇ ਦੇ ਮੂੰਹ ਤੇ ਤਾਂ ਕੁਝ ਨੀ ਲਿਖਿਆ ਹੁੰਦਾ।"

ਗੱਲ ਦਰੁਸਤ ਸੀ, ਜਾਇਜ਼ ਸੀ, ਪਰ ਮੈਂ ਕੀ ਕਰਾਂ, ਇਹ ਮੇਰੀ ਨਿੱਜੀ ਸਮੱਸਿਆ ਸੀ, ਲੋਕਾਂ ਦੀ ਨਹੀਂ। ਸਮਾਜ ਵਿਗਿਆਨ ਦੀ ਕਿਸੇ ਕਿਤਾਬ ਵਿਚ ਮੇਰੀ ਇਸ ਸਮੱਸਿਆ ਦਾ ਹਲ ਦਰਜ ਨਹੀਂ ਸੀ। ਨਾ ਹੀ ਮੈਂ ਇਹੋ ਜਿਹੇ ਨਿੱਕੇ ਮੋਟੇ ਮੱਸਲੇ ਲੈ ਕੇ ਆਪਣੇ ਨਿਗਰਾਨ ਪ੍ਰੋਫੈਸਰ ਸਾਹਿਬਾਨ ਕੋਲ ਹਰ ਰੋਜ਼ ਜਾ ਸਕਦੀ ਸਾਂ। ਫੇਰ ਅਮਰੋ ਬੀਬੀ ਅਤੇ ਕੁਝ ਹੋਰ ਲੋਕ ਮੇਰੀ ਸੁੱਤੇ ਸਿੱਧ ਮਦਦ ਕਰਦੇ ਆ ਰਹੇ ਸਨ। ਮੈਂ ਹੌਸਲਾ ਰੱਖਿਆ ਅਤੇ ਕਿਸੇ ਹਦ ਤੱਕ ਇਹੋ ਜਿਹੀਆਂ ਗੱਲਾਂ ਤੋਂ ਨਿਸਚਿੰਤ ਹੋ ਕੇ ਆਪਣੇ ਨਿਸ਼ਾਨੇ ਤੱਕ ਪਹੁੰਚਣ ਲਈ ਦ੍ਰਿੜ ਇਰਾਦਾ ਕਰ ਲਿਆ।

ਮੈਨੂੰ ਕੁਝ ਲੋਕਾਂ ਨਾਲ ਆਮ ਗੱਲ ਬਾਤ ਕਰਦਿਆਂ ਥੋੜ੍ਹੀ ਬਹੁਤ ਸੋਧ ਤਾਂ ਮਿਲ ਹੀ ਗਈ ਸੀ। ਮੈਂ ਕਿਸੇ ਹੱਦ ਤੱਕ ਇਹ ਵੀ ਜਾਣ ਚੁੱਕੀ ਸਾਂ ਕਿ ਲੋਕ ਧਰਮ ਵਿਚ ਰੋਗ ਦੇ ਸੰਕਲਪ ਰਲਗਡ ਹੁੰਦੇ ਹਨ, ਜਿਨ੍ਹਾਂ ਨੂੰ ਸਹਿਜੇ ਹੀ ਧਰਮ ਵਿਚੋਂ ਨਿਖੇੜਿਆ ਵੀ ਜਾ ਸਕਦਾ ਹੈ। ਕਿਉਂ ਨਾ ਗੱਲ ਮੈਂ ਲੋਕ ਧਰਮ ਤੋਂ ਹੀ ਸ਼ੁਰੂ ਕਰਾਂ? ਰੋਗ ਬਾਰੇ ਸਿੱਧੀ ਗੱਲ ਕਰਨੀ ਉਂਜ ਵੀ ਅਸਹਿਜ ਜਹੀ ਜਾਪਦੀ ਸੀ। ਮੈਂ ਲੋਕਾਂ ਨੂੰ ਧਰਮ ਬਾਰੇ ਪ੍ਰਸ਼ਨ ਪੁੱਛਣੇ ਸ਼ੁਰੂ ਕੀਤੇ,

"ਰੱਬ ਨੂੰ ਮੰਨਦੇ ਓ?"

"ਰੱਬ ਨੂੰ ਕੇ ਮੰਨਣਾ?"

ਮੈਨੂੰ ਸਮਝ ਨਾ ਆਉਂਦੀ ਕਿ ਉਹ ਅਜਿਹਾ ਉੱਤਰ ਦੇ ਕੇ ਆਪਣੇ ਆਪ ਨੂੰ ਨਾਸਤਕ ਦਰਸਾਉਣਾ ਚਾਹੁੰਦੇ ਸਨ ਜਾਂ ਇਸ ਹਦ ਤੱਕ ਆਸਤਕ, ਕਿ ਰੱਬ ਦੀ ਹੋਂਦ ਵਿਚ ਵਿਸ਼ਵਾਸ ਕਰਨ ਜਿਹਾ ਪ੍ਰਸ਼ਨ ਵੀ ਉਨ੍ਹਾਂ ਨੂੰ ਬੇਲੋੜਾ ਜਾਪਦਾ ਸੀ।

"ਗੁਰਦੁਆਰੇ ਜਾਂਦੇ ਹੁੰਦੇ ਓ'?"

"ਚਲੇ ਜਾਨੇ ਆਂ ਕਦੀ ਕਦੀ,"

ਬੜੇ ਬੇਦਿਲੀ ਜਹੀ ਨਾਲ ਉਹ ਉੱਤਰ ਦਿੰਦੇ।

ਫੀਲਡ ਵਰਕ ਦੇ ਆਰੰਭ ਵਿਚ ਮੈਂ ਕਈ ਵਾਰੀ ਪਿੰਡ ਦੇ ਗੁਰਦੁਆਰੇ ਵਿਚ ਗਈ ਸੀ। ਇਤਿਹਾਸਕ ਗੁਰਦੁਆਰੇ ਵਿਚ ਜਾਕੇ ਮੱਥਾ ਟੇਕਣਾ ਮੈਨੂੰ ਨਿੱਜੀ ਤੌਰ ਤੇ ਵੀ ਚੰਗਾ ਲੱਗਿਆ ਸੀ। ਕਾਰ ਸੇਵਾ ਵਾਲੇ ਬਾਬਿਆਂ ਦਾ ਪਰਵਿੰਦਰ ਸਿੰਘ ਅਤੇ ਗੁਰਦੀਪ ਸਿੰਘ ਨਾਲ ਉਚੇਚਾ ਮੋਹ ਸੀ। ਇਸਦਾ ਇਕ ਕਾਰਨ ਇਹ ਸੀ ਕਿ ਉਨ੍ਹਾਂ ਦੋਹਾਂ ਨੇ ਨਿੱਜੀ ਯਤਨਾਂ ਨਾਲ ਸੜਕ ਨੂੰ ਗੁਰਦੁਆਰੇ ਨਾਲ ਜੋੜਿਆ ਸੀ। 'ਸੜਕਾਂ ਦੇ ਮਹਿਕਮੇ ਵਾਲੇ ਅਫ਼ਸਰ ਕਾਕਿਆਂ' ਅਤੇ ਉਨ੍ਹਾਂ ਨਾਲ ਆਈ 'ਕੋਈ ਕੋਰਸ ਕਰਦੀ ਬੀਬੀ' ਨੂੰ ਕਾਰ ਸੇਵਾ ਵਾਲੇ ਬਾਬੇ ਉਚੇਚਾ ਲੰਗਰ ਪੁੱਛਦੇ ਅਤੇ 'ਲੰਘਦੀ ਆਂਦੀ ਮਿਲਕੇ ਜਾਣ' ਦਾ ਇਸਰਾਰ ਕਰਦੇ। ਆਰੰਭ ਵਿਚ ਤਾਂ ਮੇਰਾ ਇਹ ਨਿਤਨੇਮ ਹੀ ਸੀ ਕਿ ਮੈਂ ਗੁਰਦੁਆਰੇ ਦੇ ਕੋਲ ਹੀ ਬਸ ਵਿਚੋਂ ਉੱਤਰ ਜਾਂਦੀ ਅਤੇ ਗੁਰਦੁਆਰੇ ਮੱਥਾ ਟੇਕ ਕੇ, ਅਤੇ ਬਾਬਿਆਂ ਨੂੰ ਮਿਲਕੇ ਫੇਰ ਪਿੰਡ ਜਾਂਦੀ। ਹੌਲੀ ਹੌਲੀ ਮੇਰੇ ਸਾਹਮਣੇ ਇਕ ਗੱਲ ਸਪਸ਼ਟ ਹੋ ਗਈ ਕਿ ਪਿੰਡ ਦੇ ਲੋਕਾਂ ਦਾ ਗੁਰਦੁਆਰੇ ਨਾਲ ਰਿਸ਼ਤਾ ਖਿੰਡ ਚੁੱਕਿਆ ਸੀ। ਕਿਸੇ ਸਮੇਂ ਤਾਂ ਇਹ ਪਿੰਡ 'ਬਾਹਮਣਾਂ ਦੇ ਖਿਆਲ' ਵਾਲਾ ਹੀ ਸੀ। ਮਗਰੋਂ ਇਲਾਕੇ ਦੇ ਕਿਸੇ ਸੰਤਾਂ ਦੀ ਸੇਵਾ ਸੰਭਾਲ ਨਾਲ ਗੁਰਦੁਆਰੇ

ਦੀ ਦਿੱਖ ਪਰਤੀ ਸੀ। ਲੋਕਾਂ ਨੇ ਪਿੰਡ ਦੇ ਇਤਿਹਾਸਕ ਗੁਰਦੁਆਰੇ ਦੀ ਮਹੱਤਤਾ ਸਮਝ ਕੇ ਇਸਦਾ ਇਤਿਹਾਸ ਲਭਿਆ ਅਤੇ ਲਿਖਿਆ ਸੀ। ਫੇਰ ਆਲੇ ਦੁਆਲੇ ਦੇ ਪਿੰਡਾਂ ਤੋਂ ਇਲਾਵਾ ਸ਼ਹਿਰਾਂ ਦੇ ਲੋਕ ਵੀ ਇਥੇ ਪੰਚਮੀਆਂ ਨ੍ਹਾਉਣ ਲਈ ਆਉਣ ਲੱਗ ਪਏ ਸਨ। ਪਿੰਡ ਦੇ ਇਸ ਇਤਿਹਾਸਕ ਗੁਰਦੁਆਰੇ ਵਿਚ ਲੋਕਾਂ ਨੇ ਪੱਕਾ ਸਰੋਵਰ ਬਣਵਾਇਆ। ਲੰਗਰ ਚਾਲੂ ਕੀਤਾ। ਗੁਰਦੁਆਰੇ ਦੀ ਸੇਵਾ ਸੰਭਾਲ ਲਈ ਪਿੰਡ ਦੇ ਮੋਹਤਬਰ ਲੋਕਾਂ ਨੇ ਲੋਕਲ ਕਮੇਟੀ ਸਥਾਪਿਤ ਕਰ ਲਈ। ਹੌਲੀ ਹੌਲੀ ਲੋਕਲ ਕਮੇਟੀ ਦੀ ਚੋਣ ਵਿਚ ਪਿੰਡ ਦੀ ਰਾਜਨੀਤੀ ਦਾਖ਼ਲ ਹੋ ਗਈ। ਇਕ ਧੜੇ ਦੇ ਲੋਕਾਂ ਨੇ ਦੂਜੇ ਧੜੇ ਦੇ ਲੋਕਾਂ ਤੇ ਇਲਜ਼ਾਮ ਲਾਉਣੇ ਸ਼ੁਰੂ ਕਰ ਦਿੱਤੇ। ਦੂਜੇ ਧੜੇ ਵਾਲਿਆਂ ਨੇ ਪਹਿਲੇ ਧੜੇ ਦੇ ਇਕ ਬੰਦੇ ਦੇ ਨਾਂ ਨਾਲ 'ਗੋਲਕ ਚੋਰ' ਲਿਖ ਕੇ ਉਸਦੀ ਸਾਰੇ ਪਿੰਡ ਵਿਚ ਬਦਨਾਮੀ ਕਰ ਦਿੱਤੀ। ਪਿੰਡ ਦੇ ਲੋਕਾਂ ਦੇ ਦੱਸਣ ਅਨੁਸਾਰ ਸ਼ਾਇਦ ਇਸ ਝਗੜੇ ਦੀ ਕੋਈ ਖ਼ਬਰ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੱਕ ਪਹੁੰਚਣ ਦੇ ਕਾਰਨ ਜਾਂ ਸ਼ਾਇਦ ਕਮੇਟੀ ਦੀ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਆਪਣੇ ਹੱਥ ਰੱਖਣ ਦੀ ਨੀਤੀ ਦੇ ਤਹਿਤ ਕਮੇਟੀ ਵਾਲਿਆਂ ਨੇ ਆ ਕੇ ਪਿੰਡ ਦੀ ਲੋਕਲ ਕਮੇਟੀ ਭੰਗ ਕਰ ਦਿੱਤੀ। ਇਸਦੇ ਬਦਲੇ ਉਨ੍ਹਾਂ ਨੇ ਗੁਰਦੁਆਰੇ ਦੀ ਸੇਵਾ ਸੰਭਾਲ 'ਭਾੜੇ ਦੇ ਲੋਕਾਂ' ਦੇ ਹੱਥ ਦੇ ਦਿੱਤੀ। ਪਿੰਡ ਦਾ ਗੁਰਦੁਆਰਾ ਹੁਣ ਲੋਕਾਂ ਦਾ ਗੁਰਦੁਆਰਾ ਨਾ ਰਿਹਾ, ਜਿਸਨੂੰ ਉਨ੍ਹਾਂ ਨੇ ਆਪਣੇ ਹੱਥਾਂ ਨਾਲ ਉਸਾਰਿਆ ਸੀ। ਇੱਥੇ ਹੁਣ 'ਪਾਸੇ ਦੇ ਲੋਕ' ਆ ਕੇ ਰਹਿਣ ਲੱਗ ਪਏ ਸਨ। ਉਨ੍ਹਾਂ ਦਾ ਜੱਟ ਨਾ ਹੋਣਾ ਜਾਂ ਪਿੰਡ ਦੇ ਲੋਕਾਂ ਲਈ ਅਜਨਬੀ ਹੋਣਾ ਵੀ ਉਨ੍ਹਾਂ ਲਈ ਉਨਾ ਮਹੱਤਵ ਨਹੀਂ ਰੱਖਦਾ ਸੀ। ਪਰ ਤਕਲੀਫ਼ ਤਾਂ ਇਸ ਗੱਲ ਦੀ ਸੀ ਕਿ ਇਹ 'ਤਨਖਾਹਦਾਰ' ਲੋਕ ਗੁਰਦੁਆਰੇ ਦੇ ਅਹਾਤੇ ਵਿਚ ਆਪਣੇ ਆਪਣੇ ਪਰਿਵਾਰ ਸਮੇਤ ਰਹਿੰਦੇ ਸਨ। ਪਿੰਡ ਦੇ ਲੋਕਾਂ ਦੇ ਅਨੁਸਾਰ ਗੁਰਦੁਆਰੇ ਦੀ ਪਵਿੱਤਰ ਦੁਨੀਆਂ ਵਿਚ ਘਰ ਗ੍ਰਿਹਸਥੀ ਦੇ 'ਸਾਰੇ ਕੰਮਾਂ' ਦੀ ਇਹ ਮਿਲਾਵਟ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ ਸੀ। ਲੋਕਾਂ ਦੀ ਨਜ਼ਰ ਵਿਚ ਤਾਂ ਗੁਰਦੁਆਰਾ ਹੁਣ ਗੁਰਦੁਆਰਾ ਰਿਹਾ ਹੀ ਨਹੀਂ ਸੀ।

ਪਿੰਡ ਦੇ ਗੁਰਦੁਆਰੇ ਬਾਰੇ ਇਹ ਸਭ ਕੁਝ ਜਾਣ ਕੇ ਮੈਂ ਲੋਕਾਂ ਨੂੰ ਉਨ੍ਹਾਂ ਦੇ ਗੁਰਦੁਆਰੇ ਜਾਣ ਵਾਲਾ ਪ੍ਰਸ਼ਨ ਪੁੱਛਣਾ ਬੰਦ ਕਰ ਦਿੱਤਾ ਸੀ। ਮੈਨੂੰ ਪਤਾ ਲੱਗ ਗਿਆ ਸੀ ਲੋਕ ਹੁਣ ਓਪਰੇ ਜਹੇ ਮਨ ਨਾਲ ਹੀ ਕਦੀ ਕਦਾਈਂ ਗੁਰਦੁਆਰੇ ਜਾਂਦੇ ਸਨ, ਲੰਗਰ ਵਲ ਘੱਟ ਹੀ ਮੂੰਹ ਕਰਦੇ ਸਨ ਅਤੇ ਉਨ੍ਹਾਂ ਦੇ ਮਨ ਵਿਚ ਸੰਗਰਾਂਦ, ਪੰਚਮੀ ਦੇ ਮੌਕੇ ਤੇ ਵੀ ਗੁਰਦੁਆਰੇ ਵਿਚ ਸੇਵਾ ਕਰਨ ਦਾ ਪਹਿਲਾ ਵਰਗਾ ਉਤਸ਼ਾਹ ਨਹੀਂ ਰਿਹਾ ਸੀ। ਪਿੰਡ ਦੇ ਲੋਕਾਂ ਦਾ ਵਿਸ਼ਵਾਸ ਜਿੱਤਣ ਲਈ ਅਤੇ ਉਨ੍ਹਾਂ ਦੇ ਮਨ ਵਿਚ ਉਭਰਦੇ ਸ਼ੰਕਿਆਂ ਨੂੰ ਸ਼ਾਂਤ ਕਰਨ ਲਈ ਮੈਂ ਵੀ ਹੁਣ ਗੁਰਦੁਆਰੇ ਮੱਥਾ ਟੇਕਣ ਦਾ ਆਪਣਾ ਨੇਮ ਛੱਡਕੇ ਸਿੱਧਾ ਪਿੰਡ ਆਉਣਾ ਸ਼ੁਰੂ ਕਰ ਦਿੱਤਾ। ਗੁਰਦੁਆਰੇ ਮੈਂ ਹੁਣ ਪਿੰਡ ਦੀ ਕਿਸੇ ਔਰਤ ਨਾਲ ਹੀ ਕਦੀ ਕਦਾਈਂ ਜਾਂਦੀ ਸਾਂ।

ਲੋਕ ਧਰਮ ਬਾਰੇ ਪ੍ਰਸ਼ਨਾਂ ਵਿਚੋਂ ਮੈਂ ਗੁਰਦੁਆਰੇ ਵਾਲਾ ਪ੍ਰਸ਼ਨ ਤਾਂ ਕੱਢ ਦਿੱਤਾ, ਪਰ ਹੁਣ ਹੋਰ ਤਰ੍ਹਾਂ ਦੀਆਂ ਸਮੱਸਿਆਵਾਂ ਉਭਰ ਆਈਆਂ ਸਨ। ਹੁਣ ਮੈਂ ਲੋਕਾਂ ਨੂੰ ਸਧਾਰਨ ਜਹੇ ਪ੍ਰਸ਼ਨ ਪੁੱਛਦੀ ਅਤੇ ਉਹ ਵੀ ਉਨ੍ਹਾਂ ਦੀ ਸਾਦੀ ਬੋਲੀ ਵਿਚ ਤਾਂ ਕਿ ਉਨ੍ਹਾਂ ਨੂੰ ਪ੍ਰਸ਼ਨ ਦਾ ਭਾਵ ਸਮਝਣ ਵਿਚ ਕੋਈ ਦਿੱਕਤ ਨਾ ਹੋਵੇ।

ਮੈਂ ਉਨ੍ਹਾਂ ਨੂੰ ਪੁੱਛਦੀ,

"ਤੁਸੀਂ ਕਿੱਥੇ ਕਿੱਥੇ ਮੱਥਾ ਟੇਕਦੇ ਓ ?"

ਪਰ ਲੋਕ ਸਪਾਟ ਜਿਹਾ ਉਤਰ ਦੇਂਦੇ,

"ਅਸੀਂ ਤਾਂ ਬੀਬੀ ਕਾਸੇ ਨੂੰ ਨ੍ਹੀਂ ਮੰਨਦੇ।"

"ਅਸੀਂ ਤਾਂ ਇਕ ਗੁਰਦੁਆਰੇ ਤੋਂ ਬਿਨਾਂ ਕਿਤੇ ਨਹੀਂ ਜਾਂਦੇ।"

"ਅਸੀਂ ਤਾਂ ਪੀਰ ਫ਼ਕੀਰ ਸਾਰੇ ਬਖ਼ਸ਼ਾ ਤੇ"

"ਸਾਡਾ ਤਾਂ ਜੀ ਸਾਰੇ ਟੱਬਰ ਦਾ ਅਮਰਤ ਲਿਆ ਹੋਇਐ, ਰਾੜੇ ਆਲਿਆਂ ਦਾ"

ਇਹੋ ਜਿਹੀਆਂ ਗੱਲਾਂ ਮੇਰੇ ਆਲੇ ਦੁਆਲੇ ਘੇਰਾ ਪਾ ਲੈਂਦੀਆਂ ਅਤੇ ਮੈਂ ਡੌਰ ਭੌਰ ਜਹੀ ਆਪਣੇ ਫੀਲਡ ਵਰਕ ਦਾ ਹਸ਼ਰ ਦੇਖਦੀ ਰਹਿੰਦੀ। ਇਕ ਪਾਸੇ ਲੋਕ ਕਹਿੰਦੇ ਸਨ ਕਿ ਗੁਰਦੁਆਰੇ ਜਾਣ ਨੂੰ ਉਨ੍ਹਾਂ ਦਾ ਜੀ ਨਹੀਂ ਸੀ ਕਰਦਾ। ਦੂਜੇ ਪਾਸੇ ਉਨ੍ਹਾਂ ਨੇ ਅੰਮ੍ਰਿਤ ਵੀ ਲਿਆ ਹੋਇਆ ਸੀ ਅਤੇ ਮਾਤਾ ਮਸਾਣੀਆਂ ਵੀ ਨਹੀਂ ਪੂਜਦੇ ਸਨ। ਮੈਂ ਪਿੰਡ ਵਿਚ ਆਪਣੇ ਖਾਸ ਲੋਕਾਂ ਤੋਂ ਇਸ ਬਾਰੇ ਪੁੱਛਿਆ। ਅਮਰੋ ਬੀਬੀ ਸਮੇਤ ਕਈ ਲੋਕਾਂ ਨੇ ਮੈਨੂੰ ਕਿਹਾ,

"ਮੇਰੇ ਕੋਲ ਲਿਆ ਬੁਲਾ ਕੇ ਜਿਹੜੀ ਕਹਿੰਦੀ ਐ ਕਿ ਮੈਂ ਮਾਤਾ ਮਸਾਣੀਆਂ ਦੇ ਨਹੀਂ ਜਾਂਦੀ"

ਅਮਰੋ ਬੀਬੀ ਆਪਣੇ ਪਰਿਵਾਰ ਬਾਰੇ ਇਹ ਗੱਲ ਪੱਕੀ ਤਰ੍ਹਾਂ ਮੰਨਦੀ ਸੀ ਕਿ ਉਹ ਗੁਰਦੁਆਰੇ ਤੋਂ ਬਿਨਾਂ ਕਿਸੇ ਹੋਰ ਚੀਜ਼ਾਂ ਨੂੰ ਨਹੀਂ ਮੰਨਦੇ ਪਰ ਲੋਕ ਧਰਮ ਬਾਰੇ ਅਰੰਭ ਵਿਚ ਮੈਂ ਬਹੁਤ ਸਾਰੀ ਜਾਣਕਾਰੀ ਉਨ੍ਹਾਂ ਦੇ ਪਰਿਵਾਰ ਤੋਂ ਪ੍ਰਾਪਤ ਕੀਤੀ। ਮਗਰੋਂ ਮੈਨੂੰ ਸਪਸ਼ਟ ਹੋ ਗਿਆ ਕਿ ਅਮਰੋ ਬੀਬੀ ਦੀ ਪਰਿਵਾਰ ਵਿਚ ਗੁਰਦੁਆਰੇ

ਅਤੇ ਮਾਤਾ ਮਸਾਣੀਆਂ ਦੋਹਾਂ ਦੀ ਮੰਨਤਾ ਸੀ। ਵਿਧੀਵਧ ਫੀਲਡ ਵਰਕ ਦੇ ਦੌਰਾਨ ਵੀ ਮੈਂ ਬਹੁਤ ਸਾਰੀਆਂ ਅਜਿਹੀਆਂ ਗੱਲਾਂ ਬਾਰੇ ਉਨ੍ਹਾਂ ਤੋਂ ਵਿਸਤ੍ਰਿਤ ਜਾਣਕਾਰੀ ਪ੍ਰਾਪਤ ਕਰਦੀ ਰਹੀ।

ਹੁਣ ਤੱਕ ਮੈਂ ਜਾਣ ਗਈ ਸਾਂ ਕਿ ਪਿੰਡਾਂ ਦੇ ਲੋਕ ਗੁਰਦੁਆਰੇ ਨੂੰ ਵੀ ਮੰਨਦੇ ਸਨ ਅਤੇ ਮਾਤਾ ਮਸਾਣੀਆਂ ਨੂੰ ਵੀ, ਪੀਰਾਂ ਨੂੰ ਵੀ ਮੰਨਦੇ ਸਨ ਅਤੇ ਸਾਧਾਂ ਨੂੰ ਵੀ, ਪਿੱਤਰ ਵੀ ਉਨ੍ਹਾਂ ਲਈ ਪੂਜਣ ਯੋਗ ਹਨ ਅਤੇ ਸਤੀਆਂ ਵੀ। ਬਾਅਦ ਵਿਚ ਬਹੁਤ ਸਾਰੇ ਲੋਕਾਂ ਨੇ ਪੇਂਡੂ ਧਰਮ ਦੇ ਇਸ ਖਾਸੇ ਨੂੰ ਆਪ ਹੀ ਥੋੜ੍ਹੇ ਜਿਹੇ ਸ਼ਬਦਾਂ ਵਿਚ ਸਪਸ਼ਟ ਕਰ ਦਿੱਤਾ ਕਿ 'ਸਿਰਫ਼ ਗੁਰਦੁਆਰੇ ਜਾਣ ਵਾਲੇ ਲੋਕ ਨਾਸਤਕ ਹੁੰਦੇ ਹਨ।' ਪਿੰਡ ਵਿਚ ਸਥਿਤ ਅਨੇਕਾਂ ਤਰ੍ਹਾਂ ਦੇ 'ਥਾਨ' ਵੀ ਲੋਕਾਂ ਦੀ ਇਸ ਲੋਕ ਧਰਮ ਵਾਲੀ ਰੁਚੀ ਨੂੰ ਉਜਾਗਰ ਕਰਦੇ ਸਨ। ਪਰ ਲੋਕ ਮੈਨੂੰ ਕੁਝ ਵੀ ਖੁਲ੍ਹ ਕੇ ਦੱਸਣ ਤੋਂ ਝਿਜਕ ਰਹੇ ਸਨ ਅਤੇ ਮੈਨੂੰ ਇਸ ਗੱਲ ਦਾ ਇਕਦਮ ਕੋਈ ਅਧਾਰ ਸਮਝ ਵਿਚ ਨਹੀਂ ਆ ਰਿਹਾ ਸੀ।

ਪਿੰਡ ਦੇ ਲੋਕਾਂ ਦੇ ਮੱਤ ਅਕਸਰ ਲੋਕ ਧਰਮ ਅਤੇ ਇਹੋ ਜਿਹੇ ਵਿਸ਼ਿਆਂ ਤੇ ਵੱਖਰੇ ਵੱਖਰੇ ਹੁੰਦੇ। ਜਦੋਂ ਕੁਝ ਲੋਕ ਮੇਰੇ ਨਾਲ ਇਕ ਖਾਸ ਤਰ੍ਹਾਂ ਦਾ ਵਿਵਹਾਰ ਕਰਦੇ ਤਾਂ ਦੂਜੇ ਲੋਕ ਇਸ ਵਿਵਹਾਰ ਦੀ ਪਿੱਠ ਭੂਮੀ ਤੇ ਕੰਮ ਕਰਦੇ ਤੱਥਾਂ ਦੀ ਜਾਣਕਾਰੀ ਮੈਨੂੰ ਦੇ ਦੇਂਦੇ। ਇਸ ਮਾਮਲੇ ਵਿਚ ਵੀ ਅਜਿਹਾ ਹੀ ਹੋਇਆ। ਮੈਨੂੰ ਕੁਝ ਲੋਕਾਂ ਨੇ ਸਪਸ਼ਟ ਦਸ ਦਿੱਤਾ ਕਿ ਖਾੜਕੂਆਂ ਦੀਆਂ 'ਕਾਰਵਾਈਆਂ' ਦੇ ਕਾਰਣ ਹੀ ਲੋਕ ਮੈਨੂੰ ਮੜ੍ਹੀ ਮਸਾਣਾਂ ਬਾਰੇ ਕੁਝ ਲਿਖਵਾਣ ਤੋਂ ਝਿਜਕਦੇ ਸਨ। ਮੈਨੂੰ ਸਿੱਖ ਮੂਲਵਾਦ ਦੇ ਇਸ ਦੌਰ ਵਿਚ ਖਾੜਕੂਆਂ ਦੀਆਂ ਅਜਿਹੀਆਂ ਨੀਤੀਆਂ ਬਾਰੇ ਪਤਾ ਸੀ ਕਿ ਉਹ ਸਿੱਖੀ ਵਿਚ ਰਲ ਚੁੱਕੇ ਹਿੰਦੂ ਮਤ ਦੇ ਤੱਤਾਂ ਨੂੰ ਨਿਖੇੜ ਕੇ ਦੂਰ ਕਰਨਾ ਚਾਹੁੰਦੇ ਸਨ। ਮੜ੍ਹੀ ਮਸਾਣਾਂ ਨੂੰ ਪੂਜਣ ਵਾਲੇ, ਪੁਛਿਆ ਦੇਣ ਵਾਲੇ ਅਤੇ ਅਜਿਹੇ ਹੋਰ ਵਰਤ ਵਿਹਾਰ ਕਰਨ ਵਾਲ ਲੋਕਾਂ ਦੇ ਨਾਂ ਖਾੜਕੂਆਂ ਦੇ ਅਜਿਹੇ ਸੰਦੇਸ਼, ਅਖ਼ਬਾਰਾਂ ਵਿਚ ਵੀ ਛਪਦੇ ਰਹਿੰਦੇ ਸਨ। ਪਿੰਡਾਂ ਵਿਚ ਮੜ੍ਹੀ-ਮਸੀਤਾਂ ਢਾਹੁਣ ਜਹੀਆਂ ਉਨ੍ਹਾਂ ਦੀਆਂ ਕਾਰਵਾਈਆਂ ਬਾਰੇ ਖਬਰਾਂ ਵੀ ਉਨ੍ਹਾਂ ਦਿਨਾਂ ਵਿਚ ਇਕ ਆਮ ਜਹੀ ਗੱਲ ਬਣ ਗਈਆਂ ਸਨ। ਇਸ ਲਹਿਰ ਦਾ ਵਿਵਹਾਰਕ ਰੂਪ ਮੇਰੇ ਐਨ ਸਾਮ੍ਹਣੇ ਸੀ। ਕੁਝ ਲੋਕਾਂ ਨੂੰ ਤਾਂ ਖੈਰ ਮੇਰੇ ਬਾਰੇ ਸਪਸ਼ਟ ਸੀ,

"ਇਹ ਬਚਾਰੀ ਤਾਂ ਆਪਣੀ ਕਿਤਾਬ ਬਣਾਉਣ ਖਾਤਰ ਐਨੀਆਂ ਗੱਲਾਂ ਪੁੱਛਦੀ ਐਂ।"

ਫਿਰ ਵੀ ਧਰਮ ਬਾਰੇ ਮੇਰੇ ਪ੍ਰਸ਼ਨਾਂ ਤੇ ਅਨੇਕਾਂ ਲੋਕ ਅਨੇਕਾਂ ਤਰ੍ਹਾਂ ਦੇ ਸ਼ੰਕੇ ਕਰਦੇ ਸਨ, ਜਿਨ੍ਹਾਂ ਵਿਚ ਮੇਰਾ 'ਖਾੜਕੂਆਂ ਨਾਲ ਰਲੇ ਹੋਣ' ਦਾ ਸ਼ੰਕਾ ਵੀ ਸ਼ਾਮਲ ਸੀ। ਮੈਂ ਔਰਤਾਂ ਨੂੰ ਅਜਿਹੀਆਂ ਗੱਲਾਂ ਕਰਦਿਆਂ ਆਪ ਸੁਣਿਆ ਸੀ,

"ਖਬਰੇ ਐਹ ਜੀਆਂ ਗੱਲਾਂ ਕਾਹਤੇ ਪੁੱਛਦੀ ਐ ? ਅਖੇ ਕਿਥੇ ਕਿਥੇ ਮੱਥੇ ਟੇਕਦੇ ਓ ? ਕੌਣ ਕੌਣ ਜਾਂਦੇ ਓ ? ਕਦੋਂ ਮੱਥਾ ਟੇਕਣ ਜਾਂਦੇ ਓ ? ਖ਼ਬਰੇ ਖਾੜਕੂਆਂ ਦੀ ਓ ਭੇਜੀ ਬੀ ਇੱਥੇ ਆਉਂਦੀ ਹੋਵੇ, ਬਈ ਇਧਰੋਂ ਸਾਰੀਆਂ ਗੱਲਾਂ ਲਿਖ ਕੇ ਲੈਜੇ, ਉਧਰੋਂ ਅਗਲੇ ਆ ਕੇ ਬੰਦੇ ਮਾਰ ਜਾਣ।"

ਫੇਰ ਵੀ ਬਹੁਤ ਸਾਰੇ ਲੋਕ ਮੇਰੇ ਕੋਲ ਖਾੜਕੂਆਂ ਦੀਆਂ ਕਾਰਵਾਈਆਂ ਤੇ ਸਪਸ਼ਟ ਨੁਕਤਾਚੀਨੀ ਕਰਦੇ;

"ਜਾਇਵਢਿਆਂ ਨੂੰ ਕੋਈ ਪੁੱਛੇ ਬਈ ਕੱਲ੍ਹੇ ਗੁਰਦੁਆਰੇ ਨੂੰ ਮੰਨ ਕੇ ਪਿੰਡਾਂ ਆਲਿਆਂ ਦਾ ਕਿਤੈ ਸਰਦੈ ?"

"ਮਾਤਾ ਮਸਾਣੀਆਂ ਸਾਡੇ ਤੋਂ ਕੀ ਲੈ ਜਾਂਦੀਆਂ ਨੇ ਬਚਾਰੀਆਂ ਸਾਡੇ ਨਾਲ ਦੀਆਂ ਜੰਮੀਆਂ ਹੋਈਆਂ ਹਾੜ੍ਹੀ ਸਾਉਣੀ ਚੋਂ ਆਪਣਾ ਹਿੱਸਾ ਈ ਮੰਗਦੀਆਂ ਨੇ। ਹੋਰ ਤਾਂ ਕੁਸ ਨ੍ਹੀ ਮੰਗਦੀਆਂ।"

"ਕਿਹੜੇ ਪੀਰ ਫ਼ਕੀਰ ਨੂੰ ਨਾ ਧਿਆਈਏ ਖ਼ਬਰੇ ਕਿਹੜੇ ਵੇਲੇ ਕਿਹੜਾ ਕੁੰਟ ਜੇ। ਉਦੋਂ ਇਹ ਚੰਦਰੇ ਖਾੜਕੂ ਆ ਕੇ ਸਾਡਾ 'ਲਾਜ' ਕਰਾਉਣਗੇ?"

"ਖਬਰੇ ਮਾਤਾ ਮਸਾਣੀਆਂ ਇਨ੍ਹਾਂ ਨੂੰ ਕੀ ਤਕਲੀਫ਼ ਦਿੰਦੀਆਂ ਨੇ ਅਖੇ ਕਲ੍ਹੇ ਗੁਰਦੁਆਰੇ ਜਾਇਆ ਕਰੋ ਹੋਰ ਕਿਤੇ ਨਾ ਜਾਓ।"

ਮਗਰੋਂ ਲੋਕਾਂ ਦੇ ਇਸ ਲੋਕ ਧਰਮ ਵਾਲੇ ਖਾਸੇ ਦਾ ਖੁਲਾਸਾ ਸਿਰਫ ਇਕ ਵਾਕ ਨੇ ਹੀ ਕਰ ਦਿੱਤਾ ਕਿ 'ਕਲ੍ਹੇ ਗੁਰਦੁਆਰੇ ਨੂੰ ਮੰਨਣ ਵਾਲੇ ਲੋਕ ਨਾਸਤਕ ਹੁੰਦੇ ਹਨ।'

ਖਾੜਕੂਆਂ ਦੀਆਂ ਇਨ੍ਹਾਂ ਕਾਰਵਾਈਆਂ ਨੂੰ ਸਰੇਆਮ ਨਿੰਦਣ ਵਾਲੀ ਚਰਨੋ ਦੀ ਮੈਨੂੰ ਪੂਰੀ ਹਮਾਇਤ ਹਾਸਲ ਸੀ। ਚਰਨੋ ਕੁਝ ਮਹੀਨੇ ਪਹਿਲਾਂ ਤੱਕ ਕੋਟਲੇ ਵਾਲੇ ਪੀਰ ਦੀ ਚੌਂਕੀ ਆਪਣੇ ਘਰ ਦੇ ਵਿਹੜੇ ਵਿਚ ਲਾਉਂਦੀ ਰਹੀ ਸੀ। ਵੀਰਵਾਰ ਨੂੰ ਸੰਧਿਆ ਵੇਲੇ ਕੇਸੀਂ ਨਹਾ ਕੇ ਚਰਨੋ ਪੀਰ ਦੇ ਨਾਂ ਦੀ ਜੋਤ ਲਾਉਂਦੀ। ਪਿੰਡ ਦੇ ਕਿੰਨੇ ਹੀ ਲੋਕ ਇਸ ਸਮੇਂ ਹਾਜ਼ਰ ਹੁੰਦੇ। ਉਨ੍ਹਾਂ ਵਿਚੋਂ ਬਹੁਤੇ ਆਪਣੀਆਂ ਦੁਖ ਤਕਲੀਫ਼ਾਂ ਦੇ ਇਲਾਜ ਪੁੱਛਣ ਆਏ ਹੁੰਦੇ। ਕਿਸੇ ਦੀ ਸੁੱਖੀ ਹੋਈ, 'ਸੁੱਖ' ਭੁੱਲੀ ਹੋਈ ਹੁੰਦੀ, ਕਿਸੇ ਤੇ ਪੀਰ ਦੀ 'ਮੰਨਤਾ ਛੱਡੀ ਹੋਣ' ਕਰਕੇ ਸੰਕਟ ਆਇਆ ਹੁੰਦਾ। ਕਿਸੇ ਨੇ 'ਟੂਣਾ' ਟੱਪਿਆ ਹੁੰਦਾ। ਕਿਸੇ ਨੇ ਕਿਸੇ ਨੂੰ 'ਲਾਗਡਾਟ' ਵਿਚ 'ਕੁਝ' ਖੁਆਇਆ ਹੁੰਦਾ। 'ਪੁਛਿਆ' ਲੈ ਕੇ ਅਗਲਾ ਬਣਦਾ ਸਰਦਾ 'ਵਿਹਾਰ' ਕਰ ਦੇਂਦਾ ਤੇ ਆਉਂਦੀ ਕਿਸੇ ਚੌਂਕੀ ਵਿਚ ਪੀਰ ਦੀਆਂ ਜੋਤਾਂ ਲਈ ਸਰੌਂ ਦਾ ਤੇਲ ਲੈ ਆਉਂਦਾ ਜਾਂ ਪਤਾਸਿਆਂ ਦਾ ਭੋਗ। ਕੋਈ ਵੱਡੀ 'ਸੁਖ' ਹੁੰਦੀ ਤਾਂ ਚਰਨੋ ਨੂੰ 'ਧੁਰ ਗੱਦੀ' ਤੇ ਪੁਚਾਉਣੀ ਪੈਂਦੀ। ਕਦੇ ਕਦੇ ਪਿੰਡ ਦਾ ਕੋਈ ਬੰਦਾ 'ਚੌਂਕੀ' ਤੋਂ ਅੱਗੇ ਪਿੱਛੇ ਵੀ ਚਰਨੋ ਤੋਂ 'ਪੁਛਿਆ' ਲੈਣ ਆ ਜਾਂਦਾ। ਜੇਕਰ ਚਰਨੋ ਦੇ ਦਿਲ ਵਿਚ ਰਹਿਮ ਆ ਜਾਂਦਾ ਤਾਂ ਉਹ ਉਸੇ ਵੇਲੇ ਸਿਰ ਧੋ ਕੇ ਜੋਤ ਲਾ ਲੈਂਦੀ, ਨਹੀਂ ਤਾਂ ਅਗਲੇ ਨੂੰ 'ਚੌਂਕੀ' ਤੇ ਆਉਣ ਲਈ ਕਹਿ ਦੇਂਦੀ।

ਪਰ ਹੁਣ ਹਾਲਾਤ ਬਦਲ ਗਏ ਸਨ। ਖਾੜਕੂਆਂ ਦੇ ਡਰ ਤੋਂ ਚਰਨੋ ਹੁਣ 'ਚੌਂਕੀ' ਨਹੀਂ ਲਾਉਂਦੀ ਸੀ। ਕੋਈ ਖਾਸ ਬੰਦਾ 'ਪੁਛਿਆ' ਲੈਣ ਆ ਜਾਂਦਾ ਤਾਂ ਕਮਰੇ ਦੇ ਅੰਦਰ ਜੋਤ ਲਾ ਕੇ ਉਹ 'ਪੁਛਿਆ' ਦੇਂਦੀ ਸੀ।

ਚਰਨੋ ਨਾਲ ਮੇਰੀ ਜਾਣ ਪਛਾਣ ਸਧਾਰਨ ਜਹੇ ਤਰੀਕੇ ਨਾਲ ਹੋਈ ਸੀ। ਅਜੇ ਮੈਂ ਪਿੰਡ ਦੇ 'ਪਰਲੇ ਪਾਸੇ' ਵਲ ਜਾਣਾ ਸ਼ੁਰੂ ਨਹੀਂ ਕੀਤਾ ਸੀ, ਜਿੱਥੇ ਚਰਨੋ ਦਾ ਘਰ ਸੀ। 'ਉਰਲੇ ਪਾਸੇ' 'ਲਿਖਦਿਆਂ' ਇੱਕ ਔਰਤ ਤੋਂ ਮੈਂ 'ਮਾਤਾ ਮਸਾਣੀਆਂ ਦੇ ਵਿਹਾਰ' ਬਾਰੇ ਪੁਛ ਰਹੀ ਸਾਂ। ਉਸਨੇ ਆਪਣੇ ਘਰ ਦੇ ਸੰਸਕਾਰਾਂ ਬਾਰੇ ਤਾਂ ਸਭ ਕੁਝ ਲਿਖਾ ਦਿੱਤਾ ਪਰ ਪੀਰਾਂ ਨੂੰ ਉਹ ਮੰਨਦੇ ਨਹੀਂ ਸਨ। ਇਸ ਲਈ ਪੀਰਾਂ ਬਾਰੇ ਕੁਝ ਵੀ ਖਾਸ ਲਿਖਵਾਣਾ ਉਸਨੇ ਠੀਕ ਨਾ ਸਮਝਿਆ। ਉਸਨੇ ਮੈਨੂੰ ਚਰਨੋ ਬਾਰੇ ਦੱਸਿਆ ਕਿ ਉਹ ਪੀਰਾਂ ਦੀ ਜੋਤ ਲਾਉਂਦੀ ਹੈ ਅਤੇ 'ਪੁਛਿਆ' ਵੀ ਦੇਂਦੀ ਹੈ। 'ਪੁਛਿਆ' ਵਾਲੀ ਗੱਲ ਨੇ ਮੇਰੀ ਉਤਸੁਕਤਾ ਨੂੰ ਉਂਜ ਵੀ ਜਗਾ ਦਿੱਤਾ ਤੇ ਮੈਂ ਉਸ ਔਰਤ ਨਾਲ ਉਸੇ ਵੇਲੇ ਚਰਨੋ ਦੇ ਘਰ ਚਲੀ ਗਈ।

ਚਰਨੋ ਪਹਿਲਾਂ ਪਹਿਲ ਤਾਂ ਪੀਰਾਂ ਬਰੇ ਲਿਖਵਾਣ ਲੱਗਿਆਂ ਝਿਜਕਦੀ ਰਹੀ।

ਪਰ ਕਿਉਂਕਿ ਪਿੰਡ ਦੀ ਔਰਤ ਮੈਨੂੰ ਉਸਦੇ ਘਰ ਤੱਕ ਛੱਡ ਕੇ ਗਈ ਸੀ, ਇਸ ਲਈ ਉਸਨੂੰ ਕੁਝ ਤਸੱਲੀ ਹੋ ਗਈ। ਉਸਨੇ ਉਸ ਦਿਨ ਤਾਂ ਬਹੁਤਾ ਕੁਝ ਨਾ ਦੱਸਿਆ ਪਰ ਮਗਰੋਂ ਮੈਂ ਉਸਦੇ ਘਰ ਕਈ ਵਾਰੀ ਜਾਂਦੀ ਰਹੀ। ਚਰਨੋ ਦਾ ਸੁਭਾਅ ਉਂਜ ਵੀ ਬੜਾ ਨਿੱਘਾ ਸੀ। ਮੈਂ ਕਈ ਵਾਰੀ ਕਿਸੇ ਨੇੜਲੇ ਘਰ ਵਿਚ ਇੰਟਰਵਿਊ ਕਰਨ ਤੋਂ ਮਗਰੋਂ ਉਸਦੇ ਘਰ ਚਲੀ ਜਾਂਦੀ। ਹੌਲੀ ਹੌਲੀ ਦੁਪਹਿਰ ਦਾ ਖਾਣਾ ਮੈਂ ਚਰਨੋ ਦੇ ਘਰ ਬੈਠ ਕੇ ਖਾਣ ਲੱਗ ਪਈ। ਚਰਨੋ ਮੈਨੂੰ ਘਰੋਂ ਰੋਟੀ 'ਬੰਨ੍ਹ ਕੇ ਲਿਆਉਣ' ਤੇ ਗੁੱਸੇ ਹੁੰਦੀ ਸੀ ਅਤੇ ਆਪਣੇ ਘਰ ਦੀ ਬਣੀ ਹੋਈ ਦਾਲ ਸਬਜ਼ੀ ਉਚੇਚੇ ਤੌਰ ਤੇ ਮੇਰੇ ਲਈ ਰੱਖਦੀ ਸੀ।

'ਪੀਰ ਦੀ ਕਸਰ' ਤੋਂ ਲੈ ਕੇ 'ਪੀਰ ਦੀ ਡੋਲੀ ਬਣਨ' ਤਕ ਦੀ ਆਪਣੀ ਸਾਰੀ ਕਹਾਣੀ ਚਰਨੋ ਨੇ ਮੈਨੂੰ ਕਈ ਬੈਠਕਾਂ ਵਿਚ ਸੁਣਾਈ ਸੀ। ਚਰਨੋ ਦਾ ਪਤੀ ਜੈਲਾ ਆਪਣੇ ਪਿਤਾ ਦੇ ਦੂਜੇ ਵਿਆਹ ਦੀ ਔਲਾਦ ਸੀ। ਦੂਜਾ ਵਿਆਹ ਵੀ ਕੋਈ ਵਿਧੀਵੱਧ 'ਚਾਦਰ' ਪਾ ਕੇ ਨਹੀਂ ਹੋਇਆ ਸੀ। ਸਗੋਂ ਚਰਨੋ ਦੀ ਸੱਸ ਆਪਣੇ ਪਹਿਲੇ ਪਤੀ ਦੇ ਮਰਨ ਤੋਂ ਮਗਰੋਂ ਆਪਣੇ ਸ਼ਰੀਕੇ ਦੇ ਦਿਉਰ, ਜਿਸ ਦੇ ਪਹਿਲੇ ਵਿਆਹ ਵਿਚੋਂ ਦੋ ਪੁੱਤਰ ਸਨ ਅਤੇ ਪਹਿਲੀ ਪਤਨੀ ਗੁਜ਼ਰ ਚੁਕੀ ਸੀ, ਦੇ ਘਰ 'ਉਂਜ ਹੀ ਬੈਠ' ਗਈ ਸੀ। ਇਸ ਜਾਇਜ਼/ਨਜਾਇਜ਼ ਸੰਬੰਧ ਵਿਚੋਂ ਚਰਨੋ ਦਾ ਪਤੀ ਜੈਲਾ ਪੈਦਾ ਹੋਇਆ ਸੀ।

ਚਰਨੋ ਦੇ ਮਤਰੇਏ ਜੇਠ ਜੈਲੇ ਨੂੰ ਆਪਣੇ ਬਾਪੂ ਦੀ ਜਾਇਜ ਔਲਾਦ ਨਹੀਂ ਮੰਨਦੇ ਸਨ। ਇਸ ਲਈ ਉਹ ਉਸ ਨੂੰ 'ਬਰਾਬਰ ਦੀ ਢੇਰੀ' ਦੇਣ ਦੇ ਹੱਕ ਵਿਚ ਨਹੀਂ ਸੀ। ਚਰਨੋ ਦੇ ਵਿਆਹ ਮਗਰੋਂ ਇਹ ਬਹਿਸ ਹੋਰ ਗੰਭੀਰ ਰੂਪ ਲੈ ਗਈ, ਖਾਸ ਕਰ ਉਦੋਂ ਜਦੋਂ ਚਰਨੋ ਨੇ ਪੁੱਤਰ ਨੂੰ ਜਨਮ ਦਿੱਤਾ।

ਚਰਨੋ ਦੇ ਸਹੁਰੇ ਘਰ ਵਿਚ ਕਿਸੇ ਸਮੇਂ ਕੋਟਲੇ ਵਾਲੇ ਪੀਰ ਦੀ ਜੋਤ ਲੱਗਦੀ ਹੁੰਦੀ ਸੀ ਪਰ 'ਸਿੱਖੀ' ਖਿਆਲ ਵਿਚ ਆ ਜਾਣ ਕਰਕੇ ਚਰਨੋ ਦੇ ਸਹੁਰਿਆਂ ਨੇ 'ਪੀਰ ਦੀ ਮੰਨਤਾ ਛੱਡੀ ਹੋਈ' ਸੀ। ਚਰਨੋ ਦੇ ਦੱਸਣ ਅਨੁਸਾਰ ਪੀਰ ਉਸਦੇ ਸਹੁਰੇ ਪਰਿਵਾਰ ਤੇ 'ਕੁੰਟ' ਗਿਆ ਸੀ। ਇਸੇ ਕਾਰਨ ਚਰਨੋ ਦੇ ਇਕ ਜੇਠ ਵਿਚ 'ਪੀਰ ਦਾ ਅਸਰ' ਆਉਂਦਾ ਸੀ ਤੇ ਅਸਰ ਹੇਠ ਉਹ ਸਿਰ ਮਾਰ ਮਾਰ ਕੇ 'ਖੇਡਦਾ' ਹੁੰਦਾ ਸੀ।

ਇੱਕ ਦਿਨ ਜੈਲਾ ਦਾ ਚਰਨੋ ਦੇ ਜੇਠ ਨਾਲ ਕੋਈ ਝਗੜਾ ਹੋ ਗਿਆ। ਚਰਨੋ ਦਾ ਜੇਠ ਗੁੱਸੇ ਵਿਚ ਆ ਕੇ 'ਖੇਡਣ' ਲੱਗ ਪਿਆ। ਚਰਨੋ ਦੇ ਪਤੀ ਜੈਲੇ ਨੇ ਉਸਨੂੰ ਪਖੰਡੀ ਕਹਿ ਕੇ ਥੱਪੜ ਮਾਰ ਦਿੱਤਾ। ਉਸੇ ਵੇਲੇ ਚਰਨੋ ਦੇ ਜੇਠ ਨੂੰ ਛੱਡਕੇ 'ਪੀਰ ਦੀ ਹਵਾ' ਜੈਲੇ ਦੇ ਸਿਰ ਵਿਚ ਆ ਗਈ ਅਤੇ ਉਹ 'ਖੇਡਣ' ਲੱਗ ਪਿਆ। ਜੈਲਾ ਬਿਮਾਰ ਰਹਿਣ ਲੱਗ ਪਿਆ ਅਤੇ ਦਿਨਾਂ ਵਿਚ ਹੀ ਉਸਦੀ ਸਿਹਤ ਨਿਘਰ ਗਈ। ਬੜੀਆਂ ਭੁਲਾਂ ਬਖ਼ਸ਼ਾਈਆਂ ਪਰ ਜੈਲੇ ਦੀ ਹਾਲਤ ਵਿਚ ਸੁਧਾਰ ਨਾ ਹੋਇਆ।

ਜੈਲਾ ਇਸੇ ਹਾਲਤ ਵਿਚ ਹੀ ਕਈ ਸਾਲ ਜਿਉਂਦਾ ਰਿਹਾ। ਚਰਨੋ ਤੇ ਜੈਲੇ ਦੇ ਤਿੰਨ ਪੁੱਤਰ ਪੈਦਾ ਹੋਏ। ਵਿਚਕਾਰਲਾ ਪੁਤਰ ਇਸੇ ਕਸਰ ਵਿਚ ਹੀ ਮਰ ਗਿਆ। ਮਗਰੋਂ ਜੈਲਾ ਵੀ ਮਰ ਗਿਆ। ਜੈਲੇ ਦੀ ਮੌਤ ਮਗਰੋਂ ਚਰਨੋ ਵਿਚ 'ਪੀਰ ਦਾ ਹਵਾ' ਪ੍ਰਵੇਸ਼ ਕਰ ਗਈ।

ਅਸਲ ਵਿਚ ਪੀਰ ਚਰਨੋ ਤੇ ਵੀ ਕੁੰਟਿਆ ਹੋਇਆ ਸੀ। ਚਰਨੋ ਦੇ ਪੇਕੇ ਘਰ ਪੀਰਾਂ ਦੀ ਮੰਨਤਾਂ ਨਹੀਂ ਹੁੰਦੀ ਸੀ ਇਸ ਲਈ ਪੀਰਾਂ ਬਾਰੇ ਚਰਨੋ ਨੂੰ ਕੁਝ ਵੀ ਪਤਾ ਨਹੀਂ ਸੀ। ਚਰਨੋ ਦੀ ਸੱਸ ਮਰ ਚੁੱਕੀ ਸੀ ਅਤੇ ਜਿਠਾਣੀਆਂ ਨਾਲ ਉਸਦੀ ਬਣਦੀ ਨਹੀਂ ਸੀ। ਘਰ ਦੇ 'ਵਿਹਾਰ' ਸਮਝਾਉਣ ਵਾਲੀ ਕੋਈ ਸਿਆਣੀ ਔਰਤ ਉਨ੍ਹਾਂ ਦੇ ਸਰੀਕੇ ਵਿਚ ਵੀ ਨਹੀਂ ਸੀ। ਚਰਨੋ ਨੇ ਦੱਸਿਆ ਕਿ ਪੀਰਾਂ ਨੂੰ ਮੰਨਣ ਵਾਲੇ ਲੋਕਾਂ ਨੇ ਵਿਆਹ ਦੀ 'ਸੁਖ' ਮਲੇਰਕੋਟਲੇ ਵਿਚ ਸਥਿਤ ਹੈਦਰ ਸ਼ੇਖ ਦੇ ਅਸਥਾਨ ਤੇ ਜਾ ਕੇ ਦੇਣੀ ਹੁੰਦੀ ਹੈ। ਜਦੋਂ ਤੱਕ ਇਹ 'ਸੁੱਖ' ਲਾਹੀ ਨਹੀਂ ਜਾਂਦੀ, ਵਿਆਹੀ ਔਰਤ ਹੱਥਾਂ ਤੇ ਮਹਿੰਦੀ ਨਹੀਂ ਲਾ ਸਕਦੀ। ਪਰ ਚਰਨੋ ਦੀ ਉਮਰ ਵੀ ਛੋਟੀ ਸੀ ਅਤੇ ਉਸਨੂੰ ਕੁਝ ਦੱਸਣ ਵਾਲਾ ਵੀ ਕੋਈ ਨਹੀਂ ਸੀ। ਚਰਨੋ ਨੇ ਆਪਣੇ ਪੇਕੇ ਪਿੰਡ ਕਿਸੇ ਕੁੜੀ ਦੇ ਵਿਆਹ ਤੇ ਗਈ ਨੇ ਮਹਿੰਦੀ ਲਾ ਲਈ ਸੀ ਬਸ ਇਸ 'ਭੁਲ ਚੁਕ' ਨੂੰ ਪੀਰ ਨੇ ਮਾਫ਼ ਨਹੀਂ ਕੀਤਾ।

ਚਰਨੋ ਕਾਫੀ ਚਿਰ ਮਲੇਰਕੋਟਲੇ ਪੀਰ ਦੀ ਦਰਗਾਹ ਤੇ ਜਾਂਦੀ ਰਹੀ। ਆਖ਼ਰ ਉਸਦੀ ਭੁੱਲ ਬਖ਼ਸ਼ੀ ਗਈ। ਪਰ ਉਦੋਂ ਤਕ ਚਰਨੋ ਦਾ ਬਹੁਤ ਨੁਕਸਾਨ ਹੋ ਚੁੱਕਾ ਸੀ। ਇੱਕ ਪੁੱਤਰ ਅਤੇ ਪਤੀ ਦੀ ਮੌਤ ਹੋ ਚੁੱਕੀ ਸੀ। ਪਰ ਹੁਣ ਪੀਰ ਦੇ ਮਨ ਵਿਚ ਸ਼ਾਇਦ ਦਇਆ ਆ ਗਈ ਸੀ। ਉਸਨੇ ਚਰਨੋ ਨੂੰ ਮਾਫ਼ ਕਰ ਦਿੱਤਾ। ਚਰਨੋ ਦੀ ਕਸਰ ਰਾਜੀ ਹੋ ਗਈ ਪਰ ਪੀਰ ਵਲੋਂ ਉਸਨੂੰ ਵੀਰਵਾਰ ਨੂੰ ਚੌਂਕੀ ਲਾਉਣ ਦਾ ਹੁਕਮ ਹੋ ਗਿਆ।

ਇਕ ਤਾਂ ਚਰਨੋ ਦੀ ਆਪਣੀ ਕੇਸ ਹਿਸਟਰੀ ਬੜੀ ਵਿਸਤ੍ਰਿਤ ਸੀ। ਦੂਜਾ ਪੀਰਾਂ ਫ਼ਕੀਰਾਂ ਅਤੇ ਮਾਤਾ ਮਸਾਣੀਆਂ ਬਾਰੇ ਉਸਦੀ ਜਾਣਕਾਰੀ ਬੜੀ ਹੀ ਅਮੀਰ ਸੀ। ਮੈਂ ਚਰਨੋ ਕੋਲ ਆਪਣਾ ਕਾਫ਼ੀ ਸਮਾਂ ਬਿਤਾ ਚੁੱਕੀ ਸਾਂ। ਉਸ ਤੋਂ ਪਰਾਭੌਤਿਕ ਵਰਤਾਰਿਆਂ ਬਾਰੇ ਮੈਂ ਬਹੁਤ ਕੁਝ ਸੁਣਿਆ ਸੀ। ਗੁਰਦੀਪ ਸਿੰਘ ਤੋਂ ਇਲਾਵਾ ਚਰਨੋ ਹੀ ਸੀ ਜਿਸਨੂੰ ਇਸ ਖੇਤਰ ਦੀ ਏਨੀ ਵਿਸਤ੍ਰਿਤ ਜਾਣਕਾਰੀ ਸੀ। ਪੀਰਾਂ ਫ਼ਕੀਰਾਂ ਦੇ ਸੁਭਾਅ ਬਾਰੇ ਚਰਨੋ ਦੀਆਂ ਗੱਲਾਂ ਬੜੀਆਂ ਰੌਚਕ ਹੁੰਦੀਆਂ ਅਤੇ ਏਨੀਆਂ ਜੀਉਂਦੀਆਂ ਜਾਗਦੀਆਂ ਕਿ ਮੈਂ ਖ਼ੁਦ 'ਇਨ੍ਹਾਂ ਚੀਜ਼ਾਂ' ਨੂੰ ਆਪਣੇ ਆਲੇ ਦੁਆਲੇ ਵਿਚ ਵਸਦੀਆਂ ਮਹਿਸੂਸ ਕਰਨ ਲੱਗ ਪਈ ਸਾਂ।

ਇਕ ਦਿਨ ਮੈਂ ਡਰਦਿਆਂ ਡਰਦਿਆਂ ਚਰਨੋ ਨੂੰ ਕਿਹਾ ਕਿ ਮੈਂ ਪੀਰਾਂ ਦਾ 'ਅਸਰ' ਚਰਨੋ ਵਿਚ ਆਉਂਦਾ ਦੇਖਣਾ ਚਾਹੁੰਦੀ ਸਾਂ। ਮੈਂ ਚਰਨੋ ਦੇ ਗੁੱਸੇ ਤੋਂ ਵਾਕਫ਼ ਸੀ। ਜੇਕਰ ਕਿਸੇ ਨੂੰ ਚਰਨੋ ਨੇ 'ਪੁਛਿਆ ਦੇਣ' ਤੋਂ ਨਾਂਹ ਕਰਨੀ ਹੁੰਦੀ ਤਾਂ ਉਹ ਇਸ ਗੱਲ ਦੀ ਪਰਵਾਹ ਨਹੀਂ ਕਰਦੀ ਸੀ ਕਿ ਅਗਲਾ ਕਿੰਨੀ ਦੂਰ ਤੋਂ ਅਤੇ ਕਿੰਨੀ ਕੁ ਆਸ ਲੈ ਕੇ ਆਇਆ ਸੀ। ਉਸਨੇ ਮੇਰੇ ਬੈਠਿਆਂ ਹੀ ਕਈ ਲੋਕਾਂ ਨੂੰ ਇਹ ਕਹਿਕੇ ਮੋੜ ਦਿੱਤਾ ਸੀ ਕਿ 'ਪੁਛਿਆ ਦੇਣ ਨਾਲ ਮੇਰੇ ਆਪਣੇ ਬੱਚਿਆਂ ਤੇ 'ਕੱਸ' (ਕਸਰ) ਪੈਂਦੀ ਐ।' ਪਰ ਮੇਰੀ ਗੱਲ ਨੂੰ ਉਸਨੇ ਇਕਦਮ ਮੰਨ ਲਿਆ।

"ਤੈਂ ਬੀਬੀ ਨੌਕਰੀ ਬਾਰੇ ਪੁੱਛਣਾ ਹੋਊਗਾ,"

"ਹਾਂ,"

ਮੈਂ ਕਹਿ ਦਿੱਤਾ। ਉਸ ਦਿਨ ਸ਼ਾਇਦ ਵੀਰਵਾਰ ਤਾਂ ਨਹੀਂ ਸੀ ਪਰ ਚਰਨੋ ਕੇਸੀਂ ਨਹਾ ਕੇ ਬਾਹਰਲਾ ਦਰਵਾਜ਼ਾ ਬੰਦ ਕਰ ਆਈ। ਗਿੱਲੇ ਵਾਲਾਂ ਨਾਲ ਉਸਨੇ ਜੋਤ ਲਾਈ ਅਤੇ ਮੈਨੂੰ ਕਹਿ ਦਿੱਤਾ ਕਿ ਜਦੋਂ 'ਪੀਰ ਆਵੇਗਾ' ਤਾਂ ਮੈਂ ਆਪਣੀ ਨੌਕਰੀ ਬਾਰੇ ਪੁੱਛ ਲਵਾਂ।

ਮੇਰੇ ਲਈ ਇਹ ਅਸਲੋਂ ਹੀ ਨਵਾਂ ਤਜਰਬਾ ਸੀ। ਮੇਰੇ ਮਨ ਵਿਚ ਕੁਝ ਕੁਝ ਡਰ ਵੀ ਸੀ ਅਤੇ ਉਤਸੁਕਤਾ ਵੀ। ਚਰਨੋ ਦੇ ਜੋਤ ਲਾਉਂਦਿਆਂ ਹੀ ਉਸ ਵਿਚ ਪੀਰ ਦਾ ਅਸਰ ਆ ਗਿਆ ਅਤੇ ਉਹ ਜ਼ੋਰ ਜ਼ੋਰ ਨਾਲ ਸਿਰ ਘੁਮਾਉਣ ਲੱਗੀ। ਚਰਨੋ ਦੇ 15 ਕੁ ਸਾਲਾਂ ਦੇ ਮੁੰਡੇ ਨੇ ਉਸਦੇ ਸਿਰ ਦੇ ਪੱਲੇ ਨੂੰ ਦੀਵੇ ਦੀ ਲੋਅ ਤੋਂ ਬਚਾਇਆ ਅਤੇ 'ਪੀਰ' ਨੂੰ ਪੁੱਛਿਆ,

"ਬਾਬਿਓ ਖ਼ੁਸ਼ੀ ਗੈਲ ਆਏਓਂ?"

ਇਥੇ ਮੈਂ ਸਪਸ਼ਟ ਕਰ ਦੇਵਾ ਕਿ 'ਪੀਰ' ਨੂੰ ਬੁਲਾ ਕੇ ਪੁਛਿਆ ਲੈਣ ਤੋਂ

ਪਹਿਲਾਂ ਉਸਦੀ ਇੱਛਾ ਤਿੰਨ ਵਾਰੀ ਪੁੱਛਣੀ ਜਰੂਰੀ ਹੁੰਦੀ ਹੈ। ਹੋ ਸਕਦਾ ਹੈ ਕਿ 'ਪੀਰ' ਆਪਣੀ ਮਰਜ਼ੀ ਨਾਲ ਨਾ ਆਇਆ ਹੋਵੇ। ਅਜਿਹੀ ਸ਼ਰਤ ਵਿਚ ਉਹ ਖੁਸ਼ੀ ਨਾਲ ਤੁਹਾਡੀਆਂ ਸਮੱਸਿਆਵਾਂ ਦੇ ਸਮਾਧਾਨ ਨਹੀਂ ਕਰੇਗਾ, ਸਗੋਂ ਹੋ ਸਕਦਾ ਹੈ ਕਿ ਉਹ ਤੁਹਾਡੇ ਲਈ ਕੋਈ ਨਵੀਂ ਮੁਸੀਬਤ ਹੀ ਖੜ੍ਹੀ ਕਰ ਜਾਵੇ। ਚਰਨੋ ਦੇ ਮੁੰਡੇ ਨੇ ਜਦੋਂ ਤੀਜੀ ਵਾਰੀ ਪੁਛਿਆ ਕਿ 'ਬਾਬਿਓ ਖੁਸ਼ੀ ਗੈਲ ਆਏਓਂ' ਤਾਂ ਚਰਨੋ ਦੇ ਮੂੰਹੋਂ 'ਪੀਰ ਦੀ ਆਵਾਜ਼' ਆਈ,

"ਸਾਡਾ ਤੀਸਰਾ ਬਚਨ ਹੈ ਅਸੀਂ ਸੱਤ ਵਾਰੀ ਖੁਸ਼ੀ ਗੈਲ ਆਏ ਹਾਂ।"

ਮੇਰੇ ਤੋਂ ਤਾਂ ਠੀਕ ਤਰ੍ਹਾਂ ਕੁਝ ਪੁਛਿਆ ਨਾ ਗਿਆ। ਪਰ ਚਰਨੋ ਦੇ ਮੁੰਡੇ ਨੇ ਮੇਰਾ ਪ੍ਰਸ਼ਨ 'ਪੀਰ' ਕੋਲੋਂ ਪੁੱਛ ਲਿਆ। ਚਰਨੋ (ਪੀਰ) ਨੇ ਕਿਹਾ ਕਿ ਕੋਰਸ ਪੂਰਾ ਹੋਣ ਤੋਂ ਇਕਦਮ ਮਗਰੋਂ ਮੈਨੂੰ ਨੌਕਰੀ ਮਿਲ ਜਾਵੇਗੀ। ਇਹ ਕਹਿ ਕੇ ਚਰਨੋ ਦੇ ਸਿਰ ਦੇ ਘੁੰਮਣ ਦੀ ਰਫ਼ਤਾਰ ਹੌਲੀ ਹੋ ਗਈ ਅਤੇ ਮੂੰਹ ਵਿਚੋਂ ਹਵਾ ਦੀ ਸਾਂ ਸਾਂ ਵਰਗੀ ਆਵਾਜ਼ ਆਈ। ਕੁਝ ਹੀ ਮਿੰਟਾਂ ਵਿਚ ਚਰਨੋ ਸਧਾਰਨ ਜਹੀ ਲੱਗਣ ਲੱਗ ਪਈ। ਹਵਾ ਦੀ ਸਾਂ ਸਾਂ ਚਰਨੋ ਦੇ ਦੱਸਣ ਅਨੁਸਾਰ 'ਪੀਰ' ਦੇ ਜਾਣ ਦੀ ਆਵਾਜ਼ ਸੀ, ਜੋ ਕਿ 'ਨੀਲੇ ਘੋੜੇ ਤੇ ਸਵਾਰ' ਹੋ ਕੇ ਆਉਂਦਾ ਸੀ।

ਚਰਨੋ ਵਰਗੀ ਖਾਲਸ ਪੇਂਡੂ ਔਰਤ ਮੈਨੂੰ ਪਿੰਡ ਵਿਚ ਹੋਰ ਕੋਈ ਨਹੀਂ ਲੱਗੀ ਸੀ। ਮੇਰੇ 'ਮਤਲਬ' ਦੀਆਂ ਗੱਲਾਂ ਦਾ ਉਂਜ ਵੀ ਖਜ਼ਾਨਾ ਸੀ ਚਰਨੋ ਕੋਲ। ਪਰਾਭੌਤਿਕ ਵਰਤਾਰਿਆਂ ਬਾਰੇ ਮੇਰੇ ਮਨ ਵਿਚ ਕਈ ਪ੍ਰਸ਼ਨ ਵੀ ਉਸੇ ਦੀਆਂ ਗੱਲਾਂ ਦੀ ਮਹੀਨਤਾ ਬਾਰੇ ਸੋਚ ਸੋਚ ਕੇ ਪੈਦਾ ਹੁੰਦੇ। ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉਤਰ ਮੈਂ ਚਰਨੋ ਕੋਲੋਂ ਅਤੇ ਹੋਰ ਉਤਰਦਾਤਾਵਾਂ ਕੋਲੋਂ ਪੁੱਛੇ। ਪਰ ਇਸ ਤਰ੍ਹਾਂ ਦੀ ਜਾਣਕਾਰੀ ਦਾ ਆਦਿ ਚਰਨੋ ਤੋਂ ਹੋਇਆ। ਚਰਨੋ ਦੀਆਂ ਦੱਸੀਆਂ ਗੱਲਾਂ ਮੈਂ ਉਸਦੇ ਸਾਹਮਣੇ ਹੀ ਜਾਂ ਘਰ ਆ ਕੇ ਨੋਟ ਕਰ ਲੈਂਦੀ।

ਚਰਨੋ ਦਾ ਮਕਾਨ ਕੱਚਾ ਸੀ ਅਤੇ ਉਸ ਵਿਚ ਕੋਈ ਬਿਜਲੀ ਦਾ ਪੱਖਾ ਵੀ ਨਹੀਂ ਲੱਗਿਆ ਹੋਇਆ ਸੀ। ਗਰਮੀਆਂ ਦੀਆਂ ਦੁਪਹਿਰਾਂ ਨੂੰ ਮੈਂ ਆਪਣਾ ਅੱਧਾ ਕੁ ਕੰਮ ਮੁਕਾ ਕੇ ਚਰਨੋ ਕੋਲ ਬਹਿ ਕੇ ਰੋਟੀ ਖਾਣ ਚਲੀ ਜਾਂਦੀ। ਚਰਨੋ ਮੈਨੂੰ ਇਸਰਾਰ ਕਰਦੀ "ਜਾ ਬੀਬੀ ਸਾਹਮਣੇ ਬੱਖਲੋ ਕੇ ਬੈਠ ਕੇ ਘੜੀ ਪਲ ਆਰਾਮ ਕਰ ਲੈ, ਦੇਖ ਗਰਮੀ ਨਾਲ ਬੁਰਾ ਹਾਲ ਹੋਇਆ ਪਿਐ। ਪਰ ਮੈਂ ਉਸਦੀਆਂ ਗੱਲਾਂ ਦੀ ਕੀਲੀ ਹੋਈ ਗਰਮੀ ਵਿਚ ਹੀ ਬੈਠੀ ਰਹਿੰਦੀ। ਉਂਜ ਵੀ ਹੁਣ ਮੈਨੂੰ ਗਰਮੀ ਸਰਦੀ ਤੋਂ ਵੱਧ ਆਪਣੇ ਕੰਮ ਦਾ ਧਿਆਨ ਹੁੰਦਾ ਸੀ। ਮੇਰੇ ਮਨ ਦੇ ਖੇੜੇ ਨੂੰ ਕਿਸੇ ਹੱਦ ਤੱਕ ਚਰਨੋ ਵੀ ਸਮਝਦੀ ਸੀ ਪਰ ਮੈਨੂੰ ਪਸੀਨੇ ਨਾਲ ਗੜੁੱਚ ਦੇਖ ਕੇ ਉਹ ਕਹਿੰਦੀ,

"ਭਲਾ ਸਾਡੀ ਤਾਂ ਇਹੀਓ ਕਿਸਮਤ ਐ, ਤੂੰ ਕਿਉਂ ਐਵੇਂ ਗਰਮੀ 'ਚ ਮਰਦੀ

ਐਂ।”

ਸੱਚਮੁੱਚ ਚਰਨੋ ਦਾ ਗੁਜ਼ਾਰਾ ਔਖਾ ਸੀ। ਪੱਖਾ ਤਾਂ ਕੀ ਬਿਜਲੀ ਦਾ ਕੁਨੈਕਸ਼ਨ ਵੀ ਨਹੀਂ ਸੀ ਉਹਦੇ ਘਰ।

ਮੈਂ ਹੱਸ ਪੈਂਦੀ,

"ਚਲੋ ਆਪਾਂ ਵੀ ਪੱਖਾ ਲਵਾ ਲਵਾਂਗੇ।"

"ਇਸ ਟੁੱਟੇ ਜਿਹੇ ਮਕਾਨ ਵਿਚ ?"

"ਮਕਾਨ ਵੀ ਨਵਾਂ ਬਣਾ ਲਵਾਂਗੇ ਹੋਰ ਕੁਝ ਚਾਹੀਦੈ ?"

ਮੈਂ ਬਨਾਵਟੀ ਜਹੀ ਆਵਾਜ਼ ਵਿਚ ਕਹਿੰਦੀ ਤੇ ਅਸੀਂ ਦੋਵੇਂ ਹੱਸ ਪੈਂਦੀਆਂ।

ਮੇਰੇ ਫੀਲਡ ਵਰਕ ਦੇ ਅੰਤ ਤੱਕ ਚਰਨੋ ਦਾ ਮਕਾਨ ਵੀ ਪੱਕਾ ਬਣ ਗਿਆ ਅਤੇ ਪੱਖੇ ਵੀ ਲੱਗ ਗਏ। ਉਸਦੇ ਮੁੰਡੇ ਦੇ ਵਿਆਹ ਗਈ ਨੂੰ ਮੈਨੂੰ ਚਰਨੋ ਨੇ ਕਿਹਾ,

"ਬੀਬੀ ਤੇਰੀ ਖਾਤਰ ਤਾਂ ਮੈਂ ਸੋਨੇ ਦੀਆਂ ਵਾਲੀਆਂ ਕਰਾਊਂਗੀ।"

ਉਹ ਲੋਕਾਂ ਨੂੰ ਦੱਸਦੀ,

"ਕੰਨਿਆ ਦੇਵੀ ਦੇ ਬੋਲਾਂ ਨੂੰ ਮੇਰਾ ਮਕਾਨ ਛੱਤਿਆ ਗਿਆ ਤੇ ਬਿਜਲੀ ਵੀ ਲੱਗ ਗਈ। ਬਚਾਰੀ ਮੇਰੇ ਨਾਲ ਗਰਮੀ 'ਚ ਬੈਠੀ ਰਹਿੰਦੀ ਸੀ।"

ਪਰ ਚਰਨੋ ਕੋਲ ਬਹਿ ਕੇ ਮੈਂ ਜਿੰਨਾ ਕੁਝ ਲਿਖਿਆ ਗਰਮੀ ਸਰਦੀ ਦਾ ਅਹਿਸਾਸ ਉਸ ਵਿਚ ਆੜੇ ਨਹੀਂ ਆ ਸਕਦਾ ਸੀ। ਚਰਨੋ ਇਕ ਮਹਾਨ ਕੋਸ਼ ਸੀ ਜਿਸਦਾ ਅੱਖਰ ਅੱਖਰ ਮੈਂ ਪੜ੍ਹਨ ਦੀ ਕੋਸ਼ਿਸ਼ ਕੀਤੀ। ਮੇਰੇ ਲਿਖਦਿਆਂ ਬਹੁਤੀ ਵਾਰੀ ਕੁਝ ਹੋਰ ਔਰਤਾਂ ਵੀ ਚਰਨੋ ਦੇ ਘਰ ਆ ਕੇ ਬੈਠ ਜਾਂਦੀਆਂ। ਹੁਣ ਤੱਕ ਮੇਰਾ ਪ੍ਰਸ਼ਨ ਪੁੱਛਣ ਦਾ ਝਾਕਾ ਵੀ ਖੁੱਲ੍ਹ ਚੁੱਕਾ ਸੀ ਅਤੇ ਕਿਸੇ ਦੇ ਉੱਤਰ, ਕਿਸੇ ਦੀ ਕੇਸ ਹਿਸਟਰੀ ਜਾਂ ਕਿਸੇ ਦੀ ਆਮ ਗੱਲਬਾਤ ਵਿਚੋਂ ਵੀ ਮੈਂ ਆਪਣੇ ਮਤਲਬ ਦੀਆਂ ਗੱਲਾਂ ਛਾਂਟ ਕੇ ਲਿਖ ਲੈਂਦੀ ਸਾਂ।

ਇੰਟਰਵਿਊ ਸ਼ੈਡਿਊਲ ਦੇ ਸਿੱਧੇ ਸਪਾਟ ਪ੍ਰਸ਼ਨਾਂ ਨਾਲ ਮੇਰਾ ਤਜਰਬਾ ਮਾੜਾ ਹੀ ਰਿਹਾ। ਚਾਹੇ ਸਮਾਜ ਵਿਗਿਆਨ ਦੇ ਆਧੁਨਿਕ ਰਿਵਾਜਾਂ ਵਿਚ ਫੀਲਡ ਵਰਕ ਦਾ ਬੜਾ ਮਹੱਤਵ ਹੈ, 'ਰਿਸਰਚ ਫੀਲਡ ਬੜਾ ਵੱਡਾ ਹੋਵੇ, ਇੰਟਰਵਿਊ ਸ਼ੈਡਿਊਲ ਬਹੁਤੀ ਗਿਣਤੀ ਵਿਚ ਭਰੇ ਜਾਣ' ਅਜਿਹੀਆਂ ਗੱਲਾਂ ਨੂੰ ਬੇਲੋੜੀ ਅਹਿਮੀਅਤ ਦਿੱਤੀ ਜਾਂਦੀ ਹੈ। ਜੇਕਰ ਇੰਟਰਵਿਊ ਸ਼ੈਡਿਊਲ ਹੀ ਭਰਨੇ ਹੁੰਦੇ ਤਾਂ ਫਿਰ ਕਾਹਦੀ ਗੱਲ ਸੀ। ਪਰ ਮੇਰੀ ਤਸੱਲੀ ਇਸ ਨਾਲ ਨਹੀਂ ਹੁੰਦੀ ਸੀ। ਜੇਕਰ ਇੰਟਰਵਿਊ ਸ਼ੈਡੀਊਲਾਂ ਦੀ ਗਿਣਤੀ ਕਰਦੀ ਤਾਂ ਉਦੋਂ ਤੱਕ ਤਾਂ ਕੋਈ ਨਿੱਗਰ ਪ੍ਰਾਪਤੀ ਹੈ ਹੀ ਨਹੀਂ ਸੀ ਕਿਉਂਕਿ ਰਸਮੀ ਜਿਹੀ ਇੰਟਰਵਿਊ ਵਿਚੋਂ ਕੋਈ ਵੀ ਚੀਜ਼ ਹੱਥ ਪੱਲੇ ਨਾ ਪੈਂਦੀ।

ਇਹ ਠੀਕ ਹੈ ਕਿ 'ਕਤਾਬ ਬਣਾਉਣ ਖ਼ਾਤਰ ਮਾਰੇ ਮਾਰੇ ਫਿਰਨ' ਦੇ ਮੇਰੇ ਮਿਹਨਤੀ ਸੁਭਾਅ ਨੇ ਪਿੰਡ ਦੇ ਬਹੁਤ ਸਾਰੇ ਲੋਕਾਂ ਨੂੰ ਮੁਤਾਸਿਰ ਕਰ ਲਿਆ ਸੀ। ਚਰਨੋ ਨੂੰ ਤਾਂ ਮੇਰੀ ਇਸ 'ਭਕਾਈ' ਤੇ ਹਰਖ ਵੀ ਆ ਜਾਂਦਾ,

"ਬੀਬੀ ਅਜੇ ਕੈ ਕੁ ਘਰ ਲਿਖਣੇ ਰਹਿ ਗਏ?"

"ਅਜੇ ਤਾਂ ਅੱਧਾ ਪਿੰਡ ਪਿਐ।"

"ਨਾ ਜਾਇਵਢਿਆ ਨੂੰ ਐ ਨਹੀਂ ਦੀਂਹਦਾ ਬਈ ਕਮਾਰੀ ਕੁੜੀ ਐਹੁ ਜੀਆਂ ਗੱਲਾਂ ਕਿਮੇਂ ਲਿਖ ਕੇ ਲਿਆਊਗੀ।"

ਮੈਂ ਹੱਸ ਪੈਂਦੀ। ਚਰਨੋ ਆਪਣੀ ਗੱਲ ਜਾਰੀ ਰੱਖਦੀ,

"ਮੈਨੂੰ ਮਿਲਜੇ ਨਾ ਜਾਇ.....ਤੇਰਾ ਮਾਟ੍ਰਰ, ਉਨੂੰ ਸਮਾਰ ਕੇ ਪੁੱਛਾਂ ਬਈ ਸਾਡੀਓ ਬੀਬੀ ਥਿਆਈ ਤੀ ਤੈਨੂੰ, ਏਹੁ ਜ੍ਹੇ ਚੰਦਰੇ ਕੰਮਾਂ ਖਾਤਰ?"

ਹੋਰ ਵੀ ਬਹੁਤ ਸਾਰੇ ਉਤਰਦਾਤਾ ਚਰਨੋ ਜਹੀਆਂ ਟਿੱਪਣੀਆਂ ਕਰਦੇ, ਪਰ ਮੇਰੇ ਸ਼ੁਭਚਿੰਤਕਾਂ ਦੀਆਂ ਮੇਰੇ ਕੰਮ ਬਾਰੇ ਕੀਤੀਆਂ ਗਈਆਂ ਟਿੱਪਣੀਆਂ ਮੇਰਾ ਕੁਝ ਸੰਵਾਰ ਨਹੀਂ ਰਹੀਆਂ ਸਨ। ਹੁਣ ਅਚੇਤ ਤੇ ਸੁਚੇਤ ਦੋਹਾਂ ਪੱਧਰਾਂ ਤੇ ਮੇਰੇ ਉਤਰਦਾਤਾ ਮੈਨੂੰ ਜਾਣਕਾਰੀ ਦੇਣ ਲਈ ਰਾਜੀ ਸਨ। ਪਰ ਸਪਾਟ ਜਹੇ ਪ੍ਰਸ਼ਨ ਜਿੰਨੀ ਤੇਜ਼ੀ ਨਾਲ ਉਨ੍ਹਾਂ ਕੋਲ ਜਾਂਦੇ, ਉਨੀ ਤੇਜ਼ੀ ਨਾਲ ਪੇਤਲਾ ਜਿਹਾ ਉਤਰ ਲੈ ਕੇ ਮੇਰੇ ਕੋਲ ਮੁੜ ਆਉਂਦੇ।

"ਸੁੱਖ ਸੁਖਦੇ ਹੁੰਦੇ ਓਂ?"

"ਸੁਖ ਲੈਨੇ ਆ ਕਦੀ ਕਦੀ। ਕਦੀ ਪੂਰੀ ਹੋ ਜਾਂਦੀ ਐ ਕਦੀ ਨਹੀਂ ਬੀ ਹੁੰਦੀ।"

"ਬਮਾਰ ਹੋਏ ਤੇ ਕੀ ਤੁਸੀਂ ਅਰਦਾਸ ਕਰਦੇ ਓ?"

"ਕਹਿ ਦੇਈ ਦੈ ਹੇ ਸੱਚੇ ਪਾਤਛਾ, ਸੁਖ ਦੇਈਂ।"

ਇਹੋ ਜਿਹੇ ਉਤਰ ਲਗਪਗ ਸਾਰੇ ਹੀ ਲੋਕ ਦੇਂਦੇ।

"ਧਾਗੇ, ਤਵੀਤਾਂ ਵਿਚ ਵਿਸ਼ਵਾਸ ਕਰਦੇ ਓ?"

ਮੇਰਾ ਪ੍ਰਸ਼ਨ ਸੁਣਦਿਆਂ ਹੀ ਲੋਕ ਕਹਿੰਦੇ,

"ਨਾ ਬੀਬੀ ਮੈਂ ਨੀ ਏਹ ਜੇ ਕੰਮ ਕਦੇ ਕੀਤੇ।"

ਮੈਨੂੰ ਮਗਰੋਂ ਸਮਝ ਆਈ ਕਿ 'ਇਹੋ ਜਿਹੇ' ਕੰਮਾਂ ਤੋਂ ਭਾਵ 'ਟੂਣੇ' ਕਰਨ ਤੋਂ ਲਿਆ ਜਾਂਦਾ ਸੀ। ਜਦੋਂ ਮੈਨੂੰ ਧਾਗੇ ਤਵੀਤਾਂ ਵਾਲਾ ਇਹ ਪ੍ਰਸ਼ਨ ਸਮਝਾਉਣਾ ਆ ਗਿਆ ਤਾਂ ਉਤਰ ਮਿਲਣ ਲੱਗ ਪਿਆ,

"ਬੀਬੀ ਦੁੱਖ ਹੋਏ ਤੋਂ ਸਾਰਾ ਕੁਸ਼ ਈ ਕਰਨਾ ਪੈਂਦੈ, ਆਪਣੇ ਭਲੇ ਖਾਤਰ।"

ਉਤਰਦਾਤਾਵਾਂ ਦੇ 'ਭਲੇ ਬਾਰੇ' ਤਾਂ ਅਜੇ ਮੈਨੂੰ ਕੋਈ ਬਹੁਤਾ ਇਲਮ ਨਹੀਂ ਹੋਇਆ ਸੀ ਪਰ ਆਪਣੇ ਕੰਮ ਦੇ ਭਲੇ ਬਾਰੇ ਮੈਂ ਹੁਣ ਵਧੇਰੇ ਗੰਭੀਰਤਾ ਨਾਲ ਸੋਚਣ ਲੱਗ ਪਈ ਸਾਂ। ਮੈਂ ਸਮਝ ਰਹੀ ਸਾਂ ਕਿ ਆਰੰਭਕ ਮੁਸ਼ਕਲਾਂ ਅਤੇ ਸ਼ੰਕਿਆਂ ਵਿਚੋਂ ਉਬਰ ਕੇ ਆਖਰ ਮੈਂ ਹੁਣ ਪਿੰਡ ਦੀ ਰੁਟੀਨ ਦਾ ਅਹਿਮ ਹਿੱਸਾ ਬਣਦੀ ਜਾ ਰਹੀ ਸਾਂ। ਮੇਰੇ ਪਿੰਡ ਦੇਰ ਨਾਲ ਪਹੁੰਚਣ ਤੇ ਕੁਝ ਲੋਕ ਮੈਨੂੰ ਬਸ ਅੱਡੇ ਤੇ ਉਡੀਕਦੇ ਮਿਲਦੇ ਅਤੇ ਮੈਨੂੰ ਆਪਦੀਆਂ ਗੱਲਾਂ ਨਾਲ ਘੇਰ ਲੈਂਦੇ। ਅਜਿਹੇ ਝੁੰਡ ਵਿਚ ਹਰ ਵਾਰੀ ਕੁਝ ਨਵੇਂ ਲੋਕ ਸ਼ਾਮਲ ਹੁੰਦੇ ਜਿਹੜੇ ਮੈਨੂੰ ਮਿਲਣ ਦੀ ਉਤਸੁਕਤਾ ਨਾਲ ਬੱਸ ਅੱਡੇ ਤੇ ਖੜ੍ਹੇ ਹੁੰਦੇ। ਮੈਂ ਨਿਸ਼ਚਿਤ ਬਸ ਚੋਂ ਨਾ ਉਤਰਦੀ ਤਾਂ ਉਹ ਫ਼ਿਕਰ ਕਰਨ ਲੱਗ ਜਾਂਦੇ। ਮੈਂ ਇਕ ਦੋ ਛੁੱਟੀਆਂ ਕਰ ਲੈਂਦੀ ਤਾਂ ਉਹ ਦੱਸਦੇ ਕਿ ਉਹ ਮੇਰੀਆਂ ਹੀ ਗੱਲਾਂ ਕਰਦੇ ਰਹਿੰਦੇ ਸਨ।

ਆਰੰਭ ਵਿਚ ਮੈਂ ਅਮਰੋ ਬੀਬੀ ਜਾਂ ਉਨ੍ਹਾਂ ਦੀਆਂ ਕੁੜੀਆਂ ਨਾਲ ਹੀ ਹੋਰ ਘਰਾਂ ਵਿਚ ਲਿਖਣ ਲਈ ਜਾਂਦੀ ਸਾਂ ਛੇਤੀ ਹੀ ਮੈਨੂੰ ਮਹਿਸੂਸ ਹੋਣ ਲੱਗ ਪਿਆ ਕਿ ਅਜਿਹਾ ਕਰਨਾ ਠੀਕ ਨਹੀਂ ਸੀ। ਮੇਰੇ ਅਜਿਹਾ ਸੋਚਣ ਦੇ ਕਈ ਆਧਾਰ ਸਨ। ਇਕ ਤਾਂ ਇਹੀ ਸੀ ਕਿ ਅਮਰੋ ਬੀਬੀ ਦੇ ਪਰਿਵਾਰ ਦਾ ਪ੍ਰਭਾਵ 'ਪੜ੍ਹੇ ਲਿਖੇ' ਲੋਕਾਂ ਵਾਲਾ ਸੀ। ਮੇਰੇ ਉਨ੍ਹਾਂ ਦੇ ਘਰ ਬਹੁਤਾ ਆਉਣ ਜਾਣ ਜਾਂ ਉਨ੍ਹਾਂ ਦੇ ਨਾਲ ਜਾਂ ਉਨ੍ਹਾਂ ਦੇ ਰਾਹੀਂ ਹੋਰ ਲੋਕਾਂ ਦੇ ਘਰ ਜਾਣ ਦੇ ਕਾਰਨ ਬਹੁਤੇ ਲੋਕ ਇਹ ਸਮਝਣ ਲੱਗ ਪਏ ਸਨ ਕਿ ਮੈਂ ਸ਼ਾਇਦ 'ਪੜ੍ਹੇ ਲਿਖੇ' ਜਾਂ 'ਚੰਗੇ ਚੰਗੇ ਘਰਾਂ' ਤੋਂ ਹੀ ਪੁੱਛਕੇ ਆਪਣੀ ਕਿਤਾਬ ਬਣਾ ਰਹੀ ਸਾਂ। ਨਿਸਚੇ ਹੀ ਅਜਿਹਾ ਪ੍ਰਭਾਵ ਮੈਨੂੰ ਕੁਝ ਹੋਰ ਲੋਕਾਂ ਤੋਂ ਦੂਰ ਕਰ ਰਿਹਾ ਸੀ ਅਤੇ ਉਨ੍ਹਾਂ ਵਿਚ ਹੀਣਤਾ ਭਾਵ ਵੀ ਪੈਦਾ ਕਰ ਰਿਹਾ ਸੀ। ਇਸ ਗੱਲ ਦਾ ਮੈਨੂੰ ਜਲਦੀ ਹੀ ਪਤਾ ਲਗ ਗਿਆ। ਅਮਰੋ ਬੀਬੀ ਦੇ ਘਰ ਤੱਕ ਆਉਂਦੀ ਜਾਂਦੀ ਨੂੰ ਮੈਨੂੰ ਲੋਕ ਅਕਸਰ ਹੀ ਬੁਲਾ ਲੈਂਦੇ, ਅਤੇ 'ਲੰਘ ਆਉਣ' ਦਾ ਇਸਰਾਰ ਕਰਦੇ। ਬਹੁਤੀ ਵਾਰੀ ਹੁੰਦਾ ਇੰਜ ਸੀ ਕਿ ਮੈਂ ਕਿਸੇ ਵਿਸ਼ੇਸ਼ ਘਰ ਵਿਚ ਜਾ ਕੇ ਲਿਖਣ ਦਾ ਪ੍ਰੋਗਰਾਮ ਅਮਰੋ ਬੀਬੀ ਨਾਲ ਪਹਿਲਾਂ ਹੀ ਤੈਅ ਕੀਤਾ ਹੁੰਦਾ ਜਾਂ ਫਿਰ ਕਿਸੇ ਘਰ ਵਿਚ ਇਸ ਸਬੰਧੀ ਸੁਨੇਹਾ ਵੀ ਭੇਜਿਆ ਹੋਇਆ ਹੁੰਦਾ। ਇਸ ਲਈ ਮੈਂ ਬੁਲਾਉਣ ਵਾਲੇ ਨੂੰ ਕਹਿ ਦੇਂਦੀ ਕਿ ਮੈਂ ਉਨ੍ਹਾਂ ਦੇ ਘਰ ਫਿਰ ਕਿਸੇ ਦਿਨ ਆਵਾਂਗੀ। ਅਜਿਹਾ ਅਕਸਰ ਹੀ ਹੋ ਜਾਂਦਾ ਸੀ। ਇਸ ਲਈ ਕੁਝ ਔਰਤਾਂ ਨੇ ਮੈਨੂੰ ਸਾਫ਼ ਹੀ ਕਹਿ ਦਿੱਤਾ ਸੀ,

"ਲੈ ਐਮੀ ਸਾਡਾ ਮਨ ਰੱਖਣ ਨੂੰ ਕਹਿਦੀ ਐ ਬਈ ਆਮਾਂਗੀ।"

"ਸਾਨੂੰ ਪਤੈ ਤੂੰ ਅਮਰੋ ਬੀਬੀ ਗੈਲ ਚੰਗੇ ਚੰਗੇ ਘਰਾਂ ਵਿਚ ਜਾਂਨੀਂ ਐਂ।"

ਮੈਂ ਸੁਚੇਤ ਹੋ ਗਈ ਕਿ ਮੈਨੂੰ ਪਿੰਡ ਵਿਚ ਆਪਣਾ ਇਮੇਜ ਅਮਰੋ ਬੀਬੀ ਦੇ ਸੰਦਰਭ ਵਿਚ ਨਹੀਂ ਬਣਾਉਣਾ ਚਾਹੀਦਾ। ਅਮਰੋ ਬੀਬੀ ਦੇ ਰਾਹੀਂ ਲੋਕਾਂ ਦੇ ਘਰਾਂ ਵਿਚ ਆਉਣਾ ਜਾਣਾ ਹੁਣ ਮੇਰੀ ਮਜਬੂਰੀ ਵੀ ਨਹੀਂ ਸੀ ਰਿਹਾ। ਮੈਨੂੰ ਪਿੰਡ ਦੇ ਲਗਪਗ ਸਾਰੇ ਰਸਤੇ ਯਾਦ ਹੋ ਗਏ ਸਨ। ਬਹੁਤ ਸਾਰੇ ਲੋਕ ਮੈਨੂੰ ਜਾਣਨ ਲੱਗ ਪਏ ਸਨ ਅਤੇ ਉਨ੍ਹਾਂ ਵਿਚੋਂ ਬਹੁਤ ਸਾਰੇ ਮੇਰੇ ਕੰਮ ਦੀ ਨੇਚਰ ਨੂੰ ਵੀ ਕਿਸੇ ਹੱਦ ਤੱਕ ਸਮਝਦੇ ਸਨ।

ਅਮਰੋ ਬੀਬੀ ਦੇ ਨਾਲ ਲੋਕਾਂ ਦੇ ਘਰ ਆਉਣ ਜਾਣ ਦੀ ਬਜਾਏ ਲੋਕਾਂ ਨਾਲ ਸਿੱਧਾ ਸੰਪਰਕ ਬਣਾਉਣ ਦੀ ਇਸ ਲੋੜ ਨੂੰ ਇਉਂ ਮਹਿਸੂਸ ਕਰਨ ਦਾ ਇੱਕ ਹੋਰ

ਵੀ ਆਧਾਰ ਸੀ ਅਤੇ ਮੇਰੀ ਜਾਚੇ ਇਹ ਗੱਲ ਹੋਰ ਵੀ ਮਹੱਤਵਪੂਰਨ ਸੀ। ਮੈਂ ਆਪਣੇ ਖੋਜ ਕਾਰਜ ਲਈ ਘਰਾਂ ਦੀ ਚੋਣ ਮੁੱਖ ਤੌਰ ਤੇ ਪੰਮੀ ਦੇ ਰਜਿਸਟਰਾਂ ਤੋਂ ਕੀਤੀ ਸੀ। ਚਾਹੇ ਮੈਂ ਆਪਣੇ ਸਮਾਜ ਵਿਗਿਆਨਕ ਆਧਾਰ ਤੇ ਇਹ ਚੋਣ ਸਿਧਾਂਤਕ ਤੌਰ ਤੇ ਹਰ ਤੀਜੇ ਘਰ ਦੀ ਕੀਤੀ ਸੀ, ਪਰ ਫੇਰ ਵੀ ਕੁਝ ਵਿਸ਼ੇਸ਼ ਘਰਾਂ ਦੀ ਚੋਣ ਤੇ ਅਮਰੋ ਬੀਬੀ ਨੇ ਮੈਨੂੰ ਅਰੰਭ ਵਿਚ ਹੀ ਟੋਕਿਆ ਸੀ,

"ਇਹ ਘਰ ਤਾਂ ਤੂੰ ਰਹਿਣ ਹੀ ਦੇ"

"ਇੱਥੇ ਲਿਖਾਣ ਵਾਲਾ ਵੀ ਕੋਈ ਨਹੀਂ"

"ਇਹ ਕੀ ਲਖਾਣਗੇ"

"ਰੋਟੀ ਤਾਂ ਪੱਕਦੀ ਨ੍ਹੀ ਇਸਤੋਂ, ਲਿਖਾਵੇਗੀ ਕਿਮੇਂ"

ਓਦੋਂ ਮੈਂ ਅਮਰੋ ਬੀਬੀ ਦੀਆਂ ਇਨ੍ਹਾਂ ਗੱਲਾਂ ਦਾ ਕੋਈ ਖਾਸ ਨੋਟਿਸ ਨਹੀਂ ਲਿਆ ਸੀ। ਹਾਲਾਂਕਿ ਓਦੋਂ ਵੀ ਮੈਂ ਸੋਚ ਲਿਆ ਸੀ ਕਿ ਮੈਂ ਇੰਟਰਵਿਊ ਆਪਣੀ ਮਰਜ਼ੀ ਦੇ ਘਰਾਂ ਵਿਚ ਕਰਿਆ ਕਰਾਂਗੀ। ਹੁਣ ਸਭ ਗੱਲਾਂ ਮੇਰੇ ਸਾਹਮਣੇ ਸਪਸ਼ਟ ਹੋ ਗਈਆਂ ਸਨ। ਕੁਝ ਵਿਸ਼ੇਸ਼ ਪਰਿਵਾਰਾਂ ਬਾਰੇ ਅਮਰੋ ਬੀਬੀ ਤੇ ਉਸਦੇ ਪਰਿਵਾਰ ਦੇ ਲੋਕਾਂ ਦੇ ਪੱਖਪਾਤ ਮੇਰੇ ਸਾਹਮਣੇ ਸਨ,

"ਲੈ ਉਸ ਘਰ ਤਾਂ ਤੂੰ ਭਾਵੇਂ ਦਸ ਵਾਰੀ ਜਾ ਕੇ ਲਿਖ ਲੈ, ਮਜਾਲ ਐ ਜੇ ਤੇਰੇ ਦਸ ਵਾਰੀ ਪੁੱਛਣ ਤੇ ਵੀ ਕੋਈ ਮੱਥ ਤੇ ਵੱਟ ਪਾ ਜੇ।"

"ਫਲਾਣਾ ਲਾਣਾ ਤਾਂ ਬੜਾ ਕਸੂਤਾ ਐ ਉੱਥੇ ਨਾ ਬਗਜੀਂ ਕਿਧਰੇ"

"ਉਨ੍ਹਾਂ ਦਾ ਤਾਂ ਬੁੜ੍ਹਾ ਈ ਬੜਾ ਕਨੂੰਨੀ ਐ, ਭਾਵੇਂ ਤੇਰੀਓ ਇੰਟਰਵਿਊ ਲਿਖਲੇ।"

"ਉੱਥੇ ਕੀ ਕਰੇਂਗੀ ਜਾ ਕੇ, ਉਹਨੂੰ ਤਾਂ ਭੋਰਾ ਅਕਲ ਨ੍ਹੀ।"

"ਇਹ ਘਰ ਤਾਂ ਤੂੰ ਰਹਿਣ ਈ ਦੇ"

"ਇਨ੍ਹਾਂ ਦੇ ਨ੍ਹੀ ਜਾਂਦੇ ਹੁੰਦੇ ਅਸੀਂ"

ਇਹੋ ਜਿਹੀਆਂ ਟਿੱਪਣੀਆਂ ਨੇ ਮੈਨੂੰ ਰੁਕ ਕੇ ਸੋਚਣ ਲਈ ਮਜਬੂਰ ਕਰ ਦਿੱਤਾ। ਮੈਨੂੰ ਇਕਦਮ ਖਿਆਲ ਆਇਆ ਕਿ ਮੈਂ ਫੀਲਡ ਵਰਕ ਦੀ ਵਾਗਡੋਰ ਸੁਤੇ ਸਿੱਧ ਅਮਰੋ ਬੀਬੀ ਦੇ ਹੱਥ ਫੜਾ ਦਿੱਤੀ ਸੀ। ਪਰ ਅਜਿਹਾ ਹੋਰ ਕਰਨਾ ਠੀਕ ਨਹੀਂ ਸੀ। ਇਹ ਚੰਗੀ ਗੱਲ ਹੈ ਕਿ ਕਿਸੇ ਵੀ ਘਰ ਜਾਣ ਤੋਂ ਪਹਿਲਾਂ ਉਸ ਘਰ ਦੇ ਚੰਗੇ ਮਾੜੇ ਇਮੇਜ ਬਾਰੇ ਕੁਝ ਤਫ਼ਤੀਸ਼ ਕਰ ਲੈਣੀ ਮੇਰੇ ਭਲੇ ਵਿਚ ਹੀ ਸੀ। ਪਰ ਲੋਕਾਂ ਦੇ ਆਪਸੀ ਪੱਖਪਾਤ ਮੇਰਾ ਕੁਝ ਨਹੀਂ ਸੰਵਾਰਦੇ ਸਨ। ਦੂਜਾ, ਕੁਝ ਲੋਕ ਸਿਰਫ਼ ਅਮਰੋ ਬੀਬੀ ਦੀ 'ਨਜ਼ਦੀਕੀ' ਜਾਂ ਉਸੇ ਦੇ ਘਰ ਆਉਂਦੀ ਜਾਂਦੀ ਹੋਣ ਕਰਕੇ ਮੈਨੂੰ ਰੁੱਖਾ

ਜਿਹਾ ਬੁਲਾਉਂਦੇ ਸਨ ਜਾਂ ਬੁਲਾਉਂਦੇ ਹੀ ਨਹੀਂ ਸਨ। ਕੁਝ ਹੋਰ ਲੋਕ ਮੈਨੂੰ ਪੰਮੀ ਦੀ 'ਇੰਚਾਰਜ ਭੈਣ ਜੀ' ਵੀ ਸਮਝ ਚੁੱਕੇ ਸਨ।

ਮੈਂ ਸਮਝ ਗਈ ਸਾਂ ਕਿ ਅਮਰੋ ਬੀਬੀ ਮੇਰੇ ਵਾਂਗ ਪਿੰਡ ਲਈ 'ਬਾਹਰ ਦਾ ਬੰਦਾ' ਨਹੀਂ ਸੀ। ਪਿੰਡ ਦੇ ਸੰਦਰਭ ਵਿਚ ਅਮਰੋ ਬੀਬੀ ਅਤੇ ਉਸਦੇ ਪਰਿਵਾਰ ਦੀ ਆਪਣੀ ਇਕ ਸੁਤੰਤਰ ਹੋਂਦ ਸੀ, ਆਪਣੇ ਪੱਖਪਾਤ ਸਨ, ਆਪਣੀਆਂ ਤਰਜੀਹਾਂ ਸਨ। ਉਂਜ ਵੀ ਮੇਰੇ ਨਾਲ ਕਿਸੇ ਦੇ ਘਰ ਗਈ ਅਮਰੋ ਬੀਬੀ ਉਥੇ ਕਾਫੀ ਚਿਰ ਜਾਂ ਸਾਰਾ ਸਮਾਂ ਹੀ ਮੇਰੇ ਨਾਲ ਬੈਠੀ ਰਹਿੰਦੀ। ਕਈ ਵਾਰੀ ਉਹ ਮੇਰੇ ਉਤਰਦਾਤਾਵਾਂ ਦੀਆਂ ਗੱਲਾਂ ਨੂੰ ਵਿਚੋਂ ਹੀ ਕਟ ਕੇ ਆਪ ਉਸ ਗੱਲ ਬਾਰੇ ਸਪਸ਼ਟ ਕਰਨ ਲਗ ਜਾਂਦੀ। ਅਮਰੋ ਬੀਬੀ ਪਿੰਡ ਦੀ ਧੀ ਸੀ। ਉਸਦੇ ਅਜਿਹੇ ਵਿਵਹਾਰ ਦੀ ਕੋਈ ਖੁੱਲ੍ਹੀ ਨਿੰਦਾ ਵੀ ਨਹੀਂ ਕਰ ਸਕਦਾ ਸੀ। ਅਮਰੋ ਬੀਬੀ ਤਾਂ ਕਰਹਾਲੀ ਦੀ 'ਬੀਬੀ' ਸੀ ਜਿਸਦੀਆਂ ਨੂੰਹਾਂ ਉਸਦੇ ਪੈਰੀਂ ਹੱਥ ਲਾਉਂਦੀਆਂ ਸਨ ਅਤੇ ਉਚੇਚਾ ਚਾਹ ਪਾਣੀ ਪੁੱਛਦੀਆਂ ਸਨ। ਇਸ ਤੋਂ ਇਲਾਵਾ ਮੈਂ ਇਕ ਗੱਲ ਹੋਰ ਨੋਟ ਕੀਤੀ ਕਿ ਅਮਰੋ ਬੀਬੀ ਦੇ ਬੈਠਿਆਂ ਬਹੁਤੇ ਲੋਕ ਮੇਰੇ ਨਾਲ ਪੂਰੀ ਤਰ੍ਹਾਂ ਖੁੱਲ੍ਹ ਕੇ ਗੱਲ ਨਹੀਂ ਕਰਦੇ ਸਨ। ਕਈ ਵਾਰੀ ਅਮਰੋ ਬੀਬੀ ਮੇਰੇ ਉਤਰਦਾਤਾਵਾਂ ਨਾਲ ਚਾਹੇ ਉਹ ਮਰਦ ਹੁੰਦਾ ਜਾਂ ਔਰਤ ਬਹਿਸ ਵੀ ਪੈਂਦੀ। ਇਸ ਬਹਿਸ ਵਿਚ ਕਈ ਵਾਰੀ ਉਨ੍ਹਾਂ ਦੇ ਘਰੇਲੂ ਸੰਬੰਧਾਂ ਬਾਰੇ ਪੁਰਾਣੀਆਂ ਗੱਲਾਂ ਵੀ ਸ਼ਾਮਲ ਹੋ ਜਾਂਦੀਆ ਸਨ। ਅਜਿਹੇ ਸਮੇਂ ਮੈਨੂੰ ਆਪਣੀ ਪੁਜ਼ੀਸ਼ਨ ਬਚਾਉਣੀ ਔਖੀ ਹੋ ਜਾਂਦੀ ਸੀ। ਜ਼ਾਹਰਾ ਤੌਰ ਤੇ ਅਮਰੋ ਬੀਬੀ ਪਿੰਡ ਦੀ ਧੀ ਹੀ ਸੀ ਪਰ ਅਸਲ ਵਿਚ ਉਸਦਾ ਰੁਤਬਾ ਇਕ ਔਰਤ ਦੇ ਮੁਕਾਬਲੇ ਮਰਦ ਵਾਲਾ ਵਧੇਰੇ ਸੀ। ਇਸਦਾ ਕਾਰਨ ਇਹ ਸੀ ਕਿ ਅਮਰੋ ਬੀਬੀ ਨੂੰ ਬਚਪਨ ਵਿਚ ਦੂਰ ਦੇ ਚਾਚੇ ਤਾਇਆਂ ਨੇ ਪਾਲਿਆ ਸੀ। ਕਿਉਂਕਿ ਬੀਬੀ ਦਾ ਬਾਪੂ ਵੀ ਆਪਣੇ ਮਾਪਿਆਂ ਦੀ ਇਕੱਲੀ ਔਲਾਦ ਸੀ। ਉਸਦੀ ਮੌਤ ਮਗਰੋਂ ਸ਼ਰੀਕੇ ਵਾਲਿਆਂ ਨੇ ਅਮਰੋ ਬੀਬੀ ਦਾ ਵਿਆਹ ਤਾਂ ਕਰ ਦਿੱਤਾ ਸੀ ਪਰ ਉਸ ਦੇ ਹਿੱਸੇ ਦੀ ਜ਼ਮੀਨ ਜਾਇਦਾਦ ਆਪ ਸਾਂਭ ਲਈ ਸੀ। ਜੇਕਰ ਅਮਰੋ ਬੀਬੀ ਪਿੰਡ ਆ ਕੇ ਨਾ ਰਹਿਣ ਲੱਗ ਪੈਂਦੀ ਤਾਂ ਉਸਦੀ ਜਾਇਦਾਦ ਇਕ ਤਰ੍ਹਾਂ ਨਾਲ ਦੱਬੀ ਹੀ ਗਈ ਸੀ। ਜਾਇਦਾਦ ਸਾਂਭਣ ਲਈ ਅਮਰੋ ਬੀਬੀ ਨੂੰ ਆਪਣੇ ਸਹੁਰਿਆਂ ਦੀ ਮਦਦ ਨਾਲ ਸ਼ਰੀਕਾਂ ਦੇ ਵਿਰੁਧ ਮੁਕੱਦਮਾ ਵੀ ਲੜਨਾ ਪਿਆ ਸੀ ਅਤੇ ਉਨ੍ਹਾਂ ਨੂੰ ਡਰਾਉਣਾ ਧਮਕਾਉਣਾ ਵੀ ਪਿਆ ਸੀ। ਇਸ ਲਿਹਾਜ਼ ਨਾਲ 'ਹਿੱਕ ਦੇ ਜੋਰ ਗੈਲ ਸਰੀਕਾਂ ਵਿਚ ਵਸਦੀ' ਅਮਰੋ ਬੀਬੀ ਦਾ ਸਟੇਟੱਸ ਪਿੰਡ ਦੀ ਧੀ ਤੋਂ ਵਧੇਰੇ ਪਿੰਡ ਦੀ ਨੂੰਹ ਵਾਲਾ ਸੀ। ਸੁਭਾਅ ਵੀ ਉਹਨਾਂ ਦਾ ਕੁਝ ਰੋਅਬ ਵਾਲਾ ਸੀ ਅਤੇ ਸਰਕਾਰੀ ਕੰਮਾਂ ਕਾਰਾਂ ਦੀ ਉਨ੍ਹਾਂ ਦੀ ਸਮਝ ਆਪਣੇ ਪਤੀ ਤੋਂ ਵੱਧ ਸੀ।

ਅਮਰੋ ਬੀਬੀ ਦੇ ਪਰਿਵਾਰ ਵਾਂਗ ਪਿੰਡ ਦੇ ਦੋ ਹੋਰ ਪਰਿਵਾਰ ਵੀ 'ਘਰ ਜਮਾਈਆਂ

ਦੇ ਲਾਣੇ' ਸਨ। ਰੋਗ ਦੇ ਸੰਕਲਪਾਂ ਦੇ ਕੁਝ ਵੱਖਰੇ ਜਹੇ ਪੈਟਰਨ ਮੈਨੂੰ ਇਨ੍ਹਾਂ ਪਰਿਵਾਰਾਂ ਕੋਲੋਂ ਮਿਲੇ, ਜਿਹੜੇ ਰੋਚਕ ਵੀ ਸਨ ਅਤੇ ਮੇਰੀ ਸਮਝ ਅਨੁਸਾਰ ਸਾਕਾਦਾਰੀਆਂ ਦੇ ਰੋਗ ਜਹੇ ਵਰਤਾਰੇ ਨਾਲ ਵਿਸ਼ੇਸ਼ ਸੰਬੰਧ ਚੋਂ ਉਪਜੇ ਸਨ।

ਅੱਕੋ ਅਤੇ ਸੰਤੋ ਹੁਰਾਂ ਦੇ ਘਰ ਵੀ ਅਮਰੋ ਬੀਬੀ ਦੇ 'ਗਰੇਵਾਲਾਂ ਕੇ ਲਾਣੇ' ਵਾਂਗ ਉਨ੍ਹਾਂ ਦੇ ਸਹੁਰਿਆਂ ਦੀ ਗੋਤ ਨਾਲ ਹੀ ਜਾਣ ਜਾਂਦੇ ਸਨ। ਅਮਰੋ ਬੀਬੀ ਨੇ ਮੈਨੂੰ ਦੱਸਿਆ ਸੀ ਕਿ ਚਾਹੇ ਉਨ੍ਹਾਂ ਨੇ ਅੱਕੋ ਤੇ ਸੰਤੋ ਵਾਂਗ ਆਪਣੇ ਬਾਪੂ ਦੀ ਜਾਇਦਾਦ ਸਾਂਭੀ ਸੀ ਫੇਰ ਵੀ ਪਿਤਰਾਂ ਦੇ ਵਿਹਾਰ ਕਰਨ ਲਈ ਉਨ੍ਹਾਂ ਨੂੰ 'ਚੌਦਹ-ਮੌਸ' ਨੂੰ ਆਪਣੇ ਸਹੁਰੇ ਪਿੰਡ ਜਾਣਾ ਪੈਂਦਾ ਸੀ। ਜਾਂ ਘੱਟੋ ਘੱਟ ਦੀਵਾਲੀ ਦਾ ਮੱਥਾ ਟੇਕਣ ਤਾਂ ਜਰੂਰ ਹੀ ਜਾਣਾ ਪੈਂਦਾ ਸੀ। ਅਜਿਹੇ ਵਿਹਾਰ ਉਹ ਇਸ ਪਿੰਡ ਵਿਚ ਨਹੀਂ ਕਰ ਸਕਦੇ ਸਨ ਕਿਉਂਕਿ ਉਹਨਾਂ ਦੇ ਪਿਤਰ ਤਾਂ ਉਹਨਾਂ ਦਾ ਸਹੁਰਿਆਂ ਵਾਲੇ ਹੀ ਮੰਨੇ ਜਾਣੇ ਸਨ। ਇਸ ਤਰ੍ਹਾਂ ਮਾਪੇ ਧੀਆਂ ਨੂੰ ਜੱਦੀ ਜਮੀਨ ਤਾਂ ਵਿਰਾਸਤ ਵਿਚ ਦੇ ਸਕਦੇ ਹਨ ਪਰ ਆਪਣੇ ਪਿਤਰ ਨਹੀਂ।

ਇਕ ਵਾਰੀ ਮੈਂ ਇਸ ਸੰਬੰਧੀ ਸੰਤੋ ਅਤੇ ਉਸਦੀ ਮਾਂ ਵਿਚਕਾਰਲੀ ਬਹਿਸ ਵੀ ਸੁਣੀ ਸੀ। ਸੰਤੋ ਦੀ ਮਾਂ 'ਪਾਸੇ' ਜਾ ਰਹੀ ਸੀ। ਸੰਤੋ ਮਾਂ ਨੂੰ ਇਸਰਾਰ ਕਰ ਰਹੀ ਸੀ ਕਿ ਉਹ ਮੱਸਿਆ ਤੋਂ ਪਹਿਲਾਂ ਪਹਿਲਾਂ ਮੁੜ ਆਵੇ। ਸੰਤੋ ਦੀ ਮਾਂ ਨੇ ਕਿਹਾ ਕਿ ਉਂਜ ਤਾਂ ਉਸਨੇ ਮੁੜ ਹੀ ਆਉਣਾ ਸੀ ਪਰ ਫੇਰ ਵੀ ਜੇਕਰ ਉਹ ਪਹੁੰਚ ਨਾ ਸਕੀ ਤਾਂ ਸੰਤੋ 'ਮੱਸਿਆ ਦੀ ਰੋਟੀ' ਖੁਆ ਦੇਵੇ। ਇਸਤੇ ਸੰਤੋ ਨੇ ਕਿਹਾ,

"ਤੇਰੇ ਪਿਤਰ ਮੇਰੇ ਕੀ ਲਗਦੇ ਨੇ ? ਤੂੰ ਆਪਣਿਆਂ ਨੂੰ ਸਾਂਭ ਤੇ ਮੈਂ ਆਪਣਿਆਂ ਨੂੰ। ਮੈਂ ਤੇਰੇ ਪਿਤਰਾਂ ਦੇ ਨਾਂਉਂ ਦੀ ਰੋਟੀ ਖੁਆ ਕੇ ਐਵੇਂ ਵਾਧੂ ਦੀ ਲਗੜ ਕਿਉਂ ਲਵਾਂ ?"

ਇਥੇ ਮੈਂ ਪਾਠਕਾਂ ਦੀ ਰੁਚੀ ਅਤੇ ਜਾਣਕਾਰੀ ਲਈ ਕੁਝ ਸੰਕਲਪ ਸਪਸ਼ਟ ਕਰਨੇ ਚਾਹੁੰਦੀ ਹੈ। ਪਹਿਲਾ ਸੰਕਲਪ ਚੌਦਹ-ਮੌਸ ਦਾ ਹੈ।

ਘਰ ਦੀ ਪ੍ਰਥਾ ਅਨੁਸਾਰ ਪਿੱਤਰਾਂ ਦੇ ਨਾਂ ਤੇ ਕੁਝ ਸੰਸਕਾਰ ਹਨੇਰੀ ਚੌਦੇ, ਮੱਸਿਆ ਜਾਂ ਚਾਨਣੀ ਦਸਵੀਂ ਨੂੰ ਕੀਤੇ ਜਾਂਦੇ ਹਨ। ਇਸ ਦਿਨ ਪਿੱਤਰਾਂ ਦੇ ਨਾਂ ਤੇ ਬ੍ਰਾਹਮਣਾਂ ਨੂੰ ਜਾਂ ਗੁਰਦੁਆਰੇ ਵਿਚ ਰੋਟੀ ਦਿੱਤੀ ਜਾਂਦੀ ਹੈ। ਜਿਸ ਵਿਚ ਖੀਰ ਸ਼ਾਮਲ ਹੁੰਦੀ ਹੈ। ਇਸ ਨੂੰ ਚੌਦਹ-ਮੌਸ ਦੀ ਰੋਟੀ ਕਹਿੰਦੇ ਹਨ। ਕੁਝ ਲੋਕ ਇਹ ਰੋਟੀ ਪੁਰੋਹਤ ਦੀ ਕੰਵਾਰੀ ਕੁੜੀ ਨੂੰ, ਘਰ ਦੀ ਕੰਨਿਆ ਨੂੰ ਜਾਂ ਗੋਤ ਦੇ ਕੰਵਾਰੇ ਮੁੰਡੇ ਨੂੰ ਖੁਆਂਦੇ ਹਨ ਅਤੇ ਦਾਨਪੁੰਨ ਵੀ ਕਰਦੇ ਹਨ।

ਦੂਜਾ ਸੰਕਲਪ 'ਲਗੜ' ਦਾ ਹੈ। ਘਰ ਦੀ ਪ੍ਰਥਾ ਅਨੁਸਾਰ ਹੀ ਪੀਰਾਂ ਫਕੀਰਾਂ ਅਤੇ ਮਾਤਾ ਮਸਾਣੀਆਂ ਦੀ ਪੂਜਾ ਕੀਤੀ ਜਾਂਦੀ ਹੈ। ਇਸ ਸੰਬੰਧ ਵਿਚ ਪੇਕਿਆਂ

ਦੇ ਘਰ ਦੀਆਂ ਪ੍ਰਥਾਵਾਂ ਤੋਂ ਕੰਵਾਰੀਆਂ ਕੁੜੀਆਂ ਨੂੰ ਦੂਰ ਹੀ ਰੱਖਿਆ ਜਾਂਦਾ ਹੈ। ਉਨ੍ਹਾਂ ਨੂੰ ਬਸੰਤੀ ਮਾਤਾ ਦੇ ਨਾਂ ਤੇ ਪਕਣ ਵਾਲੇ ਥੰਮ੍ਹ, ਪੀਰਾਂ ਦੇ ਰੋਟ, ਚੂਰਮੇ ਜਾਂ ਕਿਸੇ ਅਜਿਹੀ ਭੇਟ ਵਿਚੋਂ ਕੋਈ ਹਿੱਸਾ ਖਾਣ ਲਈ ਨਹੀਂ ਦਿੱਤਾ ਜਾਂਦਾ। ਪੀਰਾਂ ਦੀਆਂ ਜੋਤਾਂ ਲਾਉਣ ਵੇਲੇ ਕੁੜੀਆਂ ਨੂੰ ਘਰੋਂ ਬਾਹਰ ਭੇਜ ਦਿੱਤਾ ਜਾਂਦਾ ਹੈ ਅਤੇ ਜੇਕਰ ਉਹ ਇਨ੍ਹਾਂ ਜੋਤਾਂ ਦੇ ਸਾਹਮਣੇ ਗਲਤੀ ਨਾਲ ਵੀ ਆ ਜਾਣ ਤਾਂ ਪੀਰਾਂ ਤੋਂ ਇਹ 'ਭੁੱਲ-ਚੁੱਕ' ਤੁਰੰਤ ਹੀ 'ਬਖ਼ਸ਼ਾ' ਲਈ ਜਾਂਦੀ ਹੈ।

ਘਰ ਦੇ ਪਿੱਤਰਾਂ, ਪੀਰਾਂ-ਫ਼ਕੀਰਾਂ ਜਾਂ ਮਾਤਾ-ਮਸਾਣੀਆਂ ਦੇ ਸਤਿਕਾਰ ਵਿਚ ਕੀਤੇ ਸੰਸਕਾਰਾਂ ਵਿਚ ਘਰ ਦੇ ਮੁੰਡਿਆਂ ਦੀ ਸ਼ਮੂਲੀਅਤ ਜਿੰਨੀ ਜ਼ਰੂਰੀ ਹੁੰਦੀ ਹੈ, ਉਨਾ ਹੀ ਇਸ ਗੱਲ ਦਾ ਵੀ ਧਿਆਨ ਰੱਖਿਆ ਜਾਂਦਾ ਹੈ ਕਿ ਘਰ ਦੀਆਂ ਧੀਆਂ ਨੂੰ ਇਨ੍ਹਾਂ ਸੰਸਕਾਰਾਂ ਤੋਂ ਦੂਰ ਰੱਖਿਆ ਜਾਵੇ। ਅਜਿਹਾ ਕਰਨ ਪਿੱਛੇ ਇਹ ਵਿਸ਼ਵਾਸ ਹੈ ਕਿ ਕੰਵਾਰੀਆਂ ਕੁੜੀਆਂ 'ਪਰਾਇਆ ਧਨ' ਹੁੰਦੀਆਂ ਹਨ ਇਸ ਤਰ੍ਹਾਂ ਸਿਰਫ਼ ਉਨਾਂ ਦੇ ਸਹੁਰਿਆਂ ਦੇ ਘਰ ਵਿਚ ਪੂਜੇ ਜਾਂਦੇ ਪੀਰ-ਫਕੀਰਾਂ ਦਾ ਹੀ ਉਨ੍ਹਾਂ ਕੋਲੋਂ ਮੱਥਾ ਟਿਕਵਾਣ ਅਤੇ ਭੇਟਾ ਲੈਣ ਦਾ ਹੱਕ ਹੁੰਦਾ ਹੈ। ਜੇਕਰ ਉਹ ਆਪਣੇ ਪੇਕੇ ਘਰ ਵਿਚ ਅਜਿਹਾ ਕਰਦੀਆਂ ਹਨ ਤਾਂ ਉਹ ਪੀਰ-ਫ਼ਕੀਰ ਭਵਿੱਖ ਵਿਚ ਵੀ ਉਨ੍ਹਾਂ ਤੋਂ ਮੰਨਤਾਂ ਦੀ ਆਸ ਰੱਖਦਾ ਹੈ। ਇਸ ਤਰ੍ਹਾਂ ਉਨ੍ਹਾਂ ਲਈ ਇਕ ਕਸੂਤੀ ਜਿਹੀ ਸਥਿਤੀ ਪੈਦਾ ਹੋ ਜਾਂਦੀ ਹੈ। ਪੀਰ ਫ਼ਕੀਰ, ਜਿਸ ਦੀ ਉਹ ਇਕ ਵਾਰੀ ਪੂਜਾ ਕਰ ਚੁੱਕੀਆਂ ਹੋਣ, ਭਵਿਖ ਵਿਚ ਉਨ੍ਹਾਂ ਦੇ ਅਜਿਹਾ ਨਾ ਕਰਨ ਦੀ ਸੂਰਤ ਵਿਚ ਉਨਾ ਨੂੰ 'ਦੁੱਖ' ਦੇਂਦਾ ਹੈ। ਉਧਰ ਸਹੁਰਿਆਂ ਦੇ ਘਰ ਦੀ ਪ੍ਰਥਾ ਬਿਨਾਂ ਉਹ ਕਿਸੇ ਪੀਰ ਫ਼ਕੀਰ ਨੂੰ ਮੱਥਾ ਨਹੀਂ ਟੇਕ ਸਕਦੀਆਂ। ਇਸ ਲਈ ਅਜਿਹੀਆਂ ਪ੍ਰਥਾਵਾਂ ਵਿਚ ਕੁੜੀਆਂ ਨੂੰ ਖਾਹਮਖਾਹ ਫਸਣ ਤੋਂ ਬਚਾਇਆ ਜਾਂਦਾ ਹੈ। ਅਜਿਹੀਆਂ ਪ੍ਰਥਾਵਾਂ ਵਿਚ ਖਾਹਮਖਾਹ ਫੱਸਣ ਨੂੰ ਹੀ 'ਲਗੜ' ਕਹਿੰਦੇ ਹਨ।

ਮੰਗੀ ਹੋਈ ਕੁੜੀ ਵੀ ਵਿਆਹੀ ਕੁੜੀ ਵਾਂਗ ਆਪਣੇ ਸਹੁਰਿਆਂ ਦੇ ਘਰ ਪੂਜੇ ਜਾਂਦੇ ਪੀਰ ਫ਼ਕੀਰਾਂ ਦੇ ਨਾਂ ਤੇ ਮੱਥਾ ਟੇਕ ਸਕਦੀ ਹੈ ਕਿਉਂਕਿ "ਮੰਗਣੇ ਦੇ ਬੋਹੀਏ" ਰਾਹੀਂ ਸਹੁਰਿਆਂ ਦੇ ਸਾਰੇ ਪੀਰ ਫ਼ਕੀਰ ਵੀ ਉਸ ਨੂੰ ਮਿਲ ਜਾਂਦੇ ਹਨ। ਉਦਾਹਰਣ ਲਈ ਜੇਕਰ ਕਿਸੇ ਮੰਗੀ ਹੋਈ ਕੁੜੀ ਨੂੰ 'ਬਸੰਤੀ' ਨਿਕਲ ਆਵੇ ਤਾਂ ਉਸਦੇ ਪੇਕੇ ਘਰ ਦੀ ਚਾਹੇ ਇਸ ਸੰਬੰਧੀ ਕੋਈ ਵੀ ਪ੍ਰਥਾ ਹੋਵੇ ਪਰ ਉਸਦੇ ਸਹੁਰੇ ਘਰ ਉਚੇਚਾ ਸੁਨੇਹਾ ਭੇਜ ਕੇ ਇਸ ਸੰਬੰਧੀ 'ਉਨ੍ਹਾਂ ਦਾ ਵਿਹਾਰ' ਪੁਛਿਆ ਜਾਂਦਾ ਹੈ ਅਤੇ ਮੱਥਾ ਟੇਕਣ ਲਈ ਦਾਣੇ ਆਦਿ ਵੀ ਉਥੋਂ ਹੀ ਮੰਗਵਾਏ ਜਾਂਦੇ ਹਨ। ਵਿਆਹ ਤੋਂ ਮਗਰੋਂ ਮਾਪਿਆਂ ਦੀ ਜਾਇਦਾਦ ਸਾਂਭਣ ਵਾਲੀਆਂ 'ਪਿੰਡ ਦੀਆਂ ਧੀਆਂ' ਦਾ ਪੀਰਾਂ ਫ਼ਕੀਰਾਂ ਦੀ ਮੰਨਤਾਂ ਸੰਬੰਧੀ ਸਟੇਟੱਸ ਵੀ ਲਗਪਗ ਕੰਵਾਰੀਆਂ ਕੁੜੀਆਂ ਵਾਲਾ ਹੀ ਹੁੰਦਾ ਹੈ।

ਮਾਪਿਆਂ ਦੀ ਜਾਇਦਾਦ ਸਾਂਭਣ ਵਾਲੀਆਂ ਕੁੜੀਆਂ ਦੇ ਬਿਮਾਰੀ ਸਮੇਂ ਮਾਪਿਆਂ ਦੀ ਸੇਵਾ ਕਰਨ ਦੇ ਪੈਟਰਨ ਵੀ ਕੰਵਾਰੀਆਂ ਅਤੇ ਵਿਆਹ ਮਗਰੋਂ ਸਹੁਰੀ ਰਹਿੰਦੀਆਂ ਕੁੜੀਆਂ ਤੋਂ ਕੁਝ ਭਿੰਨ ਹੁੰਦੇ ਹਨ। ਪਿੰਡ ਦੇ ਸੱਭਿਆਚਾਰ ਵਿਚ ਸਿਧਾਂਤਕ ਤੌਰ ਤੇ ਜਵਾਈ 'ਧੀ ਦੇ ਕੇ ਮਿਲਿਆ ਪੁੱਤਰ' ਹੁੰਦਾ ਹੈ, ਜਿਸ ਉਤੇ ਪੁੱਤਰਾਂ ਵਾਲੇ ਫ਼ਰਜ਼ ਅਤੇ ਹੱਕ ਲਾਗੂ ਹੁੰਦੇ ਹਨ। ਪਰ ਅਮਲੀ ਤੌਰ ਤੇ ਉਹ ਘਰ ਦਾ ਹੀ ਨਹੀਂ ਪਿੰਡ ਦਾ ਵੀ 'ਪ੍ਰਾਹੁਣਾ' ਹੁੰਦਾ ਹੈ। ਫਿਰ ਵੀ ਇਕ 'ਘਰ ਜਵਾਈ' ਤੋਂ ਇਹ ਆਸ ਰੱਖੀ ਜਾਂਦੀ ਹੈ ਕਿ ਉਹ ਬੁਢਾਪੇ ਅਤੇ ਬਿਮਾਰੀ ਵਿਚ ਆਪਣੇ ਸੱਸ ਸਹੁਰੇ ਦੀ 'ਪੁੱਤ ਬਣਕੇ ਹੀ ਸੇਵਾ ਕਰੇ।' ਇਸ ਪ੍ਰਕਾਰ ਜਾਇਦਾਦ ਸਾਂਭਣ ਵਾਲੀਆਂ ਧੀਆਂ ਮਾਪਿਆਂ ਦੀਆਂ ਲੱਤਾਂ ਆਦਿ ਵੀ ਘੁੱਟ ਸਕਦੀਆਂ ਹਨ, ਜੋ ਕੰਵਾਰੀਆਂ ਅਤੇ ਵਿਆਹੀਆਂ ਧੀਆਂ ਲਈ ਉਂਜ ਵਰਜਿਤ ਹਨ ਅਤੇ ਅਜਿਹਾ ਕਰਨਾ ਮਾਪਿਆਂ, ਦੇ ਸਿਰ ਤੇ ਪਾਪ ਸਮਝਿਆ ਜਾਂਦਾ ਹੈ। ਆਪਣੇ ਬਾਪੂ ਦੀਆਂ ਲੱਤਾਂ ਘੁਟਦਿਆਂ ਮੈਨੂੰ ਅੱਕੋ ਨੇ ਇਸ ਸੰਬੰਧੀ ਸਪਸ਼ਟ ਕੀਤਾ,

''ਜੇਕਰ ਮਾਪੇ ਧੀਆਂ ਨੂੰ ਪੁੱਤਰ ਸਮਝ ਕੇ ਆਪਣੀ ਜੱਦੀ ਜਾਇਦਾਦ ਉਨ੍ਹਾਂ ਨੂੰ ਦੇ ਸਕਦੇ ਹਨ ਤਾਂ ਧੀਆਂ ਨੇ ਵੀ ਪੁੱਤਰ ਬਣ ਕੇ ਉਨ੍ਹਾਂ ਦੀ ਸੇਵਾ ਕਰਨੀ ਹੁੰਦੀ ਐ।''

ਹਾਲਾਂਕਿ ਅਜਿਹੇ ਸੰਕੇਤਾਂ ਵਿਚ 'ਜਵਾਈ ਦੇ ਪੁੱਤਰਾਂ ਵਰਗੇ ਵਿਵਹਾਰ' ਦੀ ਵਧੇਰੇ ਤਵੱਕੋ ਹੁੰਦੀ ਹੈ, ਫੇਰ ਵੀ ਕਿਸੇ ਹੱਦ ਤੱਕ ਇਹ ਗੱਲ ਧੀਆਂ ਤੇ ਵੀ ਲਾਗੂ ਹੁੰਦੀ ਹੈ।

ਮੈਂ ਅਮਰੋ ਬੀਬੀ ਅਤੇ ਉਨ੍ਹਾਂ ਦੇ ਪੱਖਪਾਤਾਂ ਤੋਂ ਤਾਂ ਕਿਸੇ ਹੱਦ ਤੱਕ ਉਬਰ ਗਈ ਤੇ ਲੋਕਾਂ ਦੇ ਘਰ ਸੁਤੰਤਰ ਤੌਰ ਤੇ ਆਉਣਾ ਜਾਣਾ ਸ਼ੁਰੂ ਕਰ ਦਿੱਤਾ ਪਰ ਪਿੰਡ ਦੇ ਲੋਕਾਂ ਦੇ ਨਿੱਜੀ ਪੱਖਪਾਤ ਹਾਲੇ ਵੀ ਮੈਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰਦੇ ਰਹਿੰਦੇ ਸਨ। ਲੋਕਾਂ ਨਾਲ ਇੱਕ ਸਹੀ ਤੇ ਸਾਰਥਕ ਸਾਂਝ ਬਣਾਣ ਵਿਚ ਅਜੇ ਵੀ ਮੈਨੂੰ ਕਈ ਮੁਸ਼ਕਿਲਾਂ ਆਈਆਂ। ਇਨ੍ਹਾਂ ਵਿਚੋਂ ਸਭ ਤੋਂ ਵੱਡੀ ਸੀ ਲੋਕਾਂ ਦੇ ਆਮ ਵਿਵਹਾਰ ਦੀ। ਇਸਦੀ ਮੈਨੂੰ ਸ਼ੁਰੂ ਸ਼ੁਰੂ ਵਿਚ ਕੋਈ ਬਹੁਤੀ ਸਮਝ ਨਹੀਂ ਆਉਂਦੀ ਸੀ। ਮੈਂ ਕਿਸੇ ਬੰਦੇ ਨੂੰ ਚੰਗੀ ਭਲੀ ਮਿਲ ਗਿਲ ਕੇ ਆਈ ਹੁੰਦੀ ਅਤੇ ਕਈ ਵਾਰੀ 'ਕੱਲ ਆ ਕੇ ਬਾਕੀ ਗੱਲਾਂ ਲਿਖਣ' ਦੀ ਤਾਕੀਦ ਵੀ ਕਰਕੇ ਆਈ ਹੁੰਦੀ ਪਰ ਅਗਲੇ ਦਿਨ ਮੈਨੂੰ ਘਰ ਆਈ ਨੂੰ ਉਹੀ ਲੋਕ ਚੰਗੀ ਤਰ੍ਹਾਂ ਨਾ ਬੁਲਾਂਦੇ। ਫੇਰ ਮੈਨੂੰ ਕਾਫੀ ਦੇਰ ਬਾਦ ਸਮਝ ਆਉਂਦੀ ਕਿ ਉਨ੍ਹਾਂ ਦੇ ਘਰੋਂ ਮੁੜਦਿਆਂ ਮੈਂ ਕਿਸੇ ਅਜਿਹੇ ਬੰਦਿਆਂ ਨਾਲ ਗੱਲਾਂ ਕਰਦੀ ਰਹੀ ਸਾਂ ਜਿਹੜੇ ਮੇਰੇ ਉਤਰਦਾਤਾ ਅਤੇ ਉਸਦੇ ਪਰਿਵਾਰ ਦੇ 'ਸਿਰ ਦੇ ਵੈਰੀ' ਸਨ। ਇਸੇ ਤਰ੍ਹਾਂ ਕਦੇ ਕਦੇ ਕਿਸੇ ਇੱਕ ਘਰ ਚੋਂ ਨਿਕਲ ਕੇ ਜਦੋਂ ਮੈਂ ਗੁਆਂਢ ਦੇ ਘਰ ਜਾਂਦੀ ਤਾਂ ਅੰਦਰ ਵੜਦਿਆਂ ਹੀ ਮੈਨੂੰ ਸੁਣਨ ਨੂੰ ਮਿਲਦਾ,

"ਕੀ ਕਹਿੰਦੀ ਸੀ ਜਾਇਵਢਿਆ ਦੀ, ਸਾਡੀਆਂ ਹੀ ਚੁਗਲੀਆਂ ਕਰਦੀ ਹੋਣੀ ਐ।"

ਮੈਨੂੰ ਗੱਲ ਅੱਧੀ ਕੁ ਹੀ ਸਮਝ ਪੈਂਦੀ ਪਰ ਕੋਈ ਹੋਰ ਔਰਤ ਆ ਕੇ ਮੈਨੂੰ ਬਰੀ ਵੀ ਕਰਵਾ ਦਿੰਦੀ,

"ਲੈ ਇਸਨੇ ਕੀ ਲੈਣੈ ਐਹਜੀਆਂ ਗੱਲਾਂ ਤੋਂ। ਇਹ ਤਾਂ ਬਚਾਰੀ ਆਪ ਆਪਣੇ ਕੰਮ ਦੀ ਖਾਤਰ ਫਿਰਦੀ ਐ।"

ਹੌਲੀ ਹੌਲੀ ਅਜਿਹੀਆਂ ਗੱਲਾਂ ਸੁਣਨ ਦੀ ਮੈਂ ਆਦੀ ਜਹੀ ਹੋ ਗਈ। ਹੁਣ ਜੇਕਰ ਕੋਈ ਔਰਤ ਮੈਨੂੰ ਅਜਿਹੀਆਂ ਗੱਲਾਂ ਵਿਚ ਉਲਝਾਉਣ ਦੀ ਕੋਸ਼ਿਸ਼ ਕਰਦੀ ਤਾਂ ਮੇਰੇ ਉੱਤੇ ਇਸਦਾ ਖਾਸ ਅਸਰ ਨਾ ਹੁੰਦਾ। ਮੈਂ ਇਹ ਵੀ ਧਿਆਨ ਰੱਖਦੀ ਕਿ ਆਪਸੀ ਝਗੜਿਆਂ ਵਾਲੇ ਦੋ ਜਾਂ ਵੱਧ ਪਰਿਵਾਰਾਂ ਨੂੰ ਮੈਂ ਇੱਕੋ ਦਿਨ ਨਾ ਮਿਲਾਂ ਜਾਂ ਘੱਟੋ ਘਟ ਉਨ੍ਹਾਂ ਨਾਲ ਇਕ ਦੂਜੇ ਦੇ ਘਰ ਦੀ ਕੋਈ ਗੱਲ ਨਾ ਕਰਾਂ। ਮੇਰੀ ਇਸ ਸੂਝ ਭਰੀ ਨੀਤੀ ਨੇ ਲੋਕਾਂ ਦੇ ਮਨਾਂ ਵਿਚ ਮੇਰੀ ਥਾਂ ਬਣਾ ਦਿੱਤੀ ਅਤੇ ਹੌਲੀ ਹੌਲੀ ਮੈਨੂੰ 'ਦੱਸੀਆਂ' ਹਰ ਤਰ੍ਹਾਂ ਦੀਆਂ ਗੱਲਾਂ ਬਾਰੇ ਉਹ ਨਿਸਚਿੰਤ ਰਹਿਣ ਲੱਗ ਪਏ। ਫੇਰ ਵੀ ਮੈਂ ਕਈ ਵਾਰੀ ਅਚੇਤ ਤੌਰ ਤੇ ਹੀ ਇਕ ਘਰ ਵਿਚ ਦੂਜੇ ਘਰ ਤੋਂ ਮਿਲੀ

ਜਾਣਕਾਰੀ ਦਾ ਜ਼ਿਕਰ ਕਰ ਬੈਠਦੀ। ਜੇਕਰ ਦੋਹਾਂ ਉਨ੍ਹਾਂ ਪਰਿਵਾਰਾਂ ਵਿਚ ਕੋਈ ਅਣਬਣ ਹੋਈ ਹੁੰਦੀ ਤਾਂ ਮੇਰਾ ਉਤਰਦਾਤਾ ਕਹਿ ਦੇਂਦਾ,

"ਲੈ ਉਹਨਾਂ ਬੇਅਕਲਾਂ ਨੂੰ ਇਹੋ ਜਿਹੀਆਂ ਗੱਲਾਂ ਦਾ ਕੀ ਪਤੈ"

ਮੈਂ ਮੌਕੇ ਨੂੰ ਸੰਭਾਲਦਿਆਂ ਕਹਿ ਦੇਂਦੀ,

"ਫੇਰ ਤੁਸੀਂ ਕੁਝ ਲਿਖਾ ਦਿਉ ਇਸ ਗੱਲ ਬਾਰੇ"

ਅਜਿਹਾ ਕਹਿਕੇ ਆਪਣੀਆਂ ਖੋਜ ਅਧੀਨ ਵਿਸ਼ੇ ਬਾਰੇ ਨਿੱਕੀਆਂ ਨਿੱਕੀਆਂ ਉਤਸੁਕਤਾਵਾਂ ਸ਼ਾਂਤ ਕਰਨ ਦਾ ਵੀ ਮੈਨੂੰ ਮੌਕਾ ਮਿਲ ਜਾਂਦਾ ਅਤੇ ਦੂਜੇ ਬੰਦੇ ਨੂੰ ਵੀ ਆਪਣੀਆਂ ਲਿਖਾਈਆਂ ਗੱਲਾਂ ਨਾਲ 'ਮੇਰੀ ਕਾਪੀ ਭਰਵਾ ਦੇਣ' ਦਾ ਮਾਣ ਮਿਲ ਜਾਂਦਾ। ਅਕਸਰ ਮੈਨੂੰ 'ਲਿਖਵਾਉਣ' ਤੋਂ ਮਗਰੋਂ ਮੇਰੇ ਉਤਰਦਾਤਾ ਆਪ ਹੀ ਸਮਝ ਜਾਂਦੇ ਕਿ ਮੈਂ ਆਪਣੇ ਕੰਮ ਨਾਲ ਮਤਲਬ ਰੱਖਣ ਵਾਲੀ ਕੁੜੀ ਹਾਂ ਅਤੇ ਮੈਨੂੰ ਲੋਕਾਂ ਦੇ ਆਪਸੀ ਝਗੜਿਆਂ ਵਿਚ ਕੋਈ ਖਾਸ ਰੁਚੀ ਨਹੀਂ ਸੀ। ਹਾਂ, ਜੇਕਰ ਮੇਰੇ ਮਤਲਬ ਦੀ ਜਾਂ ਮੇਰੇ ਸੁਲਝਾਉਣ ਦੀ ਕੋਈ ਗੱਲ ਹੁੰਦੀ ਤਾਂ ਮੈਂ ਕਿਸੇ ਹਦ ਤੱਕ ਇਸ ਵਿਚ ਹਿੱਸਾ ਵੀ ਲੈ ਲੈਂਦੀ ਸਾਂ ਪਰ ਬਹੁਤੇ ਲੋਕ ਮੈਨੂੰ ਆਪ ਹੀ ਇਹੋ ਜਹੀਆਂ ਗੱਲਾਂ ਵਿਚ ਉਲਝਣ ਤੋਂ ਬਚਾ ਲੈਂਦੇ।

ਮੈਨੂੰ ਲੋਕਾਂ ਦੇ ਰੁਝੇਵਿਆਂ ਦਾ ਵੀ ਬਹੁਤ ਧਿਆਨ ਰੱਖਣਾ ਪੈਂਦਾ ਸੀ। ਪਿੰਡ ਵਿਚ ਤਰ੍ਹਾਂ ਤਰ੍ਹਾਂ ਦੇ ਲੋਕ ਸਨ। ਕੁਝ ਤਾਂ ਬਹੁਤ ਸਮਾਜਕ ਜਿਹੇ ਜਿਨ੍ਹਾਂ ਨੇ 'ਗਾਂਹ ਹੋ ਕੇ' ਮੈਨੂੰ ਸਭ ਕੁਝ ਲਿਖਾਇਆ ਸੀ। ਪਰ ਕੁਝ ਦੂਸਰੀ ਕਿਸਮ ਦੇ ਵੀ ਲੋਕ ਸਨ ਜਿਹੜੇ ਆਮ ਤੌਰ ਤੇ ਆਪਣੇ ਕੰਮ ਨਾਲ ਮਤਲਬ ਰੱਖਦੇ ਸਨ। ਇਸ 'ਲਿਖਣ ਵਾਲੇ ਕੰਮ' ਵਿਚ ਦੂਜੀ ਤਰ੍ਹਾਂ ਦੇ ਲੋਕਾਂ ਨੇ ਅਰੰਭ ਵਿਚ ਕੋਈ ਵਿਸ਼ੇਸ਼ ਰੁਚੀ ਵੀ ਨਹੀਂ ਦਿਖਾਈ। ਉਂਜ ਵੀ ਬਿਜਾਈ ਵਢਾਈ ਦੇ ਮੌਸਮਾਂ ਦਾ ਮਰਦਾਂ ਦੀ ਰੁਟੀਨ ਤੇ ਤਾਂ ਕਾਫੀ ਅਸਰ ਪੈਂਦਾ ਹੈ ਪਰ ਔਰਤਾਂ ਦਾ ਨਿਤਨੇਮ ਲਗਪਗ ਹਰ ਮੌਸਮ ਵਿਚ ਇਕੋ ਜਿਹਾ ਹੀ ਰਹਿੰਦਾ ਹੈ। ਪਿੰਡ ਦੀਆਂ ਔਰਤਾਂ ਏਨੀਆਂ ਰੁਝੀਆਂ ਹੁੰਦੀਆਂ ਸਨ ਕਿ ਸ਼ੁਰੂ ਸ਼ੁਰੂ ਵਿਚ ਮੈਨੂੰ ਉਨ੍ਹਾਂ ਨੂੰ ਇਨ੍ਹਾਂ ਰੁਝੇਵਿਆਂ ਵਿਚੋਂ ਆਪਣੇ ਲਈ ਕੁਝ ਘੰਟੇ ਵਿਹਲਾ ਕਰ ਸਕਣਾ ਅਸੰਭਵ ਹੀ ਜਾਪਦਾ ਸੀ। ਮੇਰੀ ਸਮਝ ਅਨੁਸਾਰ ਪਿੰਡ ਵਿਚ ਕਿਸੇ ਘਰ ਦੀ ਅਮੀਰੀ ਗਰੀਬੀ ਜਾਂ ਘਟ ਵੱਧ ਜਮੀਨ ਦਾ ਉਨ੍ਹਾਂ ਦੀ ਰੁਟੀਨ ਤੇ ਕੋਈ ਖਾਸ ਅਸਰ ਨਹੀਂ ਪੈਂਦਾ। ਸਾਰੀਆਂ ਔਰਤਾਂ ਮਰਦਾ ਦੇ ਕੰਮ ਲਗਪਗ ਇਕੋ ਜਿਹੇ ਹੀ ਹੁੰਦੇ ਹਨ। ਉਂਜ ਵੀ ਮੈਨੂੰ ਅਰੰਭ ਵਿਚ ਲੋਕਾਂ ਨਾਲ ਰਸਮੀ ਜਿਹੀ ਗੱਲ ਕਰਨ ਦੀ ਆਦਤ ਸੀ। ਮੈਂ ਆਪਣੇ ਕਾਗ਼ਜ਼ ਪੱਤਰਾਂ ਵਾਲੀ ਫਾਈਲ ਹੱਥ ਵਿਚ ਫੜਕੇ ਕਿਸੇ ਇਕ ਘਰ ਜਾਂਦੀ ਤੇ ਘਰ ਦੀ ਔਰਤ ਨੂੰ ਕਹਿੰਦੀ,

"ਮੈਨੂੰ ਕੁਝ ਲਿਖਾ ਦਿਉ"

ਉਹ ਕਹਿੰਦੀ,

"ਅਜੇ ਤਾਂ ਬੀਬੀ ਘਰ ਦਾ ਕੰਮ ਕਰਨ ਵਾਲਾ ਸਾਰਾ ਈ ਪਿਐ"

ਕੋਈ ਕਹਿੰਦੀ,

"ਮੈਂ ਤਾਂ ਗੋਹਾ ਪਥਣੈ ਕਲ੍ਹ ਦਾ ਵੀ।"

ਕੋਈ ਕਹਿੰਦੀ,

"ਅਜੇ ਤਾਂ ਮੈਂ ਭਾਂਡੇ ਮਾਂਜਦੀਆਂ।"

ਕੋਈ ਹੋਰ ਕਹਿੰਦੀ,

"ਮੈਂ ਤਾਂ ਖੇਤ ਚੱਲੀ ਆਂ, ਮੁੰਡੇ ਰੋਟੀ ਉਡੀਕਦੇ ਹੋਣਗੇ, ਤੂੰ ਬੀਬੀ ਫੇਰ ਆ ਜੀਂ ਕਿਸੇ ਦਿਨ।"

ਮੇਰੇ ਹੱਥ ਵਿਚ ਫੜਿਆ ਟੇਪ ਰਿਕਾਰਡਰ, ਮੇਰੀ ਫਾਈਲ ਤੇ ਮੇਰੀ ਕਲਮ ਉੱਥੇ ਹੀ ਧਰੀ ਧਰਾਈ ਰਹਿ ਜਾਂਦੀ ਅਤੇ ਮੈਂ ਕਈ ਵਾਰੀ ਪਿੰਡੋਂ ਨਿਰਾਸ ਜਿਹੀ ਮੁੜ ਆਉਂਦੀ। ਇਕ ਤੋਂ ਵਧੇਰੇ ਵਾਰੀ ਮੈਂ ਮਹਿਸੂਸ ਕੀਤਾ ਕਿ ਇੰਨੇ ਦਿਨਾਂ ਦੀ ਮਿਹਨਤ ਮਗਰੋਂ ਵੀ ਮੇਰੇ ਹੱਥ ਪੱਲੇ ਕੁਝ ਖਾਸ ਨਹੀਂ ਲੱਗਿਆ ਸੀ। ਖਾਸ ਕਰ ਕੋਈ ਅਜਿਹੀ ਪ੍ਰਾਪਤੀ ਨਹੀਂ ਸੀ ਜਿਸਦੇ ਬਾਰੇ ਮੈਂ ਆਪਣੇ ਨਿਗਰਾਨ ਪ੍ਰੋਫੈਸਰ ਸਾਹਿਬਾਨ ਨੂੰ ਦਸ ਸਕਦੀ। ਉਂਜ ਵੀ ਓਦੋਂ ਤੱਕ ਆਪਣੀਆਂ 'ਅਸਫ਼ਲਤਾਵਾਂ' ਵਿਚ ਲੁੱਕੀਆਂ ਸੰਭਾਵਨਾਵਾਂ ਨੂੰ ਮੈਂ ਦੇਖਣ ਦੀ ਅਜੇ ਸਮੱਰਥ ਨਹੀਂ ਸਾਂ।

ਮੇਰੇ ਲਈ ਲੋਕਾਂ ਦੇ ਰੁਝੇਵਿਆਂ ਦਾ ਧਿਆਨ ਰੱਖਦੇ ਹੋਏ ਆਪਣਾ ਕੰਮ ਕਰਨਾ ਮੁਸ਼ਕਿਲ ਹੋ ਗਿਆ। ਮੈਨੂੰ ਜਾਪਿਆ ਕਿ ਲੋਕ ਤਾਂ ਕਦੇ ਵੀ ਵਿਹਲੇ ਨਹੀਂ ਹੁੰਦੇ। ਫੇਰ ਮੈਂ ਆਪਣਾ ਕੰਮ ਕਦੋਂ ਕਰਾਂਗੀ। ਫੇਰ ਹੌਲੀ ਹੌਲੀ ਮੈਂ ਲੋਕਾਂ ਦੇ ਘਰ ਜਾ ਕੇ 'ਹਾਲ ਚਾਲ' ਪੁੱਛਣ ਤੋਂ ਲੈ ਕੇ ਕਈ ਸਧਾਰਨ ਗੱਲਾਂ ਰਾਹੀਂ ਆਪਣੀ ਗੱਲ ਸ਼ੁਰੂ ਕਰਨ ਲਗ ਪਈ। ਉਨ੍ਹਾਂ ਨੂੰ ਬਿਨਾਂ ਜਤਲਾਇਆਂ ਮੈਂ ਉਨ੍ਹਾਂ ਦਾ ਹੱਥਲਾ ਕੰਮ ਕਰਵਾਉਣ ਲੱਗ ਪੈਂਦੀ, ਚਾਹੇ ਇਹ ਕੰਮ ਭਾਂਡੇ ਮਾਂਜਣ ਜਾਂ ਗੋਹਾ ਪੱਥਣ ਦਾ ਹੀ ਕਿਉਂ ਨਾ ਹੁੰਦਾ। ਇਸੇ ਸਿਲਸਿਲੇ ਵਿਚ ਮੈਂ ਚਰਖਾ ਕੱਤਣ ਅਤੇ ਦਰੀਆਂ ਬੁਣਨ ਵਰਗੇ ਕਈ ਕੰਮਾਂ ਦੀ ਅਰੰਭਕ ਜਾਚ ਵੀ ਸਿਖ ਲਈ। ਕੋਈ ਔਰਤ ਖੇਤ ਜਾ ਰਹੀ ਹੁੰਦੀ ਤਾਂ ਮੈਂ ਵੀ ਉਹਦੇ ਨਾਲ ਹੀ ਖੇਤ ਚਲੀ ਜਾਂਦੀ ਅਤੇ ਰਸਤੇ ਵਿਚ ਉਸ ਨਾਲ ਗੱਲਾਂ ਕਰਦੀ ਰਹਿੰਦੀ।

ਲੋਕਾਂ ਨਾਲ ਇਸ ਤਰ੍ਹਾਂ ਨਿੱਕੇ ਨਿੱਕੇ ਕੰਮ ਕਰਵਾਕੇ ਉਨ੍ਹਾਂ ਨੂੰ ਆਪਣੇ 'ਲਿਖਾਣ ਲਈ ਵਿਹਲਾ ਕਰ ਲੈਣ ਦੀ ਜੁਗਤ' ਚਾਹੇ ਮੇਰੇ ਸੁਭਾਅ ਵਿਚੋਂ ਸਹਿਜ ਜਿਹੇ ਢੰਗ ਨਾਲ ਨਿਕਲੀ ਸੀ ਅਤੇ ਮੈਂ ਸੁਚੇਤ ਪੱਧਰ ਉੱਤੇ ਇਸ ਲਈ ਕੋਈ ਖਾਸ ਯਤਨ ਨਹੀਂ ਕੀਤਾ ਸੀ, ਫੇਰ ਵੀ ਲੋਕਾਂ ਨੂੰ ਇਹ ਗੱਲ ਅਚੰਭਤ ਕਰਦੀ ਸੀ ਕਿ ਮੈਂ 'ਐਨੀਆਂ ਜਮਾਤਾਂ' ਪੜ੍ਹ ਕੇ ਵੀ ਘਰ ਦੇ ਕੰਮ ਕਰਨੇ ਜਾਣਦੀ ਸਾਂ। ਔਰਤਾਂ ਹੁਣ ਤੱਕ ਮੈਨੂੰ 'ਕਿਸੇ ਚੰਗੇ ਰੱਜੇ ਪੁੱਜੇ ਘਰ ਦੀ ਧੀ ਭੈਣ ਸਮਝਦੀਆਂ ਸਨ, ਜਿਸਨੇ ਹਥੀਂ ਕਦੇ ਕੋਈ ਕੰਮ ਨਹੀਂ ਕੀਤਾ ਸੀ।'

ਪਰ ਮੇਰੀਆਂ ਇਹੋ ਜਹੀਆਂ ਸਾਊ ਆਦਤਾਂ ਮੇਰੀ ਪੜ੍ਹਾਈ ਤੋਂ ਮੇਰਾ ਕਲੇਮ ਵੀ ਚੁੱਕੀ ਜਾਂਦੀਆਂ ਸਨ। ਔਰਤਾਂ ਮੇਰੇ ਬਾਰੇ ਬੜੀ ਹੈਰਾਨੀ ਨਾਲ ਗੱਲਾਂ ਕਰਦੀਆਂ,

"ਬੀਬੀ 'ਚ ਤਾਂ ਭੋਰਾ ਮੜ੍ਹਕ ਨ੍ਹੀ, ਨਹੀਂ ਤਾਂ ਸ਼ਹਿਰਾਂ ਦੀਆਂ ਦਸ ਪੜ੍ਹੀਆਂ ਈ ਨੀ ਮਾਣ ਹੁੰਦੀਆਂ।"

ਚਰਨੋ ਨੂੰ ਤਾਂ ਮੇਰੀਆਂ 'ਇੰਨੀਆਂ ਪੁਠੀਆਂ ਆਦਤਾਂ' ਕਰਕੇ ਮੇਰੇ 'ਪੜ੍ਹੇ ਲਿਖੇ ਹੋਣ' ਤੇ ਸ਼ੱਕ ਹੀ ਪੈਂਦਾ ਸੀ। ਉਸਨੇ ਮੈਨੂੰ ਕਈ ਵਾਰ ਸਹੁੰ ਖੁਆ ਕੇ ਪੁੱਛਿਆ ਸੀ,

"ਬੀਬੀ ਸੱਚੀਂ ਦੱਸੀਂ ਤੂੰ ਪੜ੍ਹੀ ਲਿਖੀ ਐਂ ਜਾਂ ਝੂਠ ਬੋਲਦੀ ਐਂ?"

ਮੈਂ ਕਹਿੰਦੀ,

"ਕਿਸੇ ਦਿਨ ਮੇਰੇ ਕਾਲਜ ਆ ਕੇ ਦੇਖ ਲੈਣਾ।"

ਉਹ ਕਹਿੰਦੀ,

"ਨਹੀਂ ਜਦੋਂ ਤੂੰ ਕਾਹਲੀ ਕਾਹਲੀ ਅੰਗਰੇਜ਼ੀ ਲਿਖ ਕੇ ਕਾਪੀ ਜ੍ਹੀ ਭਰ ਲੈਨੀਂ ਐਂ, ਮੈਂ ਤਾਂ ਤੇਰੇ ਅੱਖਰਾਂ ਕੰਨੀਓਂ ਝਾਕਦੀ ਰਹਿੰਨੀ ਆਂ, ਪਰ ਪੜ੍ਹੀਆਂ ਲਿਖੀਆਂ ਤੇਰੇ ਵਰਗੀਆਂ ਨ੍ਹੀ ਹੁੰਦੀਆਂ।"

"ਹੋਰ ਕਿਹੋ ਜੀਆਂ ਹੁੰਦੀਆਂ ਨੇ?"

ਮੈਂ ਹੱਸ ਕੇ ਪੁੱਛਦੀ।

ਚਰਨੋ ਹੀ ਨਹੀਂ ਪਿੰਡ ਦੀਆਂ ਹੋਰ ਔਰਤਾਂ ਵੀ ਮੇਰੇ ਬਾਰੇ ਅਜਿਹੀਆਂ ਹੀ ਟਿੱਪਣੀਆਂ ਕਰਦੀਆਂ। ਉਹ ਮੇਰੇ ਸੁਭਾ ਤੇ ਸਲੀਕੇ ਦਾ ਮੁਕਾਬਲਾ ਪਿੰਡ ਦੇ ਸਕੂਲ ਵਿਚ ਪੜ੍ਹਾਉਣ ਵਾਲੀਆਂ ਅਧਿਆਪਕਾਵਾਂ ਨਾਲ ਕਰਦੀਆਂ।

"ਉਨ੍ਹਾਂ ਨੂੰ ਦੇਖ ਲੈ ਬੱਸ ਚੋਂ ਉਤਰਦੇ ਸਾਰ ਹੁਕਮ ਚਾੜ੍ਹ ਦਿੰਦੀਆਂ ਨੇ। ਤੇ ਇਸ ਨੂੰ ਦੇਖ ਲੈ ਰੋਟੀ ਵੀ ਪਲੇ ਬੰਨ੍ਹ ਲਿਆਉਂਦੀ ਐ।"

"ਕੁਝ ਲੈ ਜੀਂ ਜਾਂਦੀ ਹੋਈ"

ਕੁਝ ਔਰਤਾਂ ਮੈਨੂੰ ਸਾਗ, ਗੰਨੇ ਤੇ ਹੋਰ ਨਿਕਸੁੱਕ ਘਰੀਂ ਲੈ ਜਾਣ ਦੀ ਇਸਰਾਰ ਕਰਦੀਆਂ।

"ਮੈਂ ਕਿਥੇ ਚੁੱਕੀ ਫਿਰਾਂਗੀ"

ਮੈਂ ਕਹਿ ਦੇਂਦੀ,

"ਜਾਂਦੀ ਹੋਈ ਲੈ ਜਾਵਾਂਗੀ"

ਕਹਿਕੇ ਮੈਂ ਉਨ੍ਹਾਂ ਦਾ ਦਿਲ ਰਖਦੀ ਹੋਈ ਹਲੀਮੀ ਨਾਲ ਉਨ੍ਹਾਂ ਨੂੰ ਟਾਲ ਵੀ ਦਿੰਦੀ।

ਚਰਨੋ ਨੂੰ ਮੇਰੇ ਸੁਭਾ ਤੇ ਮਿਠਾ ਜਿਹਾ ਹਰਖ ਵੀ ਆਉਂਦਾ,

"ਪਤਾ ਨ੍ਹੀ ਕੈਹ ਜੇ ਰੱਜੇ ਘਰ ਦੀ ਐ, ਕਿਸੇ ਚੀਜ਼ ਤੇ ਅੱਖ ਈ ਨਹੀਂ ਧਰਦੀ।"

"ਤੁਸੀਂ ਜਦੋਂ ਸ਼ਹਿਰ ਮੈਨੂੰ ਮਿਲਣ ਆਇਆ ਕਰੋਗੇ ਉਦੋਂ ਸਾਗ ਲੈ ਆਉਣਾ।"

ਮੈਂ ਕਹਿ ਦਿੰਦੀ,

"ਆਊਂਗੀ, ਨਾਲੇ ਤੇਰੇ ਮਾਟ੍ਹਰ ਨੂੰ ਵੀ ਮਿਲ ਕੇ ਆਊਂਗੀ। ਪੁੱਛੂੰਗੀ, ਬਈ

ਇਹ ਨਜ਼ਰਾਂ-ਕਸਰਾਂ ਲਿਖਣਾ ਕਮਾਰੀਆਂ ਕੁੜੀਆਂ ਦੇ ਕੰਮ ਹੁੰਦੇ ਨੇ ? ਮੇਰੇ ਮਾਟ੍ਰਰ ਤੇ ਚਰਨੋ ਨੂੰ ਉਚੇਚਾ ਗਿਲਾ ਸੀ, ਜਿਸਨੇ ਸ਼ਾਇਦ ਜਾਣ ਬੁੱਝ ਕੇ ਮੈਨੂੰ ਇਸ ਜੋਖਮ ਭਰੇ ਕੰਮ ਵਿਚ ਪਾਇਆ ਸੀ।

ਪਿੰਡ ਦੇ ਸਭਿਆਚਾਰ ਅਨੁਸਾਰ ਕੰਵਾਰੀਆਂ ਕੁੜੀਆਂ ਦਾ ਪੀਰਾਂ ਫਕੀਰਾਂ ਬਾਰੇ ਇੰਜ ਖੁੱਲ੍ਹੇਆਮ ਗੱਲਬਾਤ ਕਰਨਾ ਤੇ ਫੇਰ ਲਿਖਣਾ 'ਲਗੜ' ਲੈਣ ਵਾਲੀ ਗੱਲ ਸੀ। ਇਸ ਹਿਸਾਬ ਨਾਲ ਤਾਂ ਮੇਰੇ ਲਈ ਆਉਂਦੀ ਜ਼ਿੰਦਗੀ ਵਿਚ ਬਹੁਤ ਹੀ ਮੁਸ਼ਕਿਲਾਂ ਪੈਦਾ ਹੋ ਜਾਣੀਆਂ ਸਨ।

"ਪਰ ਤੈਨੂੰ ਤਾਂ ਸਾਰੇ ਪੀਰ ਫਕੀਰ ਬਖਸ਼ ਦੇਣਗੇ, ਤੂੰ ਤਾਂ ਕੋਰਸ ਖਾਤਰ ਹੀ ਪੁੱਛਦੀ ਐਂ।"

ਔਰਤ ਕਹਿੰਦੀਆਂ।

ਇਹ ਜਾਣ ਕੇ ਕਿ ਮੇਰਾ ਮਾਟ੍ਰਰ ਜੱਟ ਜਿੰਮੀਦਾਰ ਸੀ, ਚਰਨੋ ਨੂੰ ਸਗੋਂ ਬਹੁਤਾ ਹਰਖ ਆ ਜਾਂਦਾ।

"ਲੈ ਸੁਆਹ ਦਾ ਜੱਟ ਐ ਜਿਸਨੂੰ ਏਨਾ ਵੀ ਨਹੀਂ ਪਤਾ ਪਿੰਡ ਦੇ ਵਿਹਾਰ ਦਾ, ਜੇ ਜੱਟ ਹੁੰਦਾ ਤਾਂ ਕਮਾਰੀ ਕੁੜੀ ਨੂੰ ਇਹੋ ਜਹੇ ਭਕਾਈ ਦੀ ਡਿਉਟੀ ਨੀ ਸੀ ਲਾਉਂਦਾ।"

ਅਰੰਭ ਵਿਚ ਪਿੰਡ ਦੇ ਮਰਦ ਮੇਰੇ ਨਾਲ ਅੱਖ ਮਿਲਾਕੇ ਗੱਲ ਕਰਨ ਤੋਂ ਝਿਜਕਦੇ ਸਨ। ਪਿੰਡ ਦੀਆਂ ਬੀਹੀਆਂ ਵਿਚ ਕਿਸੇ ਦਾ ਘਰ ਦਿਖਾਣ ਮੇਰੇ ਨਾਲ ਜਾਂਦੇ ਹੋਏ ਦਸਾਂ ਸਾਲਾਂ ਦੇ ਮੁੰਡੇ ਵੀ ਮੇਰੇ ਬਰਾਬਰ ਤੁਰਨ ਵਿਚ ਉਵੇਂ ਹੀ ਝਿਜਕਦੇ ਸਨ, ਜਿਵੇਂ ਵਡੇਰੀ ਉਮਰ ਦੇ ਬੰਦੇ। ਹੌਲੀ ਹੌਲੀ ਮਰਦ, ਔਰਤਾਂ ਨੂੰ ਮੇਰੇ ਨਾਲ ਗੱਲਬਾਤ ਕਰਦਿਆਂ ਦੇਖ ਕੇ ਸਾਡੇ ਕੋਲ ਬੈਠ ਜਾਂਦੇ। ਉਪਰੋਂ ਉਪਰੋਂ ਉਹ ਕਈ ਵਾਰੀ ਕੁਝ ਸੰਸਕਾਰਾਂ ਨੂੰ 'ਔਰਤਾਂ ਦੇ ਵਹਿਮ' ਵੀ ਦਸਦੇ ਅਤੇ ਆਪਣੇ 'ਆਧੁਨਿਕ' ਹੋਣ ਦਾ ਪ੍ਰਭਾਵ ਮੇਰੇ ਤੇ ਪਾਉਂਦੇ ਸਨ। ਪਰ ਰੋਗ ਸਬੰਧੀ ਸੰਕਲਪਾਂ ਬਾਰੇ ਮੈਂ ਮਰਦਾਂ ਨੂੰ ਵੀ ਹੌਲੀ ਹੌਲੀ ਉਭਾਰਦੀ ਗਈ। ਹਾਂ, ਕੁਝ ਨਾਜ਼ੁਕ ਜਹੇ ਪ੍ਰਸ਼ਨ ਮੈਂ ਸੱਭਿਆਚਾਰ ਦਾ ਖਿਆਲ ਕਰਦੇ ਹੋਏ ਉਨ੍ਹਾਂ ਨਾਲ ਸਾਂਝੇ ਨਾ ਕੀਤੇ। ਅਜਿਹੇ ਪ੍ਰਸ਼ਨਾਂ ਵਿਚ ਮੁਖ ਤੌਰ ਤੇ ਮਰਦਾਂ ਦੇ ਰੋਗਾਂ ਨਾਲ ਸੰਬੰਧਤ ਕੁਝ ਜਾਣਕਾਰੀ ਸ਼ਾਮਲ ਸੀ। ਇਸ ਸੰਬੰਧੀ ਪਰਵਿੰਦਰ ਸਿੰਘ ਅਤੇ ਗੁਰਦੀਪ ਸਿੰਘ ਨੇ ਮੇਰੀ ਕਾਫੀ ਮਦਦ ਕੀਤੀ ਅਤੇ ਜਾਣਕਾਰੀ ਇਕੱਤਰ ਕਰਕੇ ਮੈਨੂੰ ਦਿੱਤੀ। ਉਂਜ ਪਿੰਡ ਦੇ ਮਰਦਾਂ ਤੋਂ ਮੈਨੂੰ ਪਿੰਡ ਬਾਰੇ ਬਹੁਤ ਸਾਰੀਆਂ ਗੱਲਾਂ ਦੀ ਜਾਣਕਾਰੀ ਹੋਈ। ਥਾਨਾਂ ਆਦਿ ਦੀ ਬਣਤਰ ਬਾਰੇ ਉਨ੍ਹਾਂ ਦੀ ਸਮਝ ਵੀ ਔਰਤਾਂ ਦੇ ਮੁਕਾਬਲੇ ਵਧੇਰੇ ਵਿਗਿਆਨਕ, ਵਿਸਤ੍ਰਿਤ ਅਤੇ ਵਿਵਹਾਰਕ ਹੁੰਦੀ। ਪਿੰਡ ਦੀਆਂ ਬਹੁਤ ਸਾਰੀਆਂ ਅੰਦਰੂਨੀ ਗੱਲਾਂ ਤੱਕ ਮੇਰੀ ਪਹੁੰਚ ਮਰਦਾਂ ਰਾਹੀਂ ਹੀ ਹੋਈ। ਉਨ੍ਹਾਂ ਨੂੰ ਮੇਰੀ ਕਿਤਾਬ ਦੇ ਵਿਸ਼ੇ ਬਾਰੇ ਵੀ ਬਹੁਤ ਸਾਰੀਆਂ ਔਰਤਾਂ ਦੇ ਮੁਕਾਬਲੇ ਜਲਦੀ ਸਮਝ ਆ ਗਈ। ਮੇਰੇ ਮਤਲਬ ਦੀਆਂ ਗੱਲਾਂ ਉਹ ਮੈਨੂੰ ਆਪ ਹੀ ਆਕੇ ਲਿਖਾ ਜਾਂਦੇ ਸਨ। ਲੋਕ ਧਰਮ ਨਾਲ ਔਰਤਾਂ ਦਾ ਵਾਹ ਵਾਸਤਾ ਵਿਵਹਾਰਕ ਜਿਹਾ ਅਤੇ ਸੰਸਕਾਰਾਂ ਤਕ ਹੀ ਸੀਮਿਤ ਹੁੰਦਾ। ਸ਼ਾਇਦ ਇਸੇ ਕਾਰਨ ਪੀਰਾਂ ਫਕੀਰਾਂ ਦੇ ਸੁਭਾਅ ਬਾਰੇ ਉਨ੍ਹਾਂ ਦੀ ਪਹੁੰਚ ਮਰਦਾਂ ਦੇ ਮੁਕਾਬਲੇ ਵਧੇਰੇ ਬਰੀਕ ਅਤੇ ਰੋਚਕ ਹੁੰਦੀ ਹੈ। ਪਰ ਡੇਰਿਆਂ ਦੇ ਸਾਧੂਆਂ ਆਦਿ ਤੱਕ ਪਹੁੰਚ ਮੈਂ ਮਰਦਾਂ ਰਾਹੀਂ ਹੀ ਕੀਤੀ ਕਿਉਂਕਿ ਅਮਰੋ ਬੀਬੀ ਤੋਂ ਬਿਨਾਂ 'ਬਗੈਰ ਕੰਮ ਦੇ ਕੋਈ ਔਰਤ ਪਿੰਡ ਵਿਚ ਫਿਰਦੀ ਚੰਗੀ ਨਹੀਂ ਲਗਦੀ ਸੀ। ਮੁੱਖ ਤੌਰ ਤੇ ਮਰਦਾਂ ਅਤੇ ਔਰਤਾਂ ਦੇ ਰੋਗ ਸੰਬੰਧੀ ਸੰਕਲਪਾਂ ਦੀ ਤੁਲਨਾ ਨੇ ਮੈਨੂੰ ਰੋਗ ਸੰਕਲਪਾਂ ਬਾਰੇ ਇਕ ਸਮੁਚੀ ਅਤੇ ਸਾਰਥਕ ਸਮਝ ਪ੍ਰਦਾਨ ਕੀਤੀ ਅਤੇ ਇਸ ਸਮਝ ਵਿਚ ਮੈਂ ਅਮਰੋ ਬੀਬੀ ਦੇ ਯੋਗਦਾਨ ਨੂੰ ਭੁਲਾ ਨਹੀਂ ਸਕਦੀ।

ਪਿੰਡ ਦੇ ਸਭਿਆਚਾਰ ਨੇ ਮੈਨੂੰ ਹੋਰ ਵੀ ਕਈ ਤਰੀਕਿਆਂ ਨਾਲ ਪ੍ਰਭਾਵਿਤ ਕੀਤਾ। ਜਿਵੇਂ ਮੈਂ ਪਹਿਲਾਂ ਹੀ ਦਸ ਆਈ ਹਾਂ, ਕੰਵਾਰੀ ਕੁੜੀ ਦੇ ਸਟੇਟੱਸ ਵਿਚ

ਤਾਂ ਮੈਂ ਮਾਤਾ ਮਸਾਣੀਆਂ ਜਾਂ ਪੀਰਾਂ ਫਕੀਰਾਂ ਬਾਰੇ ਕੁਝ ਪੁਛ ਹੀ ਨਹੀਂ ਸਾਂ ਸਕਦੀ। ਕੁੜੀਆਂ ਸਾਹਮਣੇ ਤਾਂ ਉਹ ਲੋਕ 'ਇਹੋ ਜਹੀਆਂ ਚੀਜ਼ਾਂ' ਦੇ ਨਾਂ ਨਹੀਂ ਲੈਂਦੇ। ਉਂਜ ਵੀ ਰੋਗ ਦੇਣ ਵਾਲੀਆਂ ਦੇਵੀਆਂ, ਖਾਸ ਕਰ ਬਸੰਤੀ ਮਾਤਾ ਦੇ ਸਿੱਧੇ ਨਾਂ ਨਹੀਂ ਲਏ ਜਾਂਦੇ। ਸਗੋਂ ਉਨ੍ਹਾਂ ਨੂੰ ਕੁਝ ਹੋਰ ਨਾਂਵਾਂ (alternative names) ਨਾਲ ਬੁਲਾਇਆ ਜਾਂਦਾ ਹੈ। ਪਿੰਡ ਦੇ ਲੋਕਾਂ ਦਾ ਵਿਸ਼ਵਾਸ ਸੀ ਕਿ ਬਿਨਾਂ ਮਤਲਬ ਹੀ ਮਾਤਾ ਮਸਾਣੀਆਂ ਦਾ ਜ਼ਿਕਰ ਕਰਨਾ, ਇਨ੍ਹਾਂ ਦੀ ਕਰੋਪੀ ਨੂੰ ਬੁਲਾਵਾ ਦੇਣ ਦੇ ਬਰਾਬਰ ਹੈ। ਅਜਿਹਾ ਜਾਣਨ ਤੋਂ ਬਾਅਦ ਮੈਂ ਵੀ ਮਾਤਾ ਮਸਾਣੀਆਂ ਦੇ ਸਿੱਧੇ ਨਾਂ ਲੈਣੇ ਬੰਦ ਕਰ ਦਿੱਤੇ। ਦੂਜੇ ਪਾਸੇ ਮੈਨੂੰ ਲਿਖਣ ਖਾਤਰ ਛੋਟਾਂ ਮਿਲੀਆਂ ਹੋਈਆਂ ਸਨ ਅਤੇ ਲੋਕ ਮੈਨੂੰ 'ਲਿਖਾਣ ਖਾਤਰ' ਰੋਗ ਦੇਣ ਵਾਲੀਆ ਦੇਵੀਆਂ ਆਦਿ ਦੇ ਨਾਂ ਵੀ ਲੈਣ ਲੱਗ ਪਏ। ਇਸ ਲਈ ਦੋਵੇਂ ਪਾਸਿਓਂ ਮੈਨੂੰ ਅਸਾਨੀ ਹੋ ਜਾਂਦੀ। ਪਰ ਫੇਰ ਵੀ ਮੈਂ ਇਨ੍ਹਾਂ ਪ੍ਰਭਾਵਾਂ ਤੋਂ ਬਿਲਕੁਲ ਅਣਭਿੱਜ ਨਹੀਂ ਸਾਂ ਰਹਿ ਸਕਦੀ। ਮੈਂ ਹਰ ਡੇਰੇ, ਥਾਨ ਵਿਚ ਜਾ ਕੇ ਪਿੰਡ ਦੇ ਲੋਕਾਂ ਵਾਂਗ ਹੀ ਜੁੱਤੀ ਲਾਹ ਕੇ ਪਹਿਲਾਂ ਮੱਥਾ ਟੇਕਦੀ ਸਾਂ, ਫੇਰ ਡੇਰੇ ਆਦਿ ਦੇ ਇੰਚਾਰਜ ਤੋਂ ਕੋਈ ਗੱਲ ਪੁੱਛਦੀ ਸਾਂ। ਇਸ ਸੰਬੰਧੀ ਮੈਨੂੰ ਚਾਹੇ ਕੋਈ ਉਚੇਚ ਨਹੀਂ ਵਰਤਣੀ ਪੈਂਦੀ ਸੀ ਫੇਰ ਵੀ ਮੇਰਾ 'ਉਨ੍ਹਾਂ ਦੇ ਪੀਰਾਂ ਫਕੀਰਾਂ' ਨੂੰ 'ਮੰਨਣਾ' ਅਤੇ ਮੱਥਾ ਟੇਕਣਾ ਪਿੰਡ ਦੇ ਲੋਕਾਂ ਨੂੰ ਚੰਗਾ ਲੱਗਦਾ ਸੀ। ਕੁਝ ਲੋਕਾਂ ਦੇ ਕਹਿਣ ਮੁਤਾਬਕ ਮੇਰਾ ਇਸ ਪਿੰਡ ਦੀਆਂ ਰੂਹਾਂ ਨਾਲ ਕੋਈ 'ਪਿਛਲਾ ਲੈਣ ਦੇਣ' ਸੀ, ਇਸੇ ਲਈ ਮੈਂ ਇਨ੍ਹਾਂ ਬਾਰੇ ਸਭ ਕੁਝ ਲਿਖਦੀ ਸਾਂ। ਕੁਝ ਲੋਕ ਇਨ੍ਹਾਂ 'ਪੀਰਾਂ ਫ਼ਕੀਰਾਂ' ਨੂੰ ਮੇਰੇ ਕੰਮ ਦੀ ਕਾਮਯਾਬੀ ਲਈ ਅਰਦਾਸ ਵੀ ਕਰਦੇ ਸਨ। ਪਿੰਡ ਦੇ ਲੋਕਾਂ ਦੇ ਰੋਗ ਸੰਬੰਧੀ ਸੰਕਲਪਾਂ ਤੋਂ ਮੈਂ ਨਿੱਜੀ ਤੌਰ ਤੇ ਵੀ ਪ੍ਰਭਾਵਿਤ ਹੋਏ ਬਿਨਾਂ ਨਾ ਰਹਿ ਸਕੀ। ਜੇਕਰ ਮੈਨੂੰ ਕੋਈ ਸਰੀਰਕ ਤਕਲੀਫ਼ ਹੋ ਜਾਂਦੀ ਤਾਂ ਚਰਨੋ ਕਹਿੰਦੀ,

"ਇਹ ਬਸੰਤੀ ਬਾਰੇ ਤੂੰ ਲਿਖ ਲਿਖ ਕੇ ਜਿਹੜੀਆਂ ਕਾਪੀਆਂ ਭਰੀਆਂ ਹੋਈਆਂ ਨੇ ਉਸੇ ਦਾ ਈ ਅਸਰ ਐ ਤੇਰੇ ਤੇ, ਜਿਹੜਾ ਤੈਨੂੰ ਰਾਜੀ ਨਹੀਂ ਰਹਿਣ ਦੇਂਦਾ।"

ਕਦੇ ਮੈਂ ਲਗਾਤਾਰ ਕਈ ਦਿਨ ਬਿਮਾਰ ਹੁੰਦੀ ਤਾਂ ਉਹ ਮੁੜ ਮੁੜ ਕਹਿੰਦੀ,

"ਹਾੜੇ ਆਪਣੇ ਮਾਟ੍ਰਰ ਨੂੰ ਕਹਿਕੇ ਹੋਰ ਕੋਈ ਕਿਤਾਬ ਦਾ ਕੰਮ ਲੈ ਲੈ ਇਹੋ ਜਹੇ ਕੰਮਾਂ ਨੂੰ ਛੱਡ ਪਰ੍ਹੇ, ਤੇਰੇ ਤੇ ਵੀ ਕੱਸ ਪੈਂਦੀ ਐ ਮਾਤਾ ਮਸਾਣੀਆਂ ਦੀ।"

ਇਕ ਵਾਰੀ ਮੈਨੂੰ ਕਈ ਦਿਨ ਖੰਘ ਰਹੀ ਅਤੇ ਮੈਂ ਪਿੰਡ ਨਾ ਜਾ ਸਕੀ। ਜਦੋਂ ਮੈਂ ਦੁਬਾਰਾ ਪਿੰਡ ਜਾਣਾ ਸ਼ੁਰੂ ਕੀਤਾ ਉਦੋਂ ਵੀ ਮੈਂ ਚੰਗੀ ਤਰ੍ਹਾਂ ਠੀਕ ਨਹੀਂ ਸਾਂ ਹੋਈ। ਅਮਰੋ ਬੀਬੀ ਨੂੰ ਫ਼ਿਕਰ ਹੋ ਗਿਆ। ਉਨ੍ਹਾਂ ਨੇ ਪਾਂਧੇ ਨੂੰ ਬੁਲਾ ਕੇ ਪੱਤਰ ਖੁਲ੍ਹਵਾਇਆ। ਪਾਂਧੇ ਨੇ ਦੱਸਿਆ ਕਿ ਮੈਂ 'ਉਨ੍ਹਾਂ ਦਿਨਾਂ' (Menstruation) ਵਿਚ ਕੋਈ ਟੂਣਾ ਟੱਪ ਗਈ ਸੀ। ਪਾਂਧੇ ਨੇ ਮੈਨੂੰ ਗਲ ਵਿਚ ਪਾਉਣ ਲਈ ਧਾਗਾ ਦਿੱਤਾ ਅਤੇ ਕੋਲ ਰੱਖਣ ਲਈ ਭਬੂਤੀ ਵੀ। ਮੈਂ ਪਾਂਧੇ ਦੇ ਦੱਸੇ ਅਨੁਸਾਰ ਹੀ ਕਰਦੀ ਰਹੀ ਜਿੰਨੇ ਦਿਨ ਮੈਂ ਪੂਰੀ

ਤਰ੍ਹਾਂ ਠੀਕ ਨਹੀਂ ਹੋ ਗਈ। ਮੇਰੇ ਠੀਕ ਹੋਣ ਤੇ ਚਰਨੋ ਨੇ ਮੈਨੂੰ ਤਾਕੀਦ ਕੀਤੀ ਕਿ ਮੈਂ ਹੁਣ 'ਐਹ ਜਹੇ ਦਿਨਾਂ' ਵਿਚ ਚੰਗੀ ਮਾੜੀ ਥਾਂ ਵੇਖ ਕੇ ਲੰਘਿਆ ਕਰਾਂ।

ਲੋਕਾਂ ਦੇ ਬਹੁਤ ਸਾਰੇ ਟੈਬੂ ਮੈਨੂੰ ਮੰਨਣੇ ਪਏ। ਵੈਸੇ ਇਹ ਟੈਬੂ ਕਿਸੇ ਨਾ ਕਿਸੇ ਰੂਪ ਵਿਚ ਸਾਡੇ ਆਪਣੇ ਘਰ ਵਿਚ ਵੀ ਮੰਨੇ ਜਾਂਦੇ ਸਨ, ਫੇਰ ਵੀ ਮੇਰੇ ਸ਼ਹਿਰੀ ਹੋਣ ਕਰਕੇ ਚਰਨੋ ਮੈਨੂੰ ਤਾਕੀਦ ਕਰਦੀ,

"ਬੀਬੀ ਐਹ ਜੇ ਕੱਪੜੇ ਪਾ ਕੇ ਦੁਪੈਹਰੇ ਬਾਹਰ ਨਾ ਜਾਇਆ ਕਰ।"

ਉਹ ਮੈਨੂੰ ਅਕਸਰ ਕਹਿੰਦੀ ਕਿ ਮੈਂ ਗੁਰਦੁਆਰੇ ਕੋਲ ਬਸ ਚੋਂ ਨਾ ਉਤਰਿਆ ਕਰਾਂ ਕਿਉਂਕਿ ਮੇਰੇ ਆਉਂਦਿਆਂ ਨੂੰ ਦੁਪਹਿਰ ਜਹੀ ਹੋਈ ਹੁੰਦੀ ਸੀ ਅਤੇ ਰਸਤੇ ਵਿਚ ਸਿਵੇ ਆਉਂਦੇ ਸਨ ਜਿਥੋਂ ਕੰਵਾਰੀਆਂ ਕੁੜੀਆਂ ਦਾ ਲੰਘਣਾ ਠੀਕ ਨਹੀਂ ਸੀ।

ਮੇਰੇ ਪਹਿਨਣ ਵਾਲੇ ਕੱਪੜੇ ਉਂਜ ਵੀ ਸਾਦਾ ਜਹੇ ਹੁੰਦੇ ਸਨ ਪਰ ਮੈਂ ਫੀਲਡ ਵਰਕ ਦੌਰਾਨ ਆਪਣੇ ਪਹਿਨਣ ਵਾਲੇ ਕੱਪੜਿਆਂ ਦੀ ਚੋਣ ਵਿਸ਼ੇਸ਼ ਧਿਆਨ ਨਾਲ ਕਰਦੀ ਸਾਂ ਜਿਹੜੇ ਸ਼ਾਇਦ ਸਾਦੇ ਹੋਣ ਕਰਕੇ ਹੀ ਮੇਰੇ ਉਤਰਦਾਤਾਵਾਂ ਤੇ ਮੇਰੇ 'ਸਾਊ' ਹੋਣ ਦਾ ਪ੍ਰਭਾਵ ਪਾਉਂਦੇ ਸਨ। ਕਈ ਔਰਤਾਂ ਕਹਿ ਹੀ ਦੇਂਦੀਆਂ,

"ਖਬਰੇ ਕੈਹ ਜੀ ਤੂੰ ਪੜ੍ਹੀ ਲਿਖੀ ਐਂ, ਅੱਜ ਕੱਲ੍ਹ ਤਾਂ ਅਨਪੜ੍ਹਾਂ ਨੂੰ ਵੀ ਫੈਸ਼ਨਾਂ ਦੀ ਅੱਗ ਲੱਗੀ ਹੋਈ ਐ।"

ਹੌਲੀ ਹੌਲੀ ਮੈਂ ਇੰਟਰਵਿਊ ਲਈ ਟੇਪ ਰਿਕਾਰਡਰ ਲਿਜਾਣਾ ਛੱਡ ਦਿੱਤਾ। ਨਿਰਸੰਦੇਹ ਇਸ ਤਕਨੀਕ ਨੇ ਮੇਰੀ ਪਿੰਡ ਦਾ ਇਤਿਹਾਸ ਲਿਖਣ ਸਮੇਂ ਤੱਕ ਬੜੀ ਮਦਦ ਕੀਤੀ ਸੀ ਅਤੇ ਮਗਰੋਂ ਵੀ ਕਈ ਵਾਰੀ ਮੈਂ ਟੇਪ ਰਿਕਾਰਡਰ ਚਲਾ ਕੇ ਇੰਟਰਵਿਊ ਕੀਤੀ ਸੀ। ਪਰ ਫੇਰ ਮੈਨੂੰ ਜਾਪਿਆ ਕਿ ਟੇਪ ਰਿਕਾਰਡਰ ਚਾਹੇ ਮੇਰੇ ਅਤੇ ਮੇਰੇ ਉਤਰਦਾਤਾ ਵਿਚਲੀ ਗੱਲਬਾਤ ਨੂੰ ਟੇਪ ਵਿਚ ਅੰਕਿਤ ਕਰਕੇ ਮੈਨੂੰ ਲਿਖਣ ਦੀ ਜਿੰਮੇਵਾਰੀ ਤੋਂ ਮੁਕਤ ਕਰ ਦੇਂਦਾ ਸੀ, ਫੇਰ ਵੀ ਰਿਕਾਰਡ ਕੀਤੀ ਗਈ ਗੱਲਬਾਤ ਵਿਚਲੀ ਅਸਹਿਜਤਾ ਬਾਰੇ ਮੈਨੂੰ ਜਲਦੀ ਹੀ ਪਤਾ ਲੱਗਣ ਲੱਗ ਪਿਆ। ਮੇਰੇ ਟੇਪ ਰਿਕਾਰਡਰ ਨੂੰ ਦੇਖਕੇ ਕਈ ਲੋਕ ਗੱਲ ਕਰਨ ਤੋਂ ਪਹਿਲਾਂ ਸੋਚਣ ਲੱਗ ਪੈਂਦੇ। ਕਈਆਂ ਨੇ ਮੈਨੂੰ ਆਪਣੀਆਂ ਗੱਲਾਂ ਟੇਪ ਕਰਨ ਤੋਂ ਵਰਜਿਆ ਵੀ ਅਤੇ ਕਈ ਹੋਰ ਟੇਪ ਰਿਕਾਰਡਰ ਨੂੰ ਚੁੱਕ ਕੇ ਹੀ ਕਿੰਨਾ ਚਿਰ ਦੇਖਦੇ ਰਹਿੰਦੇ ਜਾਂ ਆਪਣੀ ਆਵਾਜ਼ ਨੂੰ ਆਪ ਹੀ ਸੁਣਕੇ ਹੱਸਦੇ ਰਹਿੰਦੇ। ਅਜਿਹੀਆਂ ਗੱਲਾਂ ਮਾਹੌਲ ਨੂੰ ਸੁਖਾਵਾਂ ਤਾਂ ਕਰ ਦੇਂਦੀਆਂ ਸਨ ਪਰ ਮੇਰੀ ਇੰਟਰਵਿਊ ਤੇ ਇੰਨ੍ਹਾਂ ਗਲਾਂ ਦਾ ਮਾੜਾ ਅਸਰ ਪੈਂਦਾ ਸੀ। ਹੌਲੀ ਹੌਲੀ ਮੈਂ ਟੇਪ ਰਿਕਾਰਡਰ ਦੀ ਵਰਤੋਂ ਘਟਾ ਦਿੱਤੀ ਅਤੇ ਮਗਰੋਂ ਬੰਦ ਹੀ ਕਰ ਦਿੱਤੀ। ਮੈਂ ਚਾਹੁੰਦੀ ਤਾਂ ਲੋਕਾਂ ਦੀਆਂ ਗੱਲਾਂ ਉਨ੍ਹਾਂ ਨੂੰ ਬਿਨਾਂ ਇਤਲਾਹ ਕੀਤਿਆਂ ਵੀ ਰਿਕਾਰਡ ਕਰ ਸਕਦੀ ਸਾਂ ਪਰ ਮੈਨੂੰ ਅਜਿਹਾ ਕਰਨਾ ਨੈਤਿਕ ਤੌਰ ਤੇ ਚੰਗਾ ਨਾ ਲੱਗਿਆ। ਅਜਿਹਾ ਸੋਚ ਕੇ ਵਿਆਹ ਸ਼ਾਦੀ ਤੇ ਗੀਤ ਆਦਿ ਟੇਪ ਕਰਨ ਤੋਂ ਇਲਾਵਾ ਮੈਂ ਟੇਪ ਰਿਕਾਡਰ ਕਦੇ ਨਾ ਵਰਤਿਆ।

ਬਿਮਾਰ ਹੋਣ ਸੰਬੰਧੀ, ਦਵਾਈਆਂ ਸੰਬੰਧੀ, ਨਜ਼ਰਾਂ ਕਸਰਾਂ ਸੰਬੰਧੀ, ਮਾਤਾ ਮਸਾਣੀਆਂ ਸੰਬੰਧੀ, ਪੀਰਾਂ ਫ਼ਕੀਰਾਂ ਸੰਬੰਧੀ, ਰੋਗੀ ਦੀ ਸੇਵਾ ਦੇ ਪੈਟਰਨਾਂ ਸੰਬੰਧੀ 'ਚੰਦਰੀਆਂ ਗੱਲਾਂ' ਲਿਖਾ ਲਿਖਾ ਕੇ ਚਰਨੋ ਹੁਣ ਕਹਿਣ ਲੱਗ ਪਈ,

"ਬੀਬੀ ਬਸ ਕਰ ਹੁਣ ਐਹ ਜ੍ਹੀਆਂ ਗੱਲਾਂ, ਵੀਹ ਕਾਪੀਆਂ ਤਾਂ ਤੈਂ ਭਰ ਲਈਆਂ, ਹੋਰ ਕੀ ਕੁਸ ਲਿਖਣੈ ਤੈਂ।"

'ਇਹੋ ਜਹੀਆਂ ਗੱਲਾਂ' ਤਾਂ ਖੈਰ ਮੈਂ ਲਿਖਣੀਆਂ ਹੀ ਸਨ। ਪਰ ਚਰਨੋ ਦੇ ਉਸ ਇਸਰਾਰ ਕਰਕੇ ਹੀ ਨਹੀਂ, ਹੋਰ ਵੀ ਕਈ ਕਾਰਨਾਂ ਕਰਕੇ ਮੈਂ ਉਤਰਦਾਤਾਵਾਂ ਸਾਹਮਣੇ ਉਨ੍ਹਾਂ ਦੇ ਜੁਆਬਾਂ ਨੂੰ ਲਿਪੀਬੱਧ ਕਰਨਾ ਹੀ ਬੰਦ ਕਰ ਦਿੱਤਾ। ਚਾਹੇ ਮੇਰੇ ਇੰਟਰਵਿਊ ਸ਼ੈਡਿਊਲ ਵਿਚਲੇ ਪ੍ਰਸ਼ਨ ਗਿਣਾਤਮਕ ਉਤਰ ਮੰਗਦੇ ਸਨ ਫੇਰ ਵੀ ਅਜਿਹੇ ਪ੍ਰਸ਼ਨਾਂ ਨੂੰ ਸਿੱਧਾ ਪੁੱਛਕੇ ਮੈਨੂੰ ਨਿਰਾਸ਼ਾ ਹੀ ਹੁੰਦੀ। ਉਦਾਹਰਣ ਵਜੋਂ ਮੈਂ

ਪਿੰਡ ਦੇ ਲੋਕਾਂ ਨੂੰ ਪੁੱਛਦੀ,

"ਕੀ ਤੁਸੀਂ ਧਾਗਾ, ਤਵੀਤਾਂ, ਸਿਆਣਿਆਂ ਤੋਂ ਪਤਰੇ ਖੁਲਵਾਣ ਜਾਂ ਪੁਛਿਆ ਲੈਣ ਵਿਚ ਵਿਸ਼ਵਾਸ ਕਰਦੇ ਹੋ ?"

ਉਹ ਝੱਟ ਹੀ ਉੱਤਰ ਦੇਂਦੇ,

"ਅਸੀਂ ਐਹ ਜੇ ਕੰਮ ਨ੍ਹੀਂ ਕਰਦੇ"

ਮੈਂ ਉਨ੍ਹਾਂ ਦਾ ਉੱਤਰ ਨਾਂਹ ਵਿਚ ਦਰਜ ਕਰ ਲੈਂਦੀ। ਪਰ ਕਿਸੇ ਕੇਸ ਹਿਸਟਰੀ ਦੇ ਸੰਬੰਧ ਵਿਚ ਗੱਲ ਕਰਦਿਆਂ ਉਹੀ ਲੋਕ ਅਕਸਰ ਆਪਣੇ ਅਜਿਹੇ ਵਿਸ਼ਵਾਸਾਂ ਤੇ ਵਿਵਹਾਰਾਂ ਬਾਰੇ ਮੈਨੂੰ ਦਸ ਦੇਂਦੇ। ਕਈ ਵਾਰੀ ਅਜਿਹੇ ਪ੍ਰਸ਼ਨਾਂ ਦੇ ਨਾਂਹ ਵਾਚੀ ਉੱਤਰਾਂ ਨੂੰ ਜਾਚਣ ਲਈ ਮੈਂ ਜਾਣ ਬੁੱਝ ਕੇ ਕੋਈ ਹੋਰ ਸਵਾਲ ਕਰ ਲੈਂਦੀ। ਉਦਾਹਰਣ ਵਜੋਂ 'ਜਾਦੂ ਵਿਚ ਵਿਸ਼ਵਾਸ' ਵਰਗੇ ਪ੍ਰਸ਼ਨ ਦਾ ਨਾਂਹ ਵਿਚ ਉੱਤਰ ਮਿਲਣ ਤੋਂ ਤੁਰੰਤ ਮਗਰੋਂ ਮੈਂ ਉਨ੍ਹਾਂ ਦੇ ਘਰ ਦੇ ਕਿਸੇ ਬੀਮਾਰ ਜੀਅ ਦਾ ਹਾਲ ਚਾਲ ਪੁੱਛਣ ਲੱਗ ਪੈਂਦੀ। ਉਹ ਉਸਦੇ 'ਰਾਜੀ ਨਾ ਹੋ ਰਹੇ ਹੋਣ' ਬਾਰੇ ਦੱਸਦੇ। ਮੈਂ ਜਾਣ ਬੁੱਝ ਕੇ ਉਨ੍ਹਾਂ ਨੂੰ 'ਸਲਾਹ' ਦੇਂਦੀ, (ਹਾਲਾਂਕਿ ਸਮਾਜ ਵਿਗਿਆਨ ਦੀਆਂ ਪੁਸਤਕਾਂ ਅਜਿਹੀਆਂ 'ਸਲਾਹਾਂ' ਦੇਣ ਤੋਂ ਸੁਚੇਤ ਕਰਦੀਆਂ ਹਨ ਕਿਉਂਕਿ ਸਮਾਜ ਵਿਗਿਆਨ ਨੇ ਲੋਕਾਂ ਵਿਚ ਵਿਚਰਦੇ ਵਿਚਾਰਾਂ ਵਿਵਹਾਰਾਂ ਦਾ ਜ਼ਿਕਰ ਹੀ ਕਰਨਾ ਹੁੰਦਾ ਹੈ, ਵਿਸ਼ੇਸ਼ ਵਿਚਾਰ ਜਾਂ ਵਿਸ਼ੇਸ਼ ਵਿਵਹਾਰ ਕਰਨ ਲਈ ਲੋਕਾਂ ਨੂੰ 'ਸਲਾਹ' ਨਹੀਂ ਦੇਣੀ ਹੁੰਦੀ) ਕਿ ਉਨ੍ਹਾਂ ਨੇ ਕਿਸੇ ਪਤਰੇ ਵਾਲੇ ਨੂੰ ਨਹੀਂ ਪੁਛਿਆ ਸੀ ਜਾਂ ਕਿਸੇ ਸਿਆਣੇ ਕੋਲ ਨਹੀਂ ਗਏ ਸੀ ? ਉਹ ਦੁਖੀ ਜਹੇ ਮਨ ਨਾਲ ਕਹਿੰਦੇ,

"ਬੀਬੀ, ਨਾ ਕੋਈ ਸਿਆਣਾ ਛੱਡਿਆ ਨਾ ਪਤਰੇ ਵਾਲਾ, ਪਰ ਪਤਾ ਨਹੀਂ ਕਿਹੜੀ ਚੀਜ਼ 'ਕੁੰਟ' ਗਈ ਐ। ਕਿਧਰੋਂ ਖੈਰ ਈ ਨ੍ਹੀ ਪੈਂਦੀ।"

ਸ਼ੈਡੀਊਲ ਦੇ ਪ੍ਰਸ਼ਨ ਜਿਹੜਾ ਉੱਤਰ ਪ੍ਰਾਪਤ ਕਰਨ ਵਿਚ ਅਸਫ਼ਲ ਰਹੇ ਹੁੰਦੇ, ਥੋੜੀ ਜਹੀ ਕੋਸ਼ਿਸ਼ ਨਾਲ ਮੈਨੂੰ ਉਹੀ ਉਤਰ ਮਿਲ ਜਾਂਦਾ। ਫੇਰ ਮੈਂ ਸ਼ੈਡਿਊਲ ਦੇ ਪ੍ਰਸ਼ਨਾਂ ਨੂੰ ਮਨ ਵਿਚ ਰੱਖਕੇ, ਲੋਕਾਂ ਨਾਲ ਆਮ ਗੱਲ ਬਾਤ ਕਰਕੇ, ਉਨ੍ਹਾਂ ਦੀਆਂ ਆਪਸੀ ਗੱਲਾਂਬਾਤਾਂ ਦਾ ਅਧਿਐਨ ਕਰਕੇ ਅਤੇ ਉਨ੍ਹਾਂ ਦੀਆਂ ਕੇਸ ਹਿਸਟਰੀਆਂ ਦਾ ਵਿਸ਼ਲੇਸ਼ਣ ਕਰਕੇ ਇੰਟਰਵਿਊ ਸ਼ੈਡੀਊਲ ਭਰ ਲੈਂਦੀ ਅਤੇ ਉਹ ਵੀ ਅਕਸਰ ਉਨ੍ਹਾਂ ਦੀ ਗੈਰਹਾਜ਼ਰੀ ਵਿਚ। ਅਜਿਹਾ ਕਰਨਾ ਇਸ ਲਈ ਵੀ ਜ਼ਰੂਰੀ ਹੁੰਦਾ ਕਿ ਬਹੁਤ ਸਾਰੀ ਜਾਣਕਾਰੀ ਸ਼ੈਡਿਊਲ ਦੇ ਪ੍ਰਸ਼ਨਾਂ ਦੇ ਉੱਤਰਾਂ ਤੋਂ ਵਧੇਰੇ ਹੁੰਦੀ ਸੀ। ਜਿਸਨੂੰ ਉਸ ਸਮੇਂ ਰਿਕਾਰਡ ਕਰਨਾ ਅਸੰਭਵ ਹੁੰਦਾ ਸੀ।

ਉਂਜ ਵੀ ਉਤਰਦਾਤਾ ਦੇ ਸਾਹਮਣੇ ਕਾਗਜ਼ ਪੱਤਰ ਖੋਲ੍ਹ ਕੇ ਬੈਠਣ ਨਾਲ ਮੇਰਾ ਇਮੇਜ ਇਕ ਸਰਕਾਰੀ ਅਫ਼ਸਰ ਵਰਗਾ ਬਣ ਜਾਂਦਾ ਸੀ। ਆਪਣੇ ਪੜ੍ਹੇ ਲਿਖੇ ਹੋਣ

ਤੇ ਆਪਣੇ ਉਤਰਦਾਤਾਵਾਂ ਦੇ ਸਾਦਾ ਜਹੇ ਅਨਪੜ੍ਹ ਲੋਕ ਹੋਣ ਵਿਚਲੀ ਇਹ ਦੂਰੀ ਘੱਟ ਕਰਨ ਲਈ ਮੈਨੂੰ ਅਕਸਰ ਕਾਗ਼ਜ਼ ਪਤਰਾਂ ਨੂੰ ਵਿਚਕਾਰੋਂ ਹਟਾਣਾ ਪੈਂਦਾ ਸੀ। ਦੂਜਾ, ਪ੍ਰਸ਼ਨਾਂ ਦੇ ਉੱਤਰਾਂ ਵਿਚ ਸਿਰਫ਼ ਸ਼ਬਦ ਹੀ ਨਹੀਂ, ਲੋਕਾਂ ਦੇ ਹਾਵ ਭਾਵ ਵੀ ਬੜੇ ਮਹੱਤਵਪੂਰਨ ਹੁੰਦੇ ਸਨ। ਇਹ ਹਾਵ ਭਾਵ ਮੇਰੇ ਲਿਖਣ ਦੇ ਰੁਝੇਵੇਂ ਵਿਚ ਮੇਰੇ ਕੋਲੋਂ ਗੁਆਚ ਜਾਂਦੇ ਸਨ। ਇਸਤੋਂ ਇਲਾਵਾ ਪ੍ਰਸ਼ਨ ਪੁੱਛਣ ਅਤੇ ਉੱਤਰ ਅੰਕਿਤ ਕਰਕੇ ਅਗਲਾ ਪ੍ਰਸ਼ਨ ਪੁੱਛਣ ਦੀ ਇਹ ਪ੍ਰਕ੍ਰਿਆ ਗੱਲਬਾਤ ਦੀ ਰਵਾਨੀ ਵਿਚ ਵਾਧੂ ਜਹੀ ਰੋਕ ਪਾਉਂਦੀ ਸੀ। ਨਿਰਸੰਦੇਹ ਮੈਂ ਆਪਣੇ ਖੋਜ ਪ੍ਰਬੰਧ ਲਈ ਇੰਟਰਵਿਊ ਸ਼ੈਡਿਊਲ ਬੜੀ ਮਿਹਨਤ ਨਾਲ ਤਿਆਰ ਕੀਤਾ ਸੀ ਅਤੇ ਇਸ ਵਿਚ ਰੋਗ ਦੇ ਵਰਤਾਰੇ ਸੰਬੰਧੀ ਬਹੁਤ ਸਾਰੇ ਪ੍ਰਸ਼ਨ ਦਰਜ ਕੀਤੇ ਸਨ, ਅੰਗਰੇਜ਼ੀ ਵਿਚ ਛਪੇ ਇਸ ਦਸਤਾਵੇਜ ਨੂੰ ਮੈਂ ਸਰਲ ਪੇਂਡੂ ਪੰਜਾਬੀ ਵਿਚ ਉਲੱਥਾ ਕੇ ਇਸਦੀ ਇਕ ਪ੍ਰਤੀ ਵੀ ਆਪਣੇ ਕੋਲ ਰੱਖੀ ਹੋਈ ਸੀ। ਤਾਂ ਵੀ ਨਾ ਤਾਂ ਮੈਨੂੰ ਸਿਧਾਂਤਕ ਜਹੇ ਪ੍ਰਸ਼ਨਾਂ ਨੂੰ ਪੁੱਛਣਾ ਸਹਿਜ ਜਾਪਦਾ ਸੀ ਅਤੇ ਨਾ ਹੀ ਇੰਨਾਂ ਪ੍ਰਸ਼ਨਾਂ ਦੇ ਉਤਰ ਦਰਜ ਕਰਨਾ।

ਉਪਰੋਕਤ ਦਿੱਕਤਾਂ ਦੇ ਕਾਰਨ ਮੈਂ ਇੰਟਰਵਿਊ ਸ਼ੈਡਿਊਲ ਭਰਨੇ ਲਗਪਗ ਬੰਦ ਹੀ ਕਰ ਦਿੱਤੇ। ਮੈਂ ਉਤਰਦਾਤਾਵਾਂ ਦੇ ਹਾਵਾਂ ਭਾਵਾਂ ਸਮੇਤ ਉਨ੍ਹਾਂ ਦੀ ਗੱਲਬਾਤ ਨੂੰ ਆਪਣੇ ਅੰਦਰ ਅੰਕਿਤ ਕਰਨ ਦੀ ਕੋਸ਼ਿਸ਼ ਕਰਦੀ। ਇਸ ਗੱਲ ਵਿਚ ਮੈਨੂੰ ਇਕਦਮ ਹੀ ਮੁਹਾਰਤ ਹਾਸਲ ਨਹੀਂ ਹੋ ਸਕੀ। ਅਰੰਭ ਵਿਚ ਮੈਨੂੰ ਉਤਰਦਾਤਾਵਾਂ ਕੋਲੋਂ ਇਕ ਇਕ ਗੱਲ ਕਈ ਵਾਰੀ ਪੁੱਛਣੀ ਪੈਂਦੀ। ਕਈ ਵਾਰੀ ਕੋਈ ਮਹੱਤਵਪੂਰਨ ਗੱਲ ਨੋਟ ਕਰਨੋਂ ਰਹਿ ਜਾਂਦੀ ਅਤੇ ਮੈਨੂੰ ਉੱਤਰਦਾਤਾ ਕੋਲ ਦੁਬਾਰਾ ਵੀ ਜਾਣਾ ਪੈਂਦਾ। ਪਰ ਇਹ ਸਵਾਲ ਤਾਂ ਥੋੜ੍ਹੀ ਜਿਹੀ ਵਾਧੂ ਮਿਹਨਤ ਦਾ ਹੁੰਦਾ ਸੀ। ਇਸ ਇਵਜ਼ ਵਿਚ ਮੈਨੂੰ ਬੜੇ ਸ਼ੁੱਧ ਰੂਪ ਵਿਚ ਕੀਮਤੀ ਜਾਣਕਾਰੀ ਪ੍ਰਾਪਤ ਹੁੰਦੀ ਸੀ। ਕਈ ਵਾਰੀ ਇਕੋ ਹੀ ਗੱਲ ਮੈਂ ਕਈ ਵਾਰੀ ਪੁੱਛਦੀ ਤਾਂ ਲੋਕ ਟੋਕ ਵੀ ਦੇਂਦੇ। ਪਰ ਮੈਂ ਕਹਿ ਦੇਂਦੀ ਕਿ ਕੱਲ੍ਹ ਮੈਨੂੰ ਚੰਗੀ ਤਰ੍ਹਾਂ ਸਮਝ ਨਹੀਂ ਸੀ ਆਈ। ਦੂਜੇ ਪਾਸੇ ਚਰਨੋ ਇਹ ਸੋਚਕੇ ਹੈਰਾਨ ਰਹਿ ਜਾਂਦੀ ਸੀ ਕਿ ਮੈਂ ਗੱਲਾਂ ਸੁਣ ਸੁਣ ਕੇ ਲਿਖ ਕਿਵੇਂ ਲੈਂਦੀ ਸਾਂ ਅਤੇ ਉਹ ਵੀ ਅੰਗਰੇਜ਼ੀ ਵਿਚ।

"ਬੀਬੀ ਤੈਨੂੰ ਅੰਗਰੇਜ਼ੀ ਦੇ ਐਨੇ ਅੱਖਰ ਆਉਂਦੇ ਨੇ, ਫੇਰ ਵੀ ਤੇਰਾ 'ਡਮਾਕ' ਨਹੀਂ ਹੋਇਆ।"

ਉਹ ਅਕਸਰ ਕਹਿੰਦੀ,

"ਮੈਂ ਅੰਗਰੇਜ਼ੀ ਲਿਖਣੀ ਸਿੱਖ ਕੇ ਕਿਸੇ ਤੇ ਕੋਈ ਅਹਿਸਾਨ ਤਾਂ ਨਹੀਂ ਕੀਤਾ, ਨਾਲੇ ਜੇ ਮੇਰਾ 'ਡਮਾਕ' ਹੋ ਗਿਆ ਤਾਂ ਮੈਂ ਅੰਗਰੇਜ਼ੀ ਕਿਵੇਂ ਲਿਖਾਂਗੀ।"

ਮੈਂ ਹੱਸ ਪੈਂਦੀ।

ਪਰ ਚਰਨੋ ਲਈ ਮੈਂ ਕਿਸੇ 'ਸਤੀ' ਦੇ ਬਰਾਬਰ ਸਾਂ ਜਿਹੜੀ ਆਪਣੇ 'ਸੱਤ ਗੈਲ' ਕੰਮ ਕਰ ਰਹੀ ਸਾਂ, ਧੁੱਪ ਛਾਂ ਦੀ ਪਰਵਾਹ ਕੀਤੇ ਬਗੈਰ, ਲੋਕਾਂ ਦੀਆਂ ਬੇਅਕਲ ਗੱਲਾਂ ਵੀ ਸਹਾਰ ਜਾਂਦੀ ਸਾਂ, ਸਿਰਫ਼ ਆਪਣੇ ਕੋਰਸ ਦਾ ਖਾਤਰ।

"ਤੇਰੇ ਜਹੀ ਤਾਂ ਕੋਈਓ ਹੋਊਗੀ ਬੀਬੀ, ਨਹੀਂ ਤਾਂ ਪੜ੍ਹੀਆਂ ਲਿਖੀਆਂ ਤਾਂ ਕੀ ਅਨਪੜ੍ਹਾਂ ਦੇ ਵੀ ਫੰਗ ਨਿਕਲੇ ਹੋਏ ਨੇ"

ਕੋਈ ਹੋਰ ਔਰਤ ਚਰਨੋ ਨਾਲ ਸੁਰ ਰਲਾਉਂਦੀ ਤੇ ਮੈਂ ਹੱਸ ਪੈਂਦੀ।

ਮੇਰੇ ਹੱਥ ਵਿਚ ਫੜੀ ਫਾਈਲ ਵਿਚ ਦਸਾਂ ਦਸਾਂ ਸਫਿਆਂ ਦੇ 'ਅੰਗਰੇਜ਼ੀ ਫਾਰਮਾਂ' ਨੇ ਉਂਜ ਵੀ ਕਈ ਲੋਕਾਂ ਨੂੰ ਵਖ਼ਤ ਪਾ ਛੱਡਿਆ ਸੀ।

"ਖਬਰੇ ਕਿਹੜੀ ਕਿਹੜੀ ਗੱਲ ਗਾਂਹ ਸਰਕਾਰ ਨੂੰ ਜਾਊਗੀ।"

ਇਹ ਤੇ ਅਜਿਹੀਆਂ ਹੋਰ ਟਿਪਣੀਆਂ ਮੇਰੇ ਤੱਕ ਪਹੁੰਚਦੀਆ ਰਹਿੰਦੀਆਂ। ਮੈਂ ਅੰਤ ਵਿਚ ਲੋਕਾਂ ਦੇ ਘਰੀਂ ਇੰਟਰਵਿਊ ਸ਼ੈਡਿਊਲ ਲਿਜਾਣੇ ਹੀ ਬੰਦ ਕਰ ਦਿੱਤੇ।

ਮੇਰੀਆਂ ਸਮਾਜ ਵਿਗਿਆਨ ਦੀਆਂ ਕਿਤਾਬਾਂ ਵਿਚ ਖੋਜ ਸਮੱਗਰੀ ਪ੍ਰਾਪਤ ਕਰਨ ਦੇ ਵੱਲ ਸਿਖਾਏ ਹੁੰਦੇ ਹਨ, ਪਰ ਰੋਗ ਜਹੇ ਵਰਤਾਰੇ ਬਾਰੇ ਸਮੱਗਰੀ ਪ੍ਰਾਪਤ ਕਰਨ ਦਾ ਕੋਈ ਵੀ ਢੰਗ ਮੈਨੂੰ ਪੂਰੀ ਤਰ੍ਹਾਂ ਸੂਤ ਨਹੀਂ ਆ ਰਿਹਾ ਸੀ। ਰੋਗ ਦਾ ਵਰਤਾਰਾ ਜ਼ਿੰਦਗੀ ਨਾਲ ਏਨਾ ਰਲਗੱਡ ਹੁੰਦਾ ਹੈ ਕਿ ਇਸਨੂੰ ਜ਼ਿੰਦਗੀ ਤੋਂ ਨਿਖੇੜ ਕੇ, ਪੂਰੀ ਜ਼ਿੰਦਗੀ ਦੇ ਸੰਦਰਭ ਵਿਚ ਸਮਝਣਾ ਅਤੇ ਲਿਖਣਾ ਸੱਚਮੁੱਚ ਬੜਾ ਅਦਭੁਤ ਕੰਮ ਹੈ, ਬੜਾ ਹੀ ਮਹੀਨ ਕੰਮ। ਇਹ ਸੋਚ ਕੇ ਮੈਂ ਅੱਜ ਵੀ ਹੈਰਾਨ ਹੁੰਦੀ ਹਾਂ ਕਿ ਇਹ ਮਹੀਨ ਕੰਮ ਕੀ ਮੈਂ ਹੀ ਕੀਤਾ ਹੈ? ਜਾਂ ਫਿਰ ਕੁਦਰਤ ਨੇ ਮੈਨੂੰ ਇਸ ਕੰਮ ਲਈ ਆਪ ਚੁਣਿਆ ਸੀ?

ਪਰ 'ਕੁਝ ਵੀ ਨਾ ਲਿਖਣ' ਦਾ ਫੈਸਲਾ ਵੀ ਮੈਨੂੰ ਛੇਤੀ ਹੀ ਕਰਨਾ ਪਿਆ। ਇਸ ਤਰ੍ਹਾਂ ਚੇਤੇ ਵਿਚ ਗੱਲਾਂ ਸਾਂਭ ਕੇ ਲਿਆਉਣੀ ਦੀ ਤਕਨੀਕ ਨੂੰ ਹੀ ਮੈਂ ਮੁੱਢਲੇ ਸਫ਼ਿਆਂ ਵਿਚ 'ਬਿਨਾਂ ਕਲਮ ਤੋਂ ਲਿਖਣ ਦੀ ਜਾਚ' ਕਿਹਾ ਹੈ। ਇਹ ਜਾਚ ਮੈਨੂੰ ਉਦੋਂ ਬੇਸ਼ਕੀਮਤੀ ਲਗੀ ਸੀ ਜਦੋਂ ਜੱਗੇ ਦੀ ਮਾਂ ਨੇ ਮੈਨੂੰ ਕਿਹਾ ਸੀ,

"ਪੁੱਤਰ ਦੁੱਖਾਂ ਦੀਆਂ ਗੱਲਾਂ ਨਹੀਂ ਲਿਖੀਦੀਆਂ।"

ਮੈਂ ਹੁਣ ਵੀ ਯਾਦ ਕਰ ਸਕਦੀ ਹਾਂ ਕਿ ਉਤਰਦਾਤਾਵਾਂ ਕੋਲ ਬਹਿ ਕੇ 'ਕੁਝ ਵੀ ਨਾ ਲਿਖਣ' ਦਾ ਸੰਕਲਪ ਮੈਂ ਕਦੋਂ ਲਿਆ ਸੀ। ਮੇਰੇ ਫੀਲਡ ਵਰਕ ਦੇ ਦੌਰਾਨ ਪਿੰਡ ਦੇ ਮੇਵੇ ਚਮਾਰ ਦੇ ਮੁੰਡੇ ਜੱਗੇ ਨੂੰ 'ਕਸਰ' ਹੋਈ ਸੀ। 24 ਕੁ ਸਾਲ ਦਾ ਫੌਜੀ ਜੱਗਾ ਬੜਾ ਸੁਨੱਖਾ ਅਤੇ ਸਲੀਕੇ ਵਾਲਾ ਨੌਜਵਾਨ ਸੀ। ਜੱਗੇ ਨੂੰ ਇਹ 'ਕਸਰ' ਓਦੋਂ ਤੋਂ ਹੋਣ ਲੱਗੀ ਸੀ ਜਦੋਂ 6 ਕੁ ਮਹੀਨੇ ਪਹਿਲਾਂ ਉਸਨੇ ਪਿੰਡ ਵਿਚ ਬਾਹਮਣਾਂ ਦੇ ਸਿਵਿਆਂ ਨੇੜੇ ਰੋੜੀ ਬਰੋਟੇ ਕੋਲ ਬਣੇ ਥੇਹਾਂ ਵਿਚ ਅਣਜਾਣੇ ਪਿਸ਼ਾਬ ਕਰ ਦਿੱਤਾ ਸੀ। ਪਿੰਡ ਦੇ ਕੁਝ ਲੋਕਾਂ ਨੂੰ ਇਸ ਗੱਲ ਦਾ ਇਲਮ ਜਰੂਰ ਸੀ ਕਿ ਇਹ ਥੇਹ ਕਿਸੇ ਸਮੇਂ ਇੱਥੇ ਹੋਏ ਸਾਧਾਂ ਦੀਆਂ ਸਮਾਧਾਂ ਦੇ ਹਨ, ਪਰ ਹੌਲੀ ਹੌਲੀ ਇਨ੍ਹਾਂ ਸਮਾਧਾਂ ਦੇ ਨਿਸ਼ਾਨ ਮਿਟ ਗਏ ਸਨ ਅਤੇ ਲੋਕਾਂ ਨੇ ਇਹਨਾਂ ਨੂੰ ਦੁਬਾਰਾ ਉਸਾਰਨ ਵਲ ਕੋਈ ਧਿਆਨ ਵੀ ਨਹੀਂ ਦਿੱਤਾ ਸੀ।

ਜੱਗੇ ਨੂੰ ਇੰਨਾਂ ਥੇਹਾਂ ਵਿਚ ਥੇਹ ਗਈ ਇਕ ਸਮਾਧ ਵਾਲੇ ਸਾਧ ਦੀ 'ਕਸਰ' ਹੋਈ ਸੀ। ਉਹ ਸਾਰਾ ਸਾਰਾ ਦਿਨ 'ਖੇਡਦਾ' ਰਹਿੰਦਾ, ਸਾਧੂਆਂ ਵਰਗਾ ਵਿਵਹਾਰ ਕਰਦਾ, ਘਰ ਨਾ ਵੜਦਾ ਅਤੇ 'ਖੇਡਦਾ' ਹੋਇਆ 'ਜੱਗੇ ਨੂੰ ਸਾਧ ਬਣਾ ਕੇ ਛੱਡਾਂਗੇ', ਜਹੀਆਂ ਸਾਧ ਦੀਆਂ ਇੱਛਾਵਾਂ ਪ੍ਰਗਟ ਕਰਦਾ ਰਹਿੰਦਾ। ਮੈਂ ਹਰ ਰੋਜ਼ ਪਿੰਡ ਗਈ ਜੱਗੇ ਬਾਰੇ ਕੋਈ ਨਾ ਕੋਈ ਗੱਲ ਸੁਣਦੀ,

"ਅੱਜ ਜੱਗਾ 'ਖੇਡਦਾ ਖੇਡਦਾ' ਮੜ੍ਹੀ ਤੇ ਚਲਾ ਗਿਆ ਸੀ"

"ਕੱਲ੍ਹ ਜੱਗੇ ਨੇ ਕੋਠੇ ਤੋਂ ਛਾਲ ਮਾਰ ਦਿੱਤੀ ਸੀ"

"ਅੱਜ ਜੱਗਾ 'ਅਸਰ' ਵਿਚ ਕਿੰਨਾ ਹੀ ਚਿਰ ਖੇਡਦਾ ਰਿਹਾ ਸੀ"

ਜੱਗਾ 'ਖੇਡਦਾ ਖੇਡਦਾ' ਰੋਹੀਏਂ ਚੜ੍ਹ ਜਾਂਦਾ ਸੀ ਉਸਦੀ ਮਾਂ ਬੜਾ ਹੀ ਰੋਂਦੀ ਸੀ। ਚਰਨੋ ਮੈਨੂੰ ਦਸਦੀ ਕਿ ਜੱਗਾ ਵੀਰਵਾਰ ਨੂੰ ਉਸਦੇ ਘਰ ਆ ਕੇ ਜੋਤਾਂ ਅੱਗੇ 'ਖੇਡਣ' ਲਗ ਪੈਂਦਾ ਸੀ ਅਤੇ ਫੇਰ ਮਸਾਂ ਹੀ ਘਰ ਮੁੜਦਾ ਸੀ। ਉਹ ਕਈ ਕਈ ਦਿਨ

ਰੋਟੀ ਵੀ ਨਹੀਂ ਖਾਂਦਾ ਸੀ ਅਤੇ ਥੇਹਾਂ ਵਿਚ ਰਾਤ ਭਰ ਪਿਆ ਰਹਿੰਦਾ ਸੀ।

ਆਪਣੇ ਫੀਲਡ ਵਰਕ ਦੌਰਾਨ ਮੈਂ 'ਕਸਰ' ਵਾਲੀਆਂ ਕਈ ਕੇਸ ਹਿਸਟਰੀਆਂ ਦਾ ਅਧਿਐਨ ਕੀਤਾ ਸੀ। ਖਾਸ ਤੌਰ ਤੇ ਚਰਨੋ ਦੀ ਕੇਸ ਹਿਸਟਰੀ ਦਾ ਵਰਨਣ ਮੈਂ ਵਿਸਥਾਰ ਨਾਲ ਕੀਤਾ ਸੀ ਅਤੇ ਉਸਦੇ 'ਕਸਰ' ਦਾ ਸ਼ਿਕਾਰ ਬਣਨ ਤੋਂ ਲੈ ਕੇ 'ਡੋਲੀ' ਬਣਨ ਦੇ ਕੇਸ ਨੂੰ ਮੈਂ ਲਿਖਿਆ ਤੇ ਵਾਚਿਆ ਸੀ ਅਤੇ ਇਸਦੇ ਵਿਸ਼ਲੇਸ਼ਣ ਰਾਹੀਂ ਰੋਗ ਦੇ ਪਰਾਭੌਤਿਕ ਪੱਖ ਦਾ ਬਰੀਕੀ ਨਾਲ ਅਧਿਐਨ ਕੀਤਾ ਸੀ।

ਪਰ 'ਕਸਰ' ਦਾ ਇਹ ਹਾਲੀਆ ਕੇਸ ਮੇਰੇ ਲਈ ਬੜਾ ਮਹੱਤਵਪੂਰਨ ਸੀ। ਮੈਂ ਅਜੇ ਤੱਕ ਕਿਸੇ ਬੰਦੇ ਨੂੰ 'ਕਸਰ' ਵਿਚ ਖੇਡਦੇ ਨਹੀਂ ਦੇਖਿਆ ਸੀ। ਮੇਰੇ ਲਈ ਇਹ ਗੱਲ ਉਤਸੁਕਤਾ ਵਾਲੀ ਵੀ ਸੀ ਅਤੇ ਕੁਝ ਡਰਾਉਣੀ ਵੀ। ਇਹ ਇਤਫਾਕ ਹੀ ਸੀ ਜਾਂ ਮੇਰਾ ਡਰ ਕਿ ਮੈਂ ਜੱਗੇ ਨੂੰ ਕਦੇ 'ਖੇਡਦੇ ਹੋਏ' ਦੇਖ ਨਾ ਸਕੀ। ਮੈਂ ਜੱਗੇ ਨੂੰ 'ਖੇਡਦੇ' ਦੇਖਣ ਦੀ ਬਹੁਤੀ ਉਤਸੁਕਤਾ ਦਿਖਾਕੇ ਤਮਾਸ਼ਬੀਨ ਵੀ ਨਹੀਂ ਸਾਂ ਬਣਨਾ ਚਾਹੁੰਦੀ। ਕਿਉਂਕਿ ਜੱਗੇ ਦੀ ਹਾਲਤ ਕਾਫੀ ਨਿਘਰੀ ਹੋਈ ਸੀ। ਜੇਕਰ ਮੈਂ ਜੱਗੇ ਨੂੰ 'ਖੇਡਦੇ ਦੇਖਣ' ਦੀ ਉਤਸੁਕਤਾ ਜ਼ਾਹਰ ਵੀ ਕਰਦੀ ਤਾਂ ਪਿੰਡ ਦੀਆਂ ਕਈ ਔਰਤਾਂ ਮੈਨੂੰ ਰੋਕ ਦੇਂਦੀਆਂ,

"ਬੀਬੀ ਅਗਲਾ ਸੌ ਉਪਾਅ ਕਰਦੈ, ਘਰ ਸਿਆਣੇ ਸੱਦੇ ਹੁੰਦੇ ਐ, ਖਬਰੇ ਕੋਈ 'ਸਿੱਟ' ਈ ਨਾ 'ਸਿਟ' ਦੇਣ ਤੇਰੇ ਤੇ......"

ਉਨ੍ਹਾਂ ਦੀ ਗੱਲ ਨੂੰ ਮੰਨ ਕੇ ਰੁਕ ਜਾਂਦੀ। ਉਦੋਂ ਜੱਗੇ ਦੇ ਘਰ ਨਾਲ ਮੇਰੀ ਕੋਈ ਪਛਾਣ ਵੀ ਨਹੀਂ ਸੀ। ਖੈਰ ਮੈਂ ਜੱਗੇ ਦੇ ਲਗਪਗ ਅੱਧਾ ਕੁ ਠੀਕ ਹੋਏ ਤੇ ਹੀ ਉਸਦੇ ਘਰ ਜਾ ਸਕੀ ਅਤੇ ਇਹ ਵੀ ਇਕ ਇਤਫ਼ਾਕ ਜਿਹਾ ਹੀ ਸੀ। ਚਰਨੋ ਨੇ ਮੈਨੂੰ ਦੱਸਿਆ ਸੀ ਕਿ ਜੱਗਾ ਜਿੰਨਾ ਕੁ ਠੀਕ ਹੋਇਆ ਸੀ ਉਸਦਾ ਕਾਰਨ ਇਹ ਸੀ ਕਿ ਜੱਗੇ ਦੀ ਮਾਂ ਨੇ ਉਸਦੇ ਜਨਮ ਵੇਲੇ ਸੁੱਖੀ ਹੋਈ ਕੋਈ 'ਭੁਲੀ ਹੋਈ ਸੁੱਖ' ਹੁਣ ਉਤਾਰ ਦਿੱਤੀ ਸੀ।

'ਸੁੱਖਾਂ ਸੁਖਣ' ਬਾਰੇ ਪਿੰਡ ਦੇ ਲੋਕਾਂ ਦਾ ਆਮ ਵਿਚਾਰ ਸੀ ਕਿ 'ਸੁੱਖ' ਤੁਰੰਤ ਲਾਹੁਣੀ ਹੀ ਚੰਗੀ ਗੱਲ ਹੈ। ਇਹ ਤਾਂ ਹੋ ਸਕਦਾ ਹੈ ਕਿ 'ਸੁੱਖ ਦਾ ਮੱਥਾ' ਆਦਿ ਟੇਕਣ ਸਮੇਂ ਕੋਈ 'ਦੁੱਖ-ਸੁੱਖ' ਆ ਜਾਵੇ। ਉਸ ਕੇਸ ਵਿਚ ਸੁੱਖ ਕਿਸੇ ਹੋਰ ਸਮੇਂ ਉਤਾਰੀ ਜਾ ਸਕਦੀ ਹੈ। ਪਰ ਸੁੱਖ ਨੂੰ ਇਕਦਮ ਭੁਲ ਨਹੀਂ ਜਾਣਾ ਚਾਹੀਦਾ। ਭੁਲੀਆਂ ਹੋਈਆਂ ਸੁੱਖਾਂ ਨੂੰ ਯਾਦ ਕਰਵਾਣ ਲਈ ਪੀਰ ਫ਼ਕੀਰ 'ਦੁੱਖ' ਦੇਂਦੇ ਸਨ। ਪੂਰਨ ਨਾਈ ਨੇ ਵੀ ਆਪਣੀ ਪਤਨੀ ਦੇ ਅਜਿਹੀ ਕਸਰ ਵਿਚ ਗੁਜ਼ਰ ਜਾਣ ਦੀ ਕਹਾਣੀ ਮੈਨੂੰ ਬੜੇ ਦੁੱਖ ਨਾਲ ਦੱਸੀ ਸੀ। ਪੂਰਨ ਦੇ ਘਰ ਕਈ ਸਾਲ ਔਲਾਦ ਨਹੀਂ ਸੀ ਹੋਈ। ਉਸਦੀ ਮਾਂ ਨੇ ਆਪਣੇ ਪੋਤੇ ਨੂੰ ਜਵਾਲਾ ਜੀ ਲਿਜਾਕੇ 'ਸੁੱਚੀ ਲੱਟ' ਭੇਟ

ਕਰਨ ਦੀ 'ਸੁੱਖ ਸੁਖੀ' ਸੀ। ਜਦੋਂ ਪੂਰਨ ਦਾ ਪੁੱਤਰ ਜੰਮਿਆ ਤਾਂ ਉਸਦੀ ਮਾਂ ਨੇ ਆਪਣੇ ਪੋਤੇ ਦੀ 'ਸੁੱਚੀ ਲਟ' ਕੱਟ ਕੇ ਕੱਚੀ ਕੰਧ ਵਿਚ ਲਿਪ ਦਿੱਤੀ ਸੀ।

ਪਿੰਡ ਦੇ ਰਿਵਾਜ ਅਨੁਸਾਰ ਨਵੇਂ ਜੰਮੇ ਮੁੰਡੇ ਦੇ ਸਿਰ ਦੇ ਕੁਝ ਵਾਲ ਉਸਦੇ ਜਨਮ ਦੇ ਦਿਨ ਤੋਂ ਲੈ ਕੇ ਗਿਆਰਵੇਂ ਦਿਨ ਦੇ ਵਿਚਕਾਰ ਕੱਟ ਕੇ ਕਿਸੇ ਲੁਕਵੀਂ ਥਾਂ ਤੇ ਰੱਖ ਦਿਤੇ ਜਾਂਦੇ ਹਨ। ਇਸਦੇ ਦੋ ਮੰਤਵ ਹੁੰਦੇ ਹਨ। ਇਕ, ਕਿ ਕੋਈ ਔਰਤ ਬੱਚੇ ਤੇ ਟੂਣਾ ਕਰ ਦੇਵੇ ਤਾਂ ਘਾਤਕ ਨਹੀਂ ਹੁੰਦਾ। ਦੂਜਾ, ਇਹ 'ਸੁੱਚੀ ਲਟ' ਦੇਵੀ ਦੀ ਅਮਾਨਤ ਹੁੰਦੀ ਹੈ, ਜਿਸਨੂੰ ਮਗਰੋਂ ਦੇਵੀ ਨੂੰ ਭੇਟ ਕਰ ਦਿਤਾ ਜਾਂਦਾ ਹੈ। ਇੰਜ 'ਸੁੱਚੀ ਲਟ' ਕਟੀ ਜਾਣ ਕਰਕੇ ਬੱਚੇ ਤੇ ਜੇਕਰ ਕੋਈ ਔਰਤ ਟੂਣਾ ਕਰ ਵੀ ਦੇਵੇ ਤਾਂ ਇਹ ਬਹੁਤਾ ਘਾਤਕ ਨਹੀਂ ਹੁੰਦਾ।

ਇਤਫ਼ਾਕ ਵਸ ਪੂਰਨ ਨਾਈ ਦੀ ਮਾਂ ਉਸ ਦੇ ਬੱਚੇ ਦੀ 'ਸੁੱਚੀ ਸੱਟ' ਸਾਂਭਣ ਤੋਂ ਬਾਦ ਇੱਕ ਦੋ ਦਿਨਾਂ ਦੀ ਬਿਮਾਰੀ ਮਗਰੋਂ ਤੁਰੰਤ ਹੀ ਮਰ ਗਈ ਅਤੇ ਉਸਦੀ 'ਸੁੱਖੀ ਸੁਖ' ਬਾਰੇ ਕਿਸੇ ਨੂੰ ਪਤਾ ਹੀ ਨਾ ਲੱਗਾ। ਮਗਰੋਂ ਪੂਰਨ ਦੀ ਪਤਨੀ ਨੂੰ ਜਵਾਲਾ ਜੀ ਦੀ 'ਕਸਰ' ਹੋ ਗਈ। ਉਦੋਂ ਪਿੰਡ ਦੀ ਕਿਸੇ ਕੰਜਕ, ਜਿਸ ਵਿਚ ਜਵਾਲਾ ਜੀ ਦੀ 'ਸਵਾਰੀ' ਆਉਂਦੀ ਸੀ, ਤੋਂ ਪੂਰਨ ਨੇ 'ਪੁੱਛਿਆ' ਲਈ । ਕੰਜਕ ਨੇ 'ਖੇਡ ਕੇ' ਪੂਰਨ ਨੂੰ ਦੱਸਿਆ,

"ਤੁਹਾਡੇ ਘਰ ਦੀ ਫਲਾਣੀ ਕੱਚੀ ਕੰਧ ਵਿਚ ਮੁੰਡੇ ਦੀ 'ਸੁੱਚੀ ਲਟ' ਲਿਪੀ ਪਈ ਹੈ, ਜੋ ਜਵਾਲਾ ਜੀ ਦੇ ਮੰਦਰ ਚੜ੍ਹਾਈ ਜਾਣੀ ਸੀ, ਪਰ ਤੁਸੀਂ ਇਹ 'ਸੁੱਖ' ਪੂਰੀ ਨਹੀਂ ਕੀਤੀ। ਸਚਮੁੱਚ 'ਸੁੱਚੀ ਲਟ' ਲੱਭ ਪਈ। ਪੂਰਨ ਆਪਣੀ ਪਤਨੀ ਅਤੇ ਬੱਚੇ ਸਮੇਤ ਜਵਾਲਾ ਜੀ ਦੇ ਮੱਥਾ ਟੇਕਣ ਗਿਆ ਪਰ ਉਦੋਂ ਤੱਕ ਸ਼ਾਇਦ ਬਹੁਤ ਦੇਰ ਹੋ ਚੁੱਕੀ ਸੀ ਅਤੇ ਪੂਰਨ ਦੀ ਪਤਨੀ ਇਸੇ 'ਕਸਰ' ਵਿਚ ਹੀ ਘੁਲ ਘੁਲ ਕੇ ਮਰ ਗਈ। ਉਂਜ ਪੂਰਨ ਨੇ ਮੈਨੂੰ ਇਹ ਵੀ ਦੱਸਿਆ ਕਿ ਉਸਦੀ ਪਤਨੀ ਲਈ ਡਾਕਟਰ ਨੇ ਕੋਈ ਦਵਾਈ ਲਿਖ ਕੇ ਦਿੱਤੀ ਸੀ, ਜਿਹੜੀ ਸਮੇਂ ਸਿਰ ਮੰਗਵਾਈ ਨਾ ਜਾ ਸਕੀ। ਪਰ ਪੂਰਨ ਦੇ ਅਨੁਸਾਰ ਵੇਲੇ ਸਿਰ ਇਲਾਜ ਨਾ ਬਣ ਸਕਣਾ ਵੀ ਤਾਂ ਜਵਾਲਾ ਜੀ ਦੀ ਕਰੋਪੀ ਦਾ ਹੀ ਰੂਪ ਸੀ, ਨਹੀਂ ਤਾਂ ਦੁਨੀਆਂ ਵਿਚ ਅੱਜ ਕਿਹੜੀ ਚੀਜ਼ ਦਾ ਇਲਾਜ ਨਹੀਂ ਬਣ ਗਿਆ।

ਸੋ ਲੋਕਾਂ ਦੀ ਥਿਊਰੀ ਅਨੁਸਾਰ ਕਿਸੇ ਕਾਰਨ 'ਸੁੱਖ' ਪੂਰੀ ਨਾ ਕਰ ਸਕਣਾ ਹੋਰ ਤਰ੍ਹਾਂ ਦੀ ਸਮੱਸਿਆ ਹੈ। ਕਿਸੇ ਵਕਤ ਘਰ ਵਿਚ ਕੋਈ ਦੁੱਖ-ਸੁੱਖ ਹੋ ਸਕਦਾ ਹੈ, ਪੈਸੇ ਦੀ ਕਮੀ ਹੀ ਹੋ ਸਕਦੀ ਹੈ ਜਾਂ ਹੋਰ ਕੋਈ ਰੁਝੇਵਾਂ ਹੋ ਜਾਂਦਾ ਹੈ ਪਰ ਉਦੋਂ 'ਸੁੱਖ' ਨੂੰ ਯਾਦ ਤਾਂ ਰਖਿਆ ਜਾਂਦਾ ਹੈ। ਦੂਜੇ ਪਾਸੇ ਜੇਕਰ ਤੁਸੀਂ 'ਸੁੱਖ' ਸੁਖਕੇ ਲਾਹੁਣੀ ਭੁੱਲ ਹੀ ਜਾਉ ਤਾਂ ਕਈ ਵਾਰੀ ਪੀਰ-ਫ਼ਕੀਰ ਏਨੇ 'ਕੁੰਟ' ਜਾਂਦੇ ਹਨ ਕਿ ਉਹਨਾਂ ਦੇ ਦਿੱਤੇ ਦੁੱਖ ਬੜੇ ਭਿਆਨਕ ਹੋ ਨਿਬੜਦੇ ਹਨ। ਇਸ ਸਬੰਧੀ ਲੋਕਾਂ ਦੇ

ਪਰਾਭੌਤਿਕ ਵਿਹਾਰ ਦਾ ਆਧਾਰ ਵੀ ਸਮਾਜਕ ਹੀ ਜਾਪਦਾ ਹੈ ਜਦੋਂ ਉਹ ਕਹਿੰਦੇ ਹਨ,

"ਅਗਲਾ (ਪੀਰ-ਫ਼ਕੀਰ) ਦੁੱਖ ਭੇਜਕੇ ਹੀ ਤੁਹਾਨੂੰ ਸੁੱਖ ਲਾਹੁਣੀ ਯਾਦ ਕਰਵਾਏ ਤਾਂ ਫਿਰ ਬੇਸੁਆਦੀ ਹੋ ਜਾਂਦੀ ਹੈ। ਚਾਹੀਦਾ ਤਾਂ ਇਹੀ ਹੁੰਦਾ ਹੈ ਕਿ ਉਧਰ ਅਗਲੇ ਨੇ ਤੁਹਾਡਾ ਕੰਮ ਪੂਰਾ ਕਰ ਦਿੱਤਾ, ਇਧਰ ਤੁਸੀਂ ਅਗਲੇ ਦਾ 'ਵਿਹਾਰ' ਕਰ ਦਿਉ।"

ਖੈਰ ਚਰਨੋ ਦੇ ਦੱਸੇ ਅਨੁਸਾਰ ਜੱਗਾ ਕਾਫੀ ਹੱਦ ਤੱਕ ਠੀਕ ਸੀ। ਜੱਗੇ ਦੀ ਕੇਸ ਹਿਸਟਰੀ ਬਾਰੇ ਕਈ ਗੱਲਾਂ ਮੈਨੂੰ ਲੋਕਾਂ ਤੋਂ ਪਤਾ ਲੱਗ ਚੁੱਕੀਆਂ ਸਨ। ਮਾਜਰੀ ਵਿਚ ਜਾ ਕੇ ਅਜੇ ਮੈਂ ਲਿਖਣਾ ਸ਼ੁਰੂ ਨਹੀਂ ਕੀਤਾ ਸੀ ਇਕ ਦਿਨ ਅਚਾਨਕ ਉਧਰੋਂ ਲੰਘਦਿਆਂ ਮੈਨੂੰ ਜੱਗੇ ਦੀ ਮਾਂ ਪਰਮੇਸਰੀ ਮਿਲ ਗਈ। ਉਦੋਂ ਪਰਮੇਸਰੀ ਦੇ ਜੱਗੇ ਦੀ ਮਾਂ ਹੋਣ ਦਾ ਵੀ ਮੈਨੂੰ ਅੰਦਾਜ਼ਾ ਹੀ ਸੀ।

ਜੱਗੇ ਹੁਰਾਂ ਦਾ ਟੱਬਰ ਬਹੁਤ ਸਾਲ ਪਹਿਲਾਂ 'ਪਾਸੇ' ਤੋਂ ਆਇਆ ਸੀ। ਪਿੰਡ ਦੇ ਜੱਟਾਂ ਦੇ ਇਕ ਲਾਣੇ ਨੇ ਜੱਗੇ ਦੇ ਆਦੀ ਪਿੰਡ ਦੀ ਪੰਚਾਇਤ ਸਾਹਮਣੇ ਪੱਗ ਅਤੇ ਰੁਪਇਆ ਦੇ ਕੇ ਜੱਗੇ ਦੇ ਦਾਦੇ ਨੂੰ ਇਸ ਪਿੰਡ ਲਿਆਂਦਾ ਸੀ। ਜੱਗੇ ਦਾ ਪਿਉ ਮੇਵਾ ਮਿਹਨਤੀ ਅਤੇ ਇਮਾਨਦਾਰ ਬੰਦਾ ਸੀ ਜਿਸਦੇ ਕੰਮ ਦੀ ਜੱਟਾਂ ਨੂੰ ਕਾਫੀ ਕਦਰ ਸੀ। ਹੁਣ ਤਾਂ ਚਮਾਰਾਂ ਵਾਲੇ ਕੰਮ ਦਾ ਠੇਕਾ ਹੋਣ ਲੱਗ ਪਿਆ ਸੀ ਅਤੇ ਪਿੰਡ ਦੇ ਕੁਝ ਚੋਣਵੇਂ ਚਮਾਰ ਇਹ ਠੇਕਾ ਲੈ ਕੇ ਬਾਕੀ ਚਮਾਰਾਂ ਨੂੰ ਉਨ੍ਹਾਂ ਦਾ ਬਣਦਾ ਹਿੱਸਾ ਦੇ ਦੇਂਦੇ ਸਨ। ਮੇਵਾ ਇਹ ਹਿੱਸਾ ਲੈਣ ਵਾਲਿਆਂ ਵਿਚੋਂ ਹੀ ਸੀ। ਉਸਨੇ ਜੱਟਾਂ ਦੇ ਖੇਤਾਂ ਵਿਚ ਦਿਹਾੜੀਆਂ ਕਰ ਕਰਕੇ ਤਿੰਨ ਮੁੰਡਿਆਂ ਵਿਚੋਂ ਦੋ ਨੂੰ ਦਸਵੀਂ ਕਰਵਾ ਕੇ ਫ਼ੌਜ ਦੀ ਨੌਕਰੀ ਲਵਾ ਦਿੱਤਾ ਸੀ। ਤੀਜਾ ਮੁੰਡਾ ਦਸਵੀਂ ਵਿਚ ਪੜ੍ਹ ਰਿਹਾ ਸੀ। ਮੇਵੇ ਦੀ ਇਕੋ ਇਕ ਧੀ ਵੀ ਵਿਆਹੀ ਵਰੀ ਸੀ। ਮੇਵੇ ਹੁਰਾਂ ਨੇ ਮਕਾਨ ਵੀ ਪੱਕਾ ਛੱਤ ਲਿਆ ਸੀ ਅਤੇ ਘਰ ਵਿਚ ਇਕ ਦੋ ਡੰਗਰ ਪਸ਼ੂ ਵੀ ਰੱਖੇ ਹੋਏ ਸਨ।

ਪਰਮੇਸ਼ਰੀ ਨੇ ਮੈਨੂੰ ਸਤਿ ਸ੍ਰੀ ਅਕਾਲ ਬੁਲਾਈ ਅਤੇ ਮੈਂ ਸਤਿ ਸ੍ਰੀ ਅਕਾਲ 'ਮੰਨ' ਲਈ। ਅਕਸਰ ਅਜਿਹਾ ਹੀ ਹੁੰਦਾ ਸੀ ਅਣਜਾਣ ਲੋਕ ਵੀ ਪਿੰਡ ਵਿਚ ਮੈਨੂੰ ਆਪੇ ਹੀ ਬੁਲਾ ਲੈਂਦੇ ਸਨ, ਕਿਉਂਕਿ ਮੇਰੀ ਵਾਕਫੀ ਤਾਂ ਹੋਰ ਲੋਕਾਂ ਦੇ ਰਾਹੀਂ ਉਨ੍ਹਾਂ ਤੱਕ ਪਹੁੰਚ ਹੀ ਚੁੱਕੀ ਹੁੰਦੀ ਸੀ। ਇਸ ਤਰ੍ਹਾਂ ਆਪਣੇ ਆਪ ਬੁਲਾਣ ਵਾਲਿਆਂ ਨੂੰ ਵੀ ਮੈਂ ਓਪਰਿਆਂ ਵਾਂਗ ਨਹੀਂ ਦੇਖਦੀ ਸਾਂ। ਵੈਸੇ ਵੀ ਹੁਣ ਤੱਕ ਮੇਰੇ ਬਾਰੇ ਲੋਕਾਂ ਦੀਆਂ ਸਾਰੀਆਂ ਉਤਸੁਕਤਾਵਾਂ 'ਕਤਾਬ ਬਣਾਉਣ ਵਾਲੀ ਬੀਬੀ' ਦੇ ਟਾਈਟਲ ਵਿਚ ਵਿਲੀਨ ਹੋ ਚੁੱਕੀਆਂ ਸਨ।

ਜੱਗੇ ਦੀ ਮਾਂ ਨੇ ਬੜੇ ਪਿਆਰ ਨਾਲ ਮੈਨੂੰ ਬੁਲਾਇਆ ਸੀ। ਇਹ ਠੀਕ ਹੈ ਕਿ ਮੈਂ ਆਪਣੇ ਸੈਂਪਲ ਵਿਚ ਜੱਟਾਂ ਤੋਂ ਇਲਾਵਾ ਹੋਰ ਜਾਤਾਂ ਦੇ ਲੋਕ ਵੀ ਲੈਣੇ ਸਨ ਪਰ ਅਜੇ ਜੱਟਾਂ ਵਾਲਾ ਕੰਮ ਬਾਕੀ ਰਹਿੰਦਾ ਸੀ ਅਤੇ ਮੈਂ ਇਹ ਪਾਸਾ ਮੁਕਾ ਕੇ ਹੀ ਮਾਜਰੀ ਵਲ ਲਿਖਣਾ ਅਰੰਭ ਕਰਨਾ ਚਾਹੁੰਦੀ ਸਾਂ। ਪਰਮੇਸ਼ਰੀ ਨੂੰ ਸ਼ਾਇਦ ਮੇਰਾ ਕੰਮ 'ਸਿਰਫ਼ ਜੱਟਾਂ ਦੇ ਘਰ ਜਾ ਕੇ ਲਿਖਣ' ਵਾਲਾ ਲਗਿਆ ਸੀ। ਤਾਂ ਹੀ ਉਸਨੇ ਝਿਜਕਦੇ ਹੋਏ ਮੈਨੂੰ ਕਿਹਾ,

"ਕਦੇ ਇੱਧਰ ਵੀ ਆਏਂਗੀ ਬੀਬੀ?"

"ਜ਼ਰੂਰ ਆਵਾਂਗੀ ਤੇ ਤੁਹਾਡੇ ਘਰ ਵੀ ਆਵਾਂਗੀ।"

ਇੰਨੇ ਵਿਚ ਮਾਜਰੀ ਦੀ ਕਿਸੇ ਔਰਤ ਨੇ ਲੰਘਦਿਆਂ ਪਰਮੇਸ਼ਰੀ ਤੋਂ ਜੱਗੇ ਦਾ ਹਾਲਚਾਲ ਪੁੱਛਿਆ ਤਾਂ ਮੈਨੂੰ ਪੱਕਾ ਪਤਾ ਲੱਗ ਗਿਆ ਕਿ ਇਹੋ ਜੱਗੇ ਦੀ ਮਾਂ ਸੀ। ਫੇਰ ਮੈਂ ਵੀ ਪਰਮੇਸ਼ਰੀ ਤੋਂ ਜੱਗੇ ਦਾ ਹਾਲਚਾਲ ਪੁੱਛਿਆ। ਉਸ ਦੀਆਂ ਅੱਖਾਂ ਭਰ ਆਈਆਂ। ਜੱਗਾ ਹਾਲੇ ਚੰਗੀ ਤਰ੍ਹਾਂ ਠੀਕ ਨਹੀਂ ਸੀ ਹੋਇਆ। ਉਸਨੂੰ ਫੌਜ ਚੋਂ ਲੈਣ ਆਏ ਬੰਦੇ ਤੀਜੀ ਵਾਰੀ ਮੁੜ ਗਏ ਸਨ। ਪਰ ਜੱਗੇ ਦੀ ਹਾਲਤ ਨੌਕਰੀ ਤੇ ਜਾਣ ਵਾਲੀ ਨਹੀਂ ਸੀ। ਲੋਕੀਂ ਦੱਸਦੇ ਸਨ ਕਿ ਜੱਗੇ ਦਾ ਤਾਂ ਸ਼ਾਇਦ ਨੌਕਰੀ ਤੋਂ ਨਾਮ ਹੀ ਕੱਟਿਆ ਜਾਵੇ।

ਅਸੀਂ ਕੁਝ ਕੁ ਗੱਲਾਂ ਜੱਗੇ ਦੀ ਸਿਹਤ ਬਾਰੇ ਕੀਤੀਆਂ। ਜੱਗੇ ਦੀ ਮਾਂ ਨੇ ਮੈਨੂੰ ਇਸ਼ਾਰੇ ਨਾਲ ਆਪਣਾ ਘਰ ਦੱਸਿਆ ਅਤੇ ਫੇਰ ਕਿਹਾ ਕਿ ਮੈਂ ਕਦੇ ਉਸ ਕੋਲ ਆ ਕੇ ਬੈਠਾਂ। 'ਚਲੋ ਮੈਂ ਤੁਹਾਡਾ ਘਰ ਦੇਖ ਹੀ ਲੈਂਦੀ ਹਾਂ', ਕਹਿ ਕੇ ਮੈਂ ਪਰਮੇਸ਼ਰੀ ਨਾਲ ਉਸਦੇ ਘਰ ਚਲੀ ਗਈ। ਘਰ ਪਹੁੰਚ ਕੇ ਪਰਮੇਸ਼ਰੀ ਨੇ ਵਿਹੜੇ ਵਿਚ ਮੰਜਾ ਡਾਹ ਦਿੱਤਾ ਅਤੇ ਉਪਰ ਦਰੀ ਵਿਛਾ ਦਿੱਤੀ। ਮੈਂ ਕੁਝ ਚਿਰ ਸਾਧਾਰਨ ਗੱਲਾਂ ਕਰਦੀ

ਰਹੀ। ਫੇਰ ਪਰਮੇਸ਼ਰੀ ਦੇ ਘਰ ਦੀ ਬੈਠਕ ਵਿਚ ਪਈਆਂ ਤਸਵੀਰਾਂ ਦੇਖਣ ਲੱਗ ਪਈ। ਆਪਣੀ ਧੀ ਦੇ ਵਿਆਹ ਦੀਆਂ ਫੋਟੋਆਂ ਮੈਨੂੰ ਦਿਖਾਂਦਿਆਂ ਪਰਮੇਸ਼ਰੀ ਨੇ ਦੱਸਿਆ ਕਿ ਉਸਦੀ ਧੀ ਅਤੇ ਜਵਾਈ ਨੇ ਆਉਂਦੇ ਹਫ਼ਤੇ ਪਿੰਡ ਆਉਣਾ ਸੀ। ਉਸਨੇ ਇਹ ਵੀ ਕਿਹਾ ਕਿ ਉਸਦੀ ਧੀ ਮੈਨੂੰ ਆਪਣੇ ਘਰ ਆਈ ਨੂੰ ਦੇਖ ਕੇ ਬਹੁਤ ਖੁਸ਼ ਹੋਵੇਗੀ। ਇਸ ਲਈ ਅਗਲੇ ਹਫ਼ਤੇ 'ਇੱਧਰ ਚੱਕਰ ਮਾਰਨ' ਦਾ ਇਕਰਾਰ ਉਸਨੇ ਮੈਥੋਂ ਜਾਂਦਿਆਂ ਹੀ ਲੈ ਲਿਆ।

ਫ਼ੌਜੀ ਵਰਦੀ ਵਿਚ ਜੱਗੇ ਦੀ ਫੋਟੋ ਮੈਨੂੰ ਦਿਖਾਂਦਿਆਂ ਪਰਮੇਸ਼ਰੀ ਦੀਆਂ ਅੱਖਾਂ ਭਰ ਆਈਆਂ। ਸੱਚਮੁੱਚ ਜੱਗਾ ਵਰਦੀ ਵਿਚ ਬੜਾ ਬਾਂਕਾ ਲੱਗ ਰਿਹਾ ਸੀ।

"ਪਰ ਹੁਣ ਤਾਂ ਚੰਦਰੇ ਦੇ ਮੂੰਹ ਤੇ ਰੌਣਕ ਹੀ ਨਹੀਂ ਰਹਿ ਗਈ।"

ਉਸਨੇ ਕਿਹਾ। ਜੱਗੇ ਦੀ ਕੇਸ ਹਿਸਟਰੀ ਪਰਤ ਦਰ ਪਰਤ ਮੇਰੇ ਸਾਹਮਣੇ ਖੁਲ੍ਹਣ ਵਾਲੀ ਸੀ। ਮੈਂ ਚਿਰਾਂ ਤੋਂ ਇਸ ਕੇਸ ਹਿਸਟਰੀ ਨੂੰ ਲਿਖਣ ਲਈ ਤਾਂਘ ਰਹੀ ਸਾਂ ਅਤੇ ਮੇਲ ਮੌਕਾ ਵੀ ਸੁਭਾਵਕ ਹੀ ਬਣ ਗਿਆ ਸੀ।

"ਪਰ ਜੱਗੇ ਦੀ ਤਕਲੀਫ਼ ਸ਼ੁਰੂ ਕਿੱਦਾਂ ਹੋਈ ਸੀ ?"

ਇਹ ਪ੍ਰਸ਼ਨ ਦਾਗ ਕੇ ਮੈਂ ਬੈਗ ਵਿਚੋਂ ਡਾਇਰੀ ਅਤੇ ਪੈੱਨ ਕੱਢਿਆ ਅਤੇ ਪੈੱਨ ਦਾ ਢੱਕਣ ਲਾਹੁੰਦਿਆਂ ਪਰਮੇਸ਼ਰੀ ਵਲ ਸਵਾਲੀਆ ਨਜ਼ਰ ਨਾਲ ਦੇਖਿਆ। ਪਰਮੇਸ਼ਰੀ ਮੇਰੇ ਪੈੱਨ ਵੱਲ ਦੇਖਣ ਲੱਗ ਪਈ ਅਤੇ ਅੱਖਾਂ ਭਰ ਕੇ ਕਹਿਣ ਲੱਗੀ,

"ਪੁੱਤਰ ਦੁੱਖਾਂ ਦੀਆਂ ਗੱਲਾਂ ਨਹੀਂ ਲਿਖੀਦੀਆਂ ਹੁੰਦੀਆਂ।"

'ਦੁੱਖਾਂ ਦੀਆਂ ਗੱਲਾਂ ਨਾ ਲਿਖਣ ਵਾਲੀ' ਪਰਮੇਸ਼ਰੀ ਦੀ ਗੱਲ ਮੇਰੀ ਸਮਝ ਵਿਚ ਆ ਗਈ ਸੀ। ਲਿਖੀ ਹੋਈ ਚੀਜ ਤਾਂ ਇਕ ਸਦੀਵੀ ਰਿਕਾਰਡ ਹੁੰਦੀ ਹੈ। ਜਿਸਨੂੰ ਜਿੰਨੀ ਵਾਰੀ ਚਾਹੋ ਪੜ੍ਹ ਲਉ। ਇਸ ਰਿਕਾਰਡ ਨੂੰ ਜਿੰਨੀ ਵਾਰੀ ਪੜ੍ਹਿਆ ਜਾਵੇਗਾ ਉਨੀ ਵਾਰੀ ਦੁੱਖ ਨੂੰ ਮੁੜ ਮੁੜ ਜੀਉਣ ਵਾਲੀ ਗਲ ਹੋਵੇਗੀ। ਪਰ ਲੋਕ ਤਾਂ 'ਦੁੱਖ' ਸ਼ਬਦ ਵੀ ਸੁੰਤਤਰ ਤੌਰ ਤੇ ਨਹੀਂ ਕਹਿੰਦੇ ਸਗੋਂ ਗਮੀ ਦੇ ਮੌਕਿਆਂ ਨੂੰ ਵੀ 'ਦੁੱਖ ਸੁਖ' ਕਹਿੰਦੇ ਹਨ।

ਮੈਂ ਸ਼ਰਮਿੰਦਗੀ ਜਹੀ ਨਾਲ ਪੈਨ ਦਾ ਢੱਕਣ ਬੰਦ ਕਰ ਦਿੱਤਾ ਤੇ ਡਾਇਰੀ ਨੂੰ ਮੁੜ ਬੈਗ ਵਿਚ ਪਾ ਦਿੱਤਾ। ਪਰਮੇਸ਼ਰੀ ਉਦੋਂ ਤੱਕ ਜੱਗੇ ਦੀ ਬਿਮਾਰੀ ਦੀਆਂ ਗੱਲਾਂ ਛੋਹ ਚੁੱਕੀ ਸੀ। ਸਾਧ ਦੀ ਸਮਾਧ ਕਹਿ ਕੇ ਅਸਲ ਵਿਚ ਜੱਗੇ ਨਹੀਂ, ਜੱਗੇ ਦੇ ਛੋਟੇ ਭਰਾ ਨੇ ਪਿਸ਼ਾਬ ਕੀਤਾ ਸੀ। ਇਕ ਦਿਨ ਦੋਵੇਂ ਭਰਾ ਸ਼ਰਾਬ ਪੀਂਦੇ ਪੀਂਦੇ ਲੜ ਪਏ ਸਨ। ਭੋਲੇ, ਜੱਗੇ ਦੇ ਭਰਾ ਦੇ ਸਿਰ ਵਿਚ ਉਸੇ ਸਮੇਂ ਸਾਧ ਦਾ ਅਸਰ ਆ ਗਿਆ ਸੀ। ਇਹ 'ਅਸਰ' ਭੋਲੇ ਵਿਚ ਪਹਿਲਾਂ ਵੀ ਕਦੀ ਕਦੀ ਆ ਜਾਂਦਾ ਸੀ। ਪਰ ਕਦੇ ਕਿਸੇ ਨੂੰ ਇਸ ਗੱਲ ਬਾਰੇ ਕੋਈ ਖਾਸ ਫ਼ਿਕਰ ਨਹੀਂ ਹੋਇਆ ਸੀ। ਭੋਲਾ ਸਿਰ ਮਾਰਨ

ਲੱਗ ਪਿਆ ਤਾਂ ਜੱਗੇ ਨੇ ਗੁੱਸੇ ਵਿਚ ਆ ਕੇ ਉਸਨੂੰ ਥੱਪੜ ਮਾਰ ਦਿੱਤਾ, ਅਤੇ ਇਹ ਵੀ ਕਿਹਾ ਕਿ ਉਹ ਪਖੰਡ ਕਰ ਰਿਹਾ ਸੀ। ਉਸੇ ਸਮੇਂ ਭੋਲਾ ਤਾਂ ਠੀਕ ਹੋ ਗਿਆ ਪਰ ਸਾਧ ਦਾ ਅਸਰ ਜੱਗੇ ਵਿਚ ਆ ਗਿਆ। ਜੱਗਾ ਜ਼ੋਰ ਜ਼ੋਰ ਨਾਲ ਸਿਰ ਮਾਰਨ ਲੱਗ ਪਿਆ। ਪਰਮੇਸ਼ਰੀ ਰਸੋਈ ਵਿਚ ਦੋਹਾਂ ਦੀਆਂ ਗੱਲਾਂ ਸੁਣ ਰਹੀ ਸੀ। ਉਸਨੇ ਜੱਗੇ ਦੇ 'ਸਿਰ ਚੜ੍ਹੇ' 'ਸਾਧ' ਦੇ 'ਪੈਰ' ਫੜ ਲਏ। ਪਰ ਉਦੋਂ ਤੱਕ ਸ਼ਾਇਦ ਦੇਰ ਹੋ ਚੁੱਕੀ ਸੀ। ਸਾਧ ਜੱਗੇ ਦੇ ਰਾਹੀਂ ਮੁੜ ਮੁੜ ਕਹਿ ਰਿਹਾ ਸੀ,

"ਜੱਗੇ ਨੂੰ ਸਾਧ ਬਣਾ ਕੇ ਛੱਡਾਂਗਾ।"

ਉਸ ਦਿਨ ਤੋਂ ਬਾਅਦ ਜੱਗੇ ਨੂੰ 'ਕਸਰ' ਰਹਿਣ ਲੱਗ ਪਈ। ਪਹਿਲਾਂ ਪਹਿਲ ਜੇਕਰ ਜੱਗਾ ਜਦੋਂ ਆਪ ਸ਼ਰਾਬ ਪੀਂਦਾ ਸੀ ਤਾਂ ਸਿਰ ਮਾਰਨ ਲੱਗ ਪੈਂਦਾ ਸੀ। ਮਗਰੋਂ ਕੋਈ ਬੰਦਾ ਸ਼ਰਾਬ ਪੀ ਕੇ ਉਨ੍ਹਾਂ ਦੇ ਘਰ ਵੀ ਆ ਜਾਂਦਾ ਤਾਂ ਜੱਗੇ ਵਿਚ ਸਾਧ ਦਾ ਅਸਰ ਆ ਜਾਂਦਾ ਸੀ।

ਜੱਗੇ ਦੀ ਕਸਰ ਜ਼ਾਹਰਾ ਤੌਰ ਤੇ ਇਸੇ ਥੱਪੜ ਮਾਰਨ ਵਾਲੀ ਘਟਨਾ ਤੋਂ ਸ਼ੁਰੂ ਹੋਈ ਸੀ। ਪਰ ਇਸਦੇ ਕਈ ਹੋਰ ਪਹਿਲੂ ਵੀ ਸਨ। ਮੇਵੇ ਨੇ ਇਸ ਪਿੰਡ ਵਿਚ ਆਕੇ ਬਹੁਤੀ ਤਰੱਕੀ ਕਰ ਲਈ ਸੀ। ਇਸ ਗੱਲ ਕਰਕੇ ਪਿੰਡ ਦੇ ਆਦੀ ਚਮਾਰਾਂ ਨੂੰ ਉਸ ਨਾਲ ਬੜੀ ਈਰਖਾ ਹੁੰਦੀ ਸੀ। ਮੇਵੇ ਦੇ ਮੁੰਡੇ ਵੀ ਸਾਊ ਸਨ ਅਤੇ ਉਨ੍ਹਾਂ ਦਾ ਟੱਬਰ ਪਿੰਡ ਦੇ ਜੱਟਾਂ ਵਿਚ ਕਾਫੀ ਚੰਗਾ ਕਰਕੇ ਜਾਣਿਆ ਜਾਂਦਾ ਸੀ। ਇਹ ਗੱਲ ਉਨ੍ਹਾਂ ਦੇ ਗੁਆਂਢੀ ਗੋਬਿੰਦੇ ਤੋਂ ਤਾਂ ਬਿਲਕੁਲ ਹੀ ਬਰਦਾਸ਼ਤ ਨਹੀਂ ਹੁੰਦੀ ਸੀ। ਗੋਬਿੰਦੇ ਦੀ ਪਤਨੀ ਪਰਮੇਸ਼ਰੀ ਨਾਲ ਬੜੀ ਖਾਰ ਖਾਂਦੀ ਸੀ। ਪਰਮੇਸ਼ਰੀ ਨੇ ਦੱਸਿਆ ਕਿ ਗੋਬਿੰਦੇ ਦੀ ਪਤਨੀ ਉਸਦੇ ਮੁੰਡਿਆਂ ਤੇ ਟੂਣੇ ਕਰਦੀ ਰਹੀ ਸੀ। ਇਸ ਗੱਲ ਬਾਰੇ ਉਸਨੂੰ ਆਪ ਹੀ ਕਾਫ਼ੀ ਚਿਰ ਮਗਰੋਂ ਪਤਾ ਲੱਗਿਆ ਸੀ। ਉਂਜ ਵੀ ਜੱਗੇ ਦੀ ਬਿਮਾਰੀ ਸਮੇਂ ਸਾਰਾ ਪਿੰਡ ਜੱਗੇ ਦਾ ਹਾਲ ਚਾਲ ਪੁੱਛਦਾ ਸੀ ਪਰ ਗੋਬਿੰਦੇ ਹੁਰੀਂ ਜੱਗੇ ਨੂੰ 'ਖੇਡਦੇ' ਦੇਖ ਕੇ ਅੰਦਰੋਂ ਕੁੰਡਾ ਲਾ ਲੈਂਦੇ ਸਨ।

ਪਰਮੇਸ਼ਰੀ ਨੇ ਦੱਸਿਆ ਕਿ ਉਨ੍ਹਾਂ ਦੀ ਗੁਆਂਢਣ ਸਾਂਝੀ ਕੰਧ ਤੋਂ ਟੂਣੇ ਉਨ੍ਹਾਂ ਦੇ ਘਰ ਸੁਟਦੀ ਰਹੀ ਸੀ। ਪਰਮੇਸ਼ਰੀ ਨੂੰ ਕਈ ਵਾਰੀ ਟੋਕੇ ਦੀ ਮਸ਼ੀਨ ਕੋਲੋਂ 5 7 ਸਿੱਕੇ ਲੱਭਦੇ ਹੁੰਦੇ ਸਨ ਪਰ ਉਸਨੇ ਕਦੇ ਇਸ ਗੱਲ ਨੂੰ ਗੌਲਿਆ ਨਹੀਂ ਸੀ। ਇਹ ਸੋਚ ਕੇ ਕਿ ਟੋਕਾ ਕਰਦਿਆਂ ਮੇਵੇ ਜਾਂ ਮੁੰਡਿਆਂ ਦੀਆਂ ਜੇਬਾਂ ਵਿਚੋਂ ਇਹ ਸਿੱਕੇ ਡਿੱਗ ਪੈਂਦੇ ਹੋਣਗੇ, ਪਰਮੇਸ਼ਰੀ ਉਹ ਸਿੱਕੇ ਚੁੱਕਕੇ ਵਰਤ ਲੈਂਦੀ ਸੀ। ਟੋਕੇ ਦੀ ਮਸ਼ੀਨ ਕੋਲ ਪਏ ਸਿੱਕੇ ਕਈ ਵਾਰੀ ਮੇਵੇ ਨੂੰ ਅਤੇ ਕਈ ਵਾਰੀ ਮੁੰਡਿਆਂ ਨੂੰ ਵੀ ਲੱਭੇ ਸਨ ਪਰ ਇਤਫਾਕ ਵਸ ਕਦੇ ਕਿਸੇ ਨੇ ਇਕ ਦੂਜੇ ਨਾਲ ਗੱਲ ਹੀ ਨਾ ਕੀਤੀ। ਇਹ ਗੱਲ ਤਾਂ ਜੱਗੇ ਦੀ ਕਸਰ ਤੋਂ ਮਗਰੋਂ ਇਕ 'ਸਿਆਣੇ' ਦੇ 'ਪੁੱਛਿਆ' ਦੇਣ ਸਮੇਂ ਪਤਾ ਲੱਗੀ ਸੀ ਕਿ ਉਹ ਸਿੱਕੇ ਸੁਟ ਕੇ ਤਾਂ ਗੋਬਿੰਦੇ ਦੀ ਪਤਨੀ ਟੂਣਾ ਕਰਦੀ ਰਹੀ ਸੀ।

ਸਿਆਣੇ ਮੇਵੇ ਹੁਰਾਂ ਦਾ ਮਕਾਨ ਵੀ 'ਭਾਰਾ' ਦੱਸਦੇ ਸਨ। ਚਾਹੇ ਮੇਵੇ ਹੁਰਾਂ ਨੇ ਪੂਰੇ ਪੈਸੇ ਖਰਚ ਕੇ ਇਹ ਮਕਾਨ ਖਰੀਦਿਆ ਸੀ ਅਤੇ ਕੁਝ ਸਾਲ ਹੋਏ ਇਸਨੂੰ ਪੱਕਾ ਵੀ ਕਰਵਾ ਲਿਆ ਸੀ ਪਰ ਅਸਲ ਵਿਚ ਇਸ ਮਕਾਨ ਵਾਲੀ ਥਾਂ ਕਿਸੇ ਸਮੇਂ ਮੇਵੇ ਦੇ ਘਰ ਦੇ ਪਿਛਲੇ ਪਾਸੇ ਬਣੀ ਮਸੀਤ ਦਾ ਹੀ ਇੱਕ ਹਿੱਸਾ ਸੀ। ਰਾਤ ਬਰਾਤੇ ਕੋਈ ਤੁਰਦੀ ਫਿਰਦੀ 'ਚੀਜ਼' ਮੇਵੇ ਨੂੰ ਅਤੇ ਪਰਮੇਸ਼ਰੀ ਨੂੰ ਵੀ ਕਈ ਵਾਰੀ ਦਿਖਾਈ ਦਿੱਤੀ ਸੀ ਪਰ ਉਨ੍ਹਾਂ ਨੇ ਇਸ ਗੱਲ ਨੂੰ ਬਹੁਤਾ ਗੌਲਿਆ ਨਹੀਂ ਸੀ। ਇਸ ਤੋਂ ਬਿਨਾਂ ਇਕ ਹੋਰ ਵੀ ਕਾਰਨ ਸੀ ਕਿਸੇ ਸਮੇਂ ਮੇਵੇ ਹੁਰਾਂ ਦਾ ਇਕ ਵਡਾਰੂ ਕੰਵਾਰਾ ਮਰਿਆ ਸੀ ਜਿਸਦੀ ਲਾਸ਼ ਵੀ ਨਹੀਂ ਮਿਲੀ ਸੀ। ਪਤਰੇ ਵਾਲਿਆਂ ਦੇ ਦੱਸਣ ਅਨੁਸਾਰ ਉਸਦੀ 'ਗਤੀ' ਨਹੀਂ ਹੋਈ ਸੀ। ਇਕ ਵਾਰੀ ਮੇਵਾ ਪਿਹੋਏ ਜਾ ਕੇ ਉਸਦੀ ਗਤੀ ਕਰਵਾ ਕੇ ਵੀ ਆਇਆ ਸੀ। ਪਰ ਗੱਲ ਬਣੀ ਨਹੀਂ ਸੀ ਅਤੇ ਸਿਆਣਿਆਂ ਨੇ ਉਸਨੂੰ ਪੂਰੀ ਵਿਧੀ ਅਨੁਸਾਰ ਵਡਾਰੂ ਦੀ 'ਗਤੀ ਕਰਵਾਉਣ' ਲਈ ਅਤੇ ਬਖੂਹਾ ਬਣਾਉਣ ਲਈ ਦੱਸਿਆ ਹੋਇਆ ਸੀ। ਪਰਮੇਸ਼ਰੀ ਦੇ ਦੱਸਣ ਅਨੁਸਾਰ ਅਜੇ ਇੰਨੀ ਪਰੋਖੋਂ ਨਹੀਂ ਸੀ ਅਤੇ ਗਤੀ ਵਾਲੀ ਗੱਲ ਉਨ੍ਹਾਂ ਨੇ ਹਾਲ ਦੀ ਘੜੀ ਸਥਗਿਤ ਕੀਤੀ ਹੋਈ ਸੀ। ਪਰਮੇਸ਼ਰੀ ਦੇ ਦੱਸਣ ਅਨੁਸਾਰ ਜਦੋਂ ਜੱਗੇ ਨੂੰ 'ਕਸਰ' ਹੋਣ ਲੱਗੀ ਤਾਂ ਚਮਾਰੂ ਡੇਰੇ ਦੇ ਸਾਧ ਨੇ ਉਦੋਂ ਹੀ ਦੱਸ ਦਿੱਤਾ ਸੀ ਕਿ ਆਪਣੇ ਵਡਾਰੂ ਨੂੰ ਰਾਜੀ ਕਰੋ। ਜਦੋਂ ਪਰਮੇਸ਼ਰੀ ਨੇ ਸਾਧ ਨੂੰ ਪਰੋਖੋਂ ਵਾਲੀ ਗੱਲ ਦਸੀ ਤਾਂ ਉਸਨੇ ਕਿਹਾ ਸੀ ਕਿ ਹਾਲ ਦੀ ਘੜੀ ਵਿਹੜੇ ਦੀ ਨੁੱਕਰ ਵਿਚ ਮੰਜੇ ਜਿਡੀ ਥਾਂ ਛੱਡ ਕੇ ਇੱਕ ਦੀਵਾ ਹੀ ਲਾ ਦਿਉ ਤਾਂ ਵੀ ਪਿਤਰ ਰਾਜੀ ਹੋ ਜਾਵੇਗਾ।

ਇਥੇ ਮੈਂ ਬਖੂਹੇ ਦਾ ਸੰਕਲਪ ਸਪਸ਼ਟ ਕਰਨਾ ਚਾਹਾਂਗੀ। ਜੱਟ ਆਪਣੇ ਵੱਡੇ ਵਡੇਰਿਆਂ ਦੇ ਨਾਂ ਤੇ ਆਪਣੇ ਖੇਤਾਂ ਵਿਚ ਸਮਾਧਾਂ ਬਣਾਉਂਦੇ ਹਨ ਜਿਨ੍ਹਾਂ ਨੂੰ ਉਹ ਬਖੂਹੇ ਕਹਿੰਦੇ ਹਨ। ਇਹ ਬਖੂਹੇ 5,7 ਇੱਟਾਂ ਨੂੰ ਝੌਂਪੜੀ ਦਾ ਆਕਾਰ ਦੇ ਕੇ ਬਣਾਏ ਜਾਂਦੇ ਹਨ ਅਤੇ ਇਨ੍ਹਾਂ ਵਿਚ ਦੀਵਾ ਲਾਉਣ ਲਈ ਥਾਂ ਰੱਖੀ ਹੁੰਦੀ ਹੈ। ਪਿਤਰਾਂ ਦੇ ਨਾਂ ਤੇ ਦੀਵੇ ਲਾਉਣ ਜਹੇ ਸੰਸਕਾਰ ਬਖੂਏ ਉੱਤੇ ਹੀ ਕੀਤੇ ਜਾਂਦੇ ਹਨ। ਇਹ ਦੀਵੇ ਦੁੱਧ ਪੁੱਤ ਦੇ ਵਾਧੇ ਤੇ, ਚੌਦਹ-ਮੌਸ ਨੂੰ ਅਤੇ ਦੀਵਾਲੀ ਨੂੰ ਲਾਏ ਜਾਂਦੇ ਹਨ। ਖੇਤ ਵਿਚ ਬਖੂਹੇ ਦੇ ਆਲੇ ਦੁਆਲੇ ਮੰਜੇ ਜਿੰਨੀ ਥਾਂ ਅਣਵਾਹੀ ਛੱਡ ਦਿੱਤੀ ਜਾਂਦੀ ਹੈ ਜਿੱਥੇ ਟਰੈਕਟਰ ਜਾਂ ਹੱਲ ਲਿਜਾਣਾ ਮਨ੍ਹਾਂ ਹੁੰਦਾ ਹੈ। ਲੋਕਾਂ ਦਾ ਇਹ ਦ੍ਰਿੜ ਵਿਸ਼ਵਾਸ ਹੈ ਕਿ ਜੇਕਰ ਪਿਤਰਾਂ ਦੇ ਨਾਂ ਤੇ ਸੰਸਕਾਰ ਨਾ ਕੀਤੇ ਜਾਣ ਤਾਂ ਉਹ ਕੁੰਟ ਕੇ ਬਹੁਤ ਦੁਖ ਦਿੰਦੇ ਹਨ। ਜੱਟਾਂ ਦੋਂ ਇਲਾਵਾ ਦੂਜੀਆਂ ਜਾਤਾਂ ਆਪਣੇ ਪਿਤਰਾਂ ਦੇ ਬਖੂਹੇ ਆਪਣੇ ਘਰਾਂ ਵਿਚ ਹੀ ਬਣਾਉਂਦੀਆਂ ਹਨ ਜਾਂ ਫਿਰ ਪਿੰਡ ਦੇ ਟੋਭੇ ਤੇ ਹੀ ਪਿਤਰਾਂ ਦੇ ਨਾਂ ਦੀ ਮਿੱਟੀ ਕੱਢ ਆਉਂਦੀਆਂ ਹਨ।

ਪਰ ਮੇਵੇ ਨੂੰ ਵਿਹੜੇ ਵਿਚ ਮੰਜੇ ਜਿੰਨੀ ਥਾਂ ਛਡਣ ਵਾਲੀ ਇਹ ਗੱਲ ਜਚੀ

ਨਹੀਂ ਸੀ। ਪਰਮੇਸ਼ਰੀ ਦੇ ਦੱਸਣ ਅਨੁਸਾਰ ਮੇਵਾ ਐਵੇਂ ਹੀ ਚਮਾਰੂ ਸਾਧ ਨਾਲ ਬਹਿਸ ਪਿਆ ਸੀ ਕਿ ਇਸ ਤਰ੍ਹਾਂ ਥਾਂ ਛੱਡਣ ਨਾਲੋਂ ਤਾਂ ਉਹ ਘਰ ਵਿਚ ਪੱਕਾ ਬਖੂਆ ਹੀ ਬਣਵਾਵੇਗਾ। ਪਰ ਉਨ੍ਹਾਂ ਦੀ ਮਾੜੀ ਕਿਸਮਤ ਸੀ ਕਿ ਮੇਵੇ ਨੇ ਇਹ ਕੰਮ ਵੀ ਵੇਲੇ ਸਿਰ ਨਹੀਂ ਕੀਤਾ ਸੀ ਅਤੇ ਇਸਦੀ 'ਕੱਸ' ਵੀ ਜੱਗੇ ਤੇ ਆ ਪਈ ਸੀ।

'ਪਿੱਤਰ', 'ਟੂਣਾ', 'ਸਮਾਧ', 'ਕਸਰ', 'ਸਾਧ', ਇਹ ਸਾਰੀਆਂ ਚੀਜ਼ਾਂ ਇਕੱਠੀਆਂ ਕਿਵੇਂ ਹੋ ਗਈਆਂ, ਇਸ ਬਾਰੇ ਮੈਨੂੰ ਹਲਕੀ ਜਿਹੀ ਸਮਝ ਸੀ ਕਿਉਂਕਿ ਪਹਿਲਾਂ ਵੀ ਮੈਂ ਪਿੰਡ ਦੇ ਲੋਕਾਂ ਦੇ 'ਚੀਜ਼ਾਂ' ਦੇ ਇਕੱਠੀਆਂ ਹੋ ਜਾਣ ਬਾਰੇ ਵਿਸ਼ਵਾਸ ਸਬੰਧੀ ਚਰਨੋਂ ਤੋਂ ਪੁੱਛਿਆ ਸੀ। ਉਸਨੇ ਮੈਨੂੰ ਦੱਸਿਆ ਸੀ 'ਬੀਬੀ ਸਾਰੇ ਪਿਤਰ, ਪੀਰ ਫਕੀਰ ਰਲੇ ਹੋਏ ਹੁੰਦੇ ਨੇ, ਇਕ ਦੂਜੇ ਦੇ ਲਿਹਾਜੂ ਹੁੰਦੇ ਨੇ। ਜਦੋਂ ਕਿਸੇ ਇਕ ਨੇ ਬੰਦੇ ਨੂੰ 'ਗੁੱਝਾ' ਦੁੱਖ ਦੇਣਾ ਹੁੰਦਾ ਹੈ ਤਾਂ ਇਹ ਸਾਰੇ ਇਕੱਠੇ ਹੋ ਜਾਂਦੇ ਨੇ। ਕੋਟਲੇ ਆਲਾ ਤਾਂ ਉਂਜ ਵੀ ਬੜਾ ਕੈੜਾ ਪੀਰ ਐ, ਸਾਰੀਆਂ ਮਾਤਾਂ, ਮਸਾਣੀਆਂ, ਇਸਦੇ ਮੂਹਰੇ ਪਾਣੀ ਭਰਦੀਆਂ ਨੇ, ਇਹ ਵੀ ਥੋੜ੍ਹੇ ਕੀਤੇ ਆਪ 'ਮੂਹਰੇ' ਨਹੀਂ ਹੁੰਦਾ, ਸਗੋਂ ਮਸਾਣੀ ਵਰਗੀਆਂ ਦੇਵੀਆਂ ਨੂੰ 'ਲੁਫੇ' ਦਾ ਜਾਂ ਭੈਰੋਂ ਵਰਗਿਆਂ ਨੂੰ ਸ਼ਰਾਬ ਦੀ ਬੋਤਲ ਦਿਵਾਣ ਦਾ ਲਾਲਚ ਦੇ ਕੇ 'ਅੱਗੇ ਲਾ' ਲੈਂਦਾ ਹੈ। ਇਹ 'ਚੀਜ਼ਾਂ' ਅਗਲੇ ਨੂੰ ਦੁਖ ਦੇਈ ਜਾਂਦੀਆਂ ਹਨ। ਪਤਰੇ ਵਾਲੇ ਵੀ 'ਕਸਰ' ਇਨ੍ਹਾਂ ਦੀ ਹੀ ਦੱਸੀ ਜਾਂਦੇ ਹਨ। ਅਗਲਾ ਇਲਾਜ ਕਰਵਾਈ ਜਾਂਦਾ ਹੈ ਅਤੇ ਇੰਝ ਹੀ ਉਲਝਿਆ ਰਹਿੰਦਾ ਹੈ। ਪਿਤਰਾਂ ਬਾਰੇ ਤਾਂ ਪਹਿਲਾਂ ਚਰਨੋ ਨੇ ਅਤੇ ਹੁਣ ਪਰਮੇਸ਼ਰੀ ਨੇ ਵੀ ਮੈਨੂੰ ਦੱਸਿਆ ਕਿ ਪਿਤਰ ਉਂਜ ਤਾਂ ਘਰਦਿਆਂ ਦੇ ਬੁਰੇ ਵਿਚ ਨਹੀਂ ਹੁੰਦੇ ਫੇਰ ਵੀ ਜੇ ਕੋਈ ਉਨ੍ਹਾਂ ਦੀ ਕਦੇ ਮੰਨਤਾ ਹੀ ਨਾ ਕਰੇ, ਤਾਂ ਇਹ ਬਹੁਤ ਕੁੰਟ ਜਾਂਦੇ ਹਨ ਅਤੇ ਆਪਣੇ ਹੀ ਲਾਣੇ ਨੂੰ ਦੁੱਧ ਪੁੱਤ ਲਈ ਤਰਸਾ ਦਿੰਦੇ ਹਨ। ਪਰ ਅਜਿਹੀ ਨੌਬਤ ਆਉਣ ਤੇ ਵੀ ਪਿਤਰ 'ਘਰ ਦੇ ਬੰਦੇ' ਹੋਣ ਕਾਰਨ ਆਪ 'ਮੂਹਰੇ' ਨਹੀਂ ਆਉਂਦੇ। ਸਗੋਂ ਹੋਰ ਹੋਰ ਚੀਜਾਂ ਤੋਂ 'ਕੰਮ ਲਈ ਜਾਂਦੇ' ਹਨ।

ਜੱਗੇ ਦੇ ਕੇਸ ਵਿਚ ਇੰਜ ਹੀ ਹੋਇਆ ਸੀ। ਪਰਮੇਸ਼ਰੀ ਨੇ ਮੈਨੂੰ ਦੱਸਿਆ ਕਿ ਸ਼ੁਰੂ ਵਿਚ ਸਿਆਣਿਆਂ ਨੇ ਉਨ੍ਹਾਂ ਨੂੰ ਕਹਿ ਦਿੱਤਾ ਸੀ ਆਪਣੇ ਘਰ ਦੇ ਪਿੱਤਰਾਂ ਨੂੰ ਮੰਨ ਲਉ ਅਤੇ ਉਨ੍ਹਾਂ ਦੇ ਨਾਂ ਦਾ ਦੀਵਾ ਲਾ ਦਿਉ। ਪਰ ਮਾੜੀ ਕਿਸਮਤ ਨੂੰ ਉਨ੍ਹਾਂ ਦੀ ਗਲ ਉਦੋਂ ਕਿਸੇ ਨੇ ਵੀ ਨਾ ਗੌਲੀ। ਸ਼ਾਇਦ ਤਾਂ ਹੀ ਇਨ੍ਹਾਂ ਸਭ ਚੀਜਾਂ ਦਾ ਅਸਰ ਇਕੱਠਾ ਹੋ ਕੇ ਜੱਗੇ ਤੇ ਆ ਗਿਆ ਸੀ। ਉਂਜ ਇਸ ਕਸਰ ਨੂੰ ਇਕ ਪੱਧਰ ਤੇ ਪਰਮੇਸ਼ਰੀ ਨੇ ਜੱਗੇ ਤੋਂ ਵੀ ਵੱਧ ਆਪਣੇ ਮਨ ਤੇ ਹੰਢਾਇਆ ਸੀ। ਇੱਧਰ ਜੱਗਾ ਖੇਡਦਾ ਖੇਡਦਾ 'ਰੋਹੀਏ ਚੜ੍ਹ ਜਾਂਦਾ' ਉਧਰ ਪਰਮੇਸ਼ਰੀ ਰੋ ਰੋ ਕੇ ਆਪਣਾ ਬੁਰਾ ਹਾਲ ਕਰ ਲੈਂਦੀ। ਆਂਢ ਗੁਆਂਢ ਦੇ ਲੋਕ ਦੋਹਾਂ ਨੂੰ ਬੜੇ ਜਤਨ ਨਾਲ ਸੰਭਾਲਦੇ। 'ਜੱਗੇ ਵਿਚਲਾ ਸਾਧ' ਮੁੜ ਮੁੜ ਜੱਗੇ ਨੂੰ 'ਨਾਲ ਲੈ ਜਾਣ' ਅਤੇ 'ਸਾਧ ਬਣਾ ਕੇ ਛੱਡਣ'

ਦੀ ਗੱਲ ਕਹਿੰਦਾ। ਜੱਗੇ ਦੀ ਮਾਂ ਉਸਦੇ ਪੈਰ ਫੜ ਫੜ ਕੇ 'ਬਸ ਇਸ ਗੱਲੋਂ ਬਖ਼ਸ਼ ਦੇਣ' ਲਈ ਉਸਦੇ ਤਰਲੇ ਕਰਦੀ।

ਇੱਕ ਵਾਰੀ ਜੱਗਾ ਖੇਡਦਾ ਖੇਡਦਾ ਰੋੜੀ ਬਰੋਟੇ ਤੇ ਚਲਾ ਗਿਆ ਅਤੇ ਸਾਧ ਦੀ ਸਮਾਧ ਦੁਆਲੇ ਗੋਲ ਗੋਲ ਚੱਕਰ ਕੱਢਣ ਲੱਗ ਪਿਆ। ਉਹ ਕਹਿੰਦਾ,

"ਇੱਥੇ ਮੇਰੀ ਸਮਾਧ ਹੁੰਦੀ ਸੀ।"

ਇਹ ਸੰਕੇਤ ਮੰਨ ਕੇ ਮੇਵੇ ਹੁਰਾਂ ਨੇ ਜੱਗੇ ਦੇ ਹੱਥੋਂ ਇਸ ਸਮਾਧ ਦੀ ਸੇਵਾ ਕਰਵਾਈ ਅਤੇ ਪੱਕੀ ਸਮਾਧ ਬਣਵਾਕੇ ਇਸਦੀ ਆਲੇ ਦੁਆਲੇ ਫੁੱਲ ਬੂਟੇ ਵੀ ਲਗਵਾ ਦਿੱਤੇ, ਜਿਨ੍ਹਾਂ ਨੂੰ ਜੱਗਾ ਹੁਣ ਤੱਕ ਪਾਣੀ ਦੇ ਦੇ ਕੇ ਆਉਂਦਾ ਸੀ। ਇੱਕ ਵਾਰੀ ਜੱਗਾ ਬਰੋਟੇ ਕੋਲ ਜਾ ਕੇ ਸੌਂ ਗਿਆ। ਇਸ ਥਾਂ ਤੇ ਪਿੰਡ ਦੇ ਬਜ਼ੁਰਗਾਂ ਦੇ ਦੱਸਣ ਅਨੁਸਾਰ ਕਈ ਸਾਲ ਹੋਏ ਲੱਕ ਲੱਕ ਜਿੱਡੇ ਲੰਮੇ ਸੱਪ ਨਿੱਕਲੇ ਸਨ। ਜੱਗਾ ਰਾਤ ਤੱਕ ਨਾ ਮੁੜਿਆ ਤਾਂ ਪਰਮੇਸ਼ਰੀ ਉਸਨੂੰ ਮੋੜ ਕੇ ਲਿਆਉਣ ਲਈ ਬਰੋਟੇ ਤੇ ਗਈ। ਜੱਗੇ ਨੇ ਓਪਰਿਆਂ ਵਾਂਗ ਕਹਿ ਦਿੱਤਾ,

"ਬੀਬੀ ਜੇਕਰ ਤੂੰ ਇੱਥੇ ਮੁੜਕੇ ਆਈ ਤਾਂ ਮੈਂ ਪਿੰਡ ਵਿਚ ਵੀ ਨਹੀਂ ਰਹਾਂਗਾ ਅਤੇ ਕਿਤੇ 'ਲੰਮੇ' ਚਲਾ ਜਾਵਾਂਗਾ।"

ਪਰਮੇਸ਼ਰੀ ਲਈ ਜੱਗੇ ਦੇ 'ਲੰਮੇ' ਚਲੇ ਜਾਣ ਵਾਲੀ ਗੱਲ ਉੱਕਾ ਹੀ ਅਸਹਿ ਸੀ। ਇਸ ਲਈ ਉਸਨੇ ਹੱਥ ਜੋੜ ਕੇ ਕਹਿ ਦਿੱਤਾ ਕਿ ਜੱਗਾ ਚਾਹੇ ਰੋੜੀ ਬਰੋਟੇ ਤੇ ਹੀ ਰਹੇ, ਉਹ ਉਸਨੂੰ ਮੋੜ ਕੇ ਲਿਜਾਣ ਲਈ ਦੁਬਾਰਾ ਨਹੀਂ ਆਵੇਗੀ। ਪਰਮੇਸ਼ਰੀ ਭੋਲੇ ਦੇ ਹੱਥ ਜੱਗੇ ਲਈ ਰੋਟੀ ਭੇਜ ਦੇਂਦੀ। ਜੇਕਰ ਉਹ ਰੋਟੀ ਖਾ ਲੈਂਦਾ ਤਾਂ ਪਰਮੇਸ਼ਰੀ ਵੀ ਦੋ ਚਾਰ ਗਰਾਹੀਆਂ ਖਾ ਲੈਂਦੀ, ਨਹੀਂ ਤਾਂ ਸਾਰਾ ਸਾਰਾ ਦਿਨ ਰੋਂਦੀ ਰਹਿੰਦੀ।

ਫੇਰ ਜੱਗਾ ਕਦੇ ਕਦੇ ਬੀਹੀ ਵਿਚ ਆ ਜਾਂਦਾ। ਇਕ ਦਿਨ ਉਸਨੇ ਸਾਹਮਣੇ ਗੁਆਂਢੀਆਂ ਦੇ ਘਰੋਂ ਪੀਣ ਲਈ ਲੱਸੀ ਮੰਗੀ। ਗੁਆਂਢਣ ਪਰਮੇਸ਼ਰੀ ਨੂੰ ਸਾਰਾ ਦਿਨ ਰੋਂਦਿਆਂ ਦੇਖਦੀ ਰਹਿੰਦੀ ਸੀ। ਉਸਨੇ ਜੱਗੇ ਨੂੰ ਆਪਣੇ ਘਰ ਲੱਸੀ ਨਾ ਹੋਣ ਦਾ ਬਹਾਨਾ ਲਾ ਦਿੱਤਾ ਅਤੇ ਉਸਨੂੰ ਘੜੀ ਕੁ ਬੈਠ ਜਾਣ ਲਈ ਕਿਹਾ ਤਾਂ ਕਿ ਉਹ ਕਿਸੇ ਹੋਰ ਦੇ ਘਰੋਂ ਲੱਸੀ ਲੈ ਆਵੇ। ਜੱਗੇ ਨੂੰ ਬਿਠਾ ਕੇ ਗੁਆਂਢਣ ਭੱਜ ਕੇ ਪਰਮੇਸ਼ਰੀ ਕੋਲੋਂ ਲੱਸੀ ਲੈ ਆਈ ਅਤੇ ਜੱਗੇ ਨੂੰ ਪਿਲਾ ਦਿੱਤੀ। ਪਰਮੇਸ਼ਰੀ ਲੁਕ ਕੇ ਜੱਗੇ ਨੂੰ ਲੱਸੀ ਪੀਂਦਿਆਂ ਦੇਖਦੀ ਰਹੀ ਅਤੇ ਰੋਂਦੀ ਰਹੀ।

ਆਖਰ ਮੇਵਾ ਅਤੇ ਪਿੰਡ ਦੇ ਕੁਝ ਮੁੰਡੇ ਇਕ ਦਿਨ ਜੱਗੇ ਨੂੰ ਘਰ ਮੋੜ ਲਿਆਉਣ ਵਿਚ ਸਫ਼ਲ ਹੋ ਗਏ। ਸਿਆਣਿਆਂ ਦੇ ਇਲਾਜ ਵੀ ਚਲਦੇ ਰਹੇ, ਵਡੇਰਿਆਂ ਦਾ ਦੀਵਾ ਵੀ ਲਾ ਦਿੱਤਾ ਗਿਆ। ਭੁੱਲੀਆਂ ਚੁੱਕੀਆਂ 'ਸੁੱਖਾਂ' ਵੀ ਲਾਹ ਦਿੱਤੀਆਂ ਗਈਆਂ।

ਫਿਰ ਜੱਗਾ ਕੁਝ ਰਾਜੀ ਹੋ ਗਿਆ। ਪਰਮੇਸ਼ਰੀ ਦੇ ਦੱਸਣ ਅਨੁਸਾਰ,

"ਸਿਆਣਿਆਂ ਦਾ ਤਾਂ ਅਸੀਂ ਕੋਈ ਅਗਲਾ ਪਿਛਲਾ  ਕਰਜ ਦੇਣਾ ਹੋਣੈ। ਅਸਲੀ ਆਰਾਮ ਤਾਂ ਵਡਾਰੂ ਨੂੰ ਮੰਨ ਲੈਣ ਤੋਂ ਹੀ ਆਇਆ ਸੀ।"

ਉਸ ਦਿਨ ਮੈਂ ਪਰਮੇਸ਼ਰੀ ਕੋਲ ਲਗਪਗ ਛੇ ਘੰਟੇ ਬੈਠੀ ਰਹੀ। ਅਚਾਨਕ ਮੈਨੂੰ ਖ਼ਿਆਲ ਆਇਆ ਕਿ ਮੇਰੀ ਤਾਂ ਬਸ ਆਉਣ ਵਿਚ ਸਿਰਫ਼ ਅੱਧਾ ਕੁ ਘੰਟਾ ਰਹਿ ਗਿਆ ਸੀ। ਜੱਗੇ ਦੀਆਂ ਗੱਲਾਂ ਕਰਦੀ ਪਰਮੇਸ਼ਰੀ ਲਗਪਗ ਸਾਰਾ ਸਮਾਂ ਰੋਂਦੀ ਰਹੀ ਸੀ। ਇਸ ਦੌਰਾਨ ਮੇਰਾ ਵੀ ਮਨ ਬੜੀ ਵਾਰੀ ਭਰ ਆਇਆ ਸੀ। ਜੱਗੇ ਦੀ ਕਹਾਣੀ ਮੁਕੀ ਤਾਂ ਮੈਂ ਪਾਣੀ ਦਾ ਗਿਲਾਸ ਪੀਤਾ। ਦਿਹਾੜੀ ਕਰਕੇ ਮੁੜਦੀ ਗੁਆਂਢੀ ਚਮਾਰਾਂ ਦੀ ਬਹੂ ਨੂੰ ਮੇਰੇ ਪਰਮੇਸ਼ਰੀ ਕੋਲ ਬੈਠੇ ਹੋਣ ਦਾ ਪਤਾ ਲੱਗਾ ਤਾਂ ਉਹ ਪਰਮੇਸ਼ਰੀ ਦੇ ਘਰ ਅੰਦਰ ਲੰਘ ਆਈ। ਉਹ ਮੈਨੂੰ ਦੇਖਕੇ ਅਜੇ ਉਹ ਕੁਝ ਪੁੱਛਣ ਹੀ ਲੱਗੀ ਸੀ ਕਿ ਪਰਮੇਸ਼ਰੀ ਬੋਲੀ,

"ਬੀਬੀ ਨਾਲ 'ਦੁੱਖ-ਸੁੱਖ' ਕਰਦੀ ਸਾਂ, ਜੱਗੇ ਦੀਆਂ ਗੱਲਾਂ ਛਿੜ ਪਈਆਂ ਤਾਂ ਕਿੰਨਾ ਚਿਰ ਲੰਘ ਗਿਆ। ਬੀਬੀ ਜੱਗੇ ਦਾ ਹਾਲ ਚਾਲ ਪੁੱਛਦੀ ਸੀ।"

'ਦੁੱਖ ਸੁੱਖ ਕਰਨ' ਅਤੇ 'ਦੁੱਖਾਂ ਦੀਆਂ ਗੱਲਾਂ ਲਿਖਣ' ਵਿਚਕਾਰਲਾ ਫ਼ਰਕ ਉਸ ਦਿਨ ਮੇਰੇ ਸਾਹਮਣੇ ਪਹਿਲੀ ਵਾਰੀ ਏਨਾ ਸਪਸ਼ਟ ਹੋਇਆ। ਮੈਂ ਫੇਰ ਵੀ ਪਰਮੇਸ਼ਰੀ ਕੋਲ ਜਾਂਦੀ ਰਹੀ, ਪਰ ਹਮੇਸ਼ਾਂ ਜੱਗੇ ਦਾ ਹਾਲਚਾਲ ਪੁੱਛਣ ਲਈ, 'ਦੁੱਖ-ਸੁੱਖ' ਕਰਨ ਲਈ। ਜੱਗੇ ਦੀ ਕੇਸ ਹਿਸਟਰੀ ਮੇਰੇ ਕਿਆਸ ਨਾਲੋਂ ਵੀ ਵੱਧ ਦੁਖਦਾਈ ਅਤੇ ਗੁੰਝਲਦਾਰ ਸੀ। ਇਸ ਦੀਆਂ ਗੁੰਝਲਾਂ ਨੂੰ ਸੁਲਝਾ ਕੇ ਸਮਝਣ ਅਤੇ ਉਕਤ ਲਫਜਾਂ ਵਿਚ ਪ੍ਰਗਟਾਉਣ ਦੀ ਸਮੱਰਥਾ ਪ੍ਰਾਪਤ ਕਰਦਿਆਂ ਮੈਨੂੰ ਬਹੁਤ ਸਮਾਂ ਲੱਗ ਗਿਆ। ਪਰ ਇਹੋ ਜਹੀ ਨਿੱਗਰ ਕੇਸ ਹਿਸਟਰੀ ਨੇ ਜਿੱਥੇ ਮੇਰੇ ਥੀਸਿਸ ਲਈ ਮੈਨੂੰ ਬਹੁਤ ਸਮੱਗਰੀ ਪ੍ਰਦਾਨ ਕੀਤੀ, ਉਥੇ ਮੈਨੂੰ ਸਭਿਆਚਾਰ ਬਾਰੇ ਬਹੁਤ ਸਾਰੀ ਸਮਝ ਅਤੇ ਸਿਆਣਪ ਨਾਲ ਵੀ ਨਿਵਾਜ ਦਿੱਤਾ।

ਸੱਚਮੁੱਚ ਪਿੰਡ ਜਾ ਕੇ ਮੈਨੂੰ ਆਪਣਾ ਵਜੂਦ ਇਕ ਸਿਆਣੀ, ਸਮਝਦਾਰ ਅਤੇ ਜਿੰਮੇਵਾਰ ਔਰਤ ਵਾਲਾ ਜਾਪਣ ਲਗ ਪਿਆ। ਫੀਲਡ ਵਰਕ ਤੋਂ ਪਹਿਲਾਂ, ਆਪਣੇ ਆਲੇ ਦੁਆਲੇ ਵਿਚ ਮੈਂ ਇਕ ਕੰਵਾਰੀ ਕੁੜੀ ਦੇ ਬੇਪਰਵਾਹ ਜਿਹੇ ਸਟੇਟਸ ਨਾਲ ਜੀਉਂਦੀ ਰਹੀ ਸਾਂ, ਪਰ ਪਿੰਡ ਦੇ ਹਿਸਾਬ ਨਾਲ ਕੱਪੜੇ ਗਹਿਣੇ ਪਾਉਣ ਤੋਂ ਲੈ ਕੇ ਪਿੰਡ ਦੇ ਦੁੱਖ-ਸੁੱਖ ਵਿਚ ਵਰਤ ਵਿਹਾਰ ਕਰਨਾ ਮੈਂ ਫੀਲਡ ਵਰਕ ਦੌਰਾਨ ਸਿਖਿਆ। ਪਿੰਡ ਦੇ ਮੇਲੇ ਤਿਉਹਾਰਾਂ ਨੂੰ ਵੀ ਮੈਂ ਨੂੰ ਉਥੋਂ ਦੇ ਲੋਕਾਂ ਵਰਗੀ ਸ਼ਿੱਦਤ ਨਾਲ ਮਨਾਇਆ। ਵਿਆਹ ਸ਼ਾਦੀਆਂ ਤੇ ਪਿੰਡ ਦੀ ਵਰਤੋਂ-ਵਿਹਾਰ ਕੀਤੀ, ਸ਼ਗਨ ਦਿੱਤੇ। ਮੈਂ ਆਪਣੇ ਫੀਲਡ ਵਰਕ ਦੌਰਾਨ ਅਤੇ ਇਸ ਤੋਂ ਮਗਰੋਂ ਵੀ ਪਿੰਡ ਦੇ ਦੁੱਖ-ਸੁੱਖ ਦੀ ਸਾਂਝੀ ਰਹੀ। ਪਿੰਡ ਵਿਚ ਕਿਸੇ ਦੀ ਮੌਤ ਤੇ ਸ਼ਮਸ਼ਾਨ ਭੂਮੀ ਦੇ ਨੇੜੇ ਤੱਕ ਜਾਣ ਤੋਂ ਲੈ ਕੇ ਭੋਗ ਦੇ ਮੌਕਿਆਂ ਤੱਕ ਹਾਜ਼ਰੀ ਦਿੱਤੀ। ਲੋਕਾਂ ਨਾਲ ਉਨ੍ਹਾਂ ਦੇ ਨਫੇ ਨੁਕਸਾਨ ਦੀਆਂ ਗੱਲਾਂ ਸਾਂਝੀਆਂ ਕੀਤੀਆਂ। ਲੋਕਾਂ ਦੇ ਸ਼ਹਿਰ ਦੇ ਨਿੱਕੇ ਮੋਟੇ ਕੰਮ ਨਿਪਟਾਏ। ਹੌਲੀ ਹੌਲੀ ਮੈਂ ਪਿੰਡ ਨੂੰ ਆਪਣੇ ਅੰਦਰ ਮਹਿਸੂਸ ਕਰਨ ਲੱਗੀ। ਪਿੰਡ ਦੇ ਪੀਰ ਫਕੀਰ ਮੈਨੂੰ ਆਪਣੇ ਲੱਗਦੇ। ਸਾਰੇ ਘਰ, ਬੀਹੀਆਂ, ਰਸਤੇ ਮੇਰੇ ਹੋ ਗਏ, ਤੇ ਫੇਰ....ਪਿੰਡ ਹੀ ਮੇਰਾ ਹੋ ਗਿਆ। ਜਿੰਨ੍ਹਾਂ ਲੋਕਾਂ ਨੇ ਪਹਿਲਾਂ ਪਹਿਲ ਮੈਨੂੰ ਮਸਾਂ ਹੀ ਸਵੀਕਾਰ ਕੀਤਾ ਸੀ, ਉਹੀ ਲੋਕ ਮੇਰੇ ਫੀਲਡ ਵਰਕ ਨੂੰ 'ਬਸ ਮੁਕਣ ਵਾਲਾ' ਸੁਣਕੇ ਅੱਖਾਂ ਭਰ ਲੈਂਦੇ।

"ਫੇਰ ਵੀ ਆਇਆ ਕਰੇਂਗੀ ਨਾ ਬੀਬੀ"

"ਤੂੰ ਅਗਲੇ ਸਾਲ ਵੀ ਕੋਰਸ ਵਾਸਤੇ ਇਹੀ ਪਿੰਡ ਲੈ ਲੀਂ।"

"ਜਾਣੀ ਜਦੋਂ ਤੂੰ ਦਿਖੇਗੀ ਨ੍ਹੀ ਹੌਲ ਜਿਹਾ ਪਿਆ ਕਰੂਗਾ"

"ਬੀਬੀ ਤੂੰ ਤਾਂ ਜਮ੍ਹਾਂ ਈ ਆਪਣੀ ਬਣ ਗਈ ਸਾਰੇ ਪਿੰਡ ਗਰਾਉਂਦੀ ਦੀ"

"ਸਾਰੇ ਤੇਰੇ ਨਾਉਂ ਦੀ ਸਹੁੰ ਦੇਂਦੇ ਨੇ"

"ਸਾਨੂੰ ਤਾਂ ਤੂੰ ਆਪਣੀਆਂ ਧੀਆਂ ਭੈਣਾਂ ਤੋਂ ਵੀ ਵਧ ਐਂ।"

"ਦੇਖੀਂ ਕੇਡੇ ਸੱਤ ਨਾਲ ਕੰਮ ਕੀਤੈ ਇਸਨੇ ਬੂਹੇ ਬੂਹੇ ਫਿਰਕੇ, ਕਿਹੜਾ ਕਰਲੂ ਏਹ ਜਿਆ"

ਲੋਕ ਮੇਰੇ ਬਾਰੇ ਕਹਿੰਦੇ।

ਮੈਂ ਆਪਣੇ ਫੀਲਡ ਵਰਕ ਦੇ ਮੁਕਣ ਵਾਲੇ ਇਸ ਸਮੇਂ ਨੂੰ ਜਾਣ ਬੁਝ ਕੇ ਗੈਪ

ਪਾ ਪਾ ਕੇ ਲੰਮਾ ਕੀਤਾ ਸੀ। ਇਕਦਮ ਟੁੱਟ ਕੇ ਪਿੰਡ ਵਿਚੋਂ ਆ ਜਾਣਾ, ਮੈਨੂੰ ਆਪ ਹੀ ਬੜਾ ਔਖਾ ਲਗਦਾ ਸੀ। ਮੇਰਾ 'ਕੰਮ ਮੁੱਕ ਗਿਆ' ਸੁਣ ਕੇ ਬਹੁਤ ਲੋਕਾਂ ਨੇ ਅੱਖਾਂ ਭਰੀਆਂ ਸਨ ਅਤੇ ਉਨ੍ਹਾਂ ਸਭ ਤੋਂ ਵੱਧ 'ਆਪਣੇ ਪਿੰਡ' ਤੋਂ ਆਉਣ ਲੱਗਿਆਂ ਮੈਂ ਆਪ ਰੋਈ ਸਾਂ।

ਪਰ ਮੈਂ ਆਪਣਾ ਪਿੰਡ ਛੱਡਿਆ ਨਹੀਂ ਕਦੇ। ਆਪਣੇ ਪਿੰਡ ਨੂੰ ਕਦੇ ਕੋਈ ਛੱਡ ਸਕਿਐ ? ਪਿੰਡ ਦੀਆਂ ਬੀਹੀਆਂ ਨੂੰ ਤਾਂ ਮੈਂ ਹੁਣ ਵੀ ਅੱਖਾਂ ਮੀਚ ਕੇ ਪਛਾਣ ਸਕਦੀ ਹਾਂ। ਪਿੰਡ ਦੇ ਥਾਨਾਂ ਸਮਾਧਾਂ ਦੇ ਮੈਨੂੰ ਹੁਣ ਵੀ ਸੁਪਨੇ ਆਉਂਦੇ ਹਨ। ਅੱਜ ਵੀ ਮੈਂ ਆਪਣੇ ਪਿੰਡ ਦੇ ਲੋਕਾਂ ਨੂੰ ਭੀੜ ਵਿਚੋਂ ਪਛਾਣ ਕੇ ਬੁਲਾ ਲੈਂਦੀ ਹਾਂ। 'ਆਪਣੇ ਪਿੰਡ' ਨੂੰ ਲੱਗੀ ਮਿੰਨੀ ਬਸ ਦੀਆਂ ਖੁੱਲ੍ਹੀਆਂ ਬਾਰੀਆਂ ਵਿਚੋਂ ਦਿਸਦੇ ਅਤੇ ਬਸ ਦੀ ਛੱਤ ਤੇ ਬੈਠੇ ਲੋਕਾਂ ਚੋਂ ਮੈਂ ਅੱਜ ਵੀ ਆਪਣੇ ਪਿੰਡ ਦੇ ਬੰਦੇ ਪਛਾਣ ਕੇ ਲੱਭ ਸਕਦੀ ਹਾਂ। ਅੱਜ ਵੀ ਮੈਂ ਆਪਣੇ ਪਿੰਡ ਜਾਂਦੀ ਮਿੰਨੀ ਬਸ ਨੂੰ ਓਦਰਿਆਂ ਵਾਂਗ ਦੇਖਦੀ ਰਹਿੰਦੀ ਹਾਂ।